RNI No. - PUNPUN/2022/82997

ISSN : 2584-1211

# ਆਪਣੀ ਆਵਾਜ਼

## अपनी आवाज़

## APNI AAWAAZ


| Vol. 5 | Issue 2 | February 2026 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 5 | ਅੰਕ 2 | ਫਰਵਰੀ 2026 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਨੱਕਾਸ਼ ਚਿੱਤੇਆਣੀ

| ਸਾਲ 5 | Vol. 5 | ਅੰਕ 2 | Issue 2 | ਮਾਸਿਕ | Monthly | ਫਰਵਰੀ 2026 | February 2026 |
|---|---|---|---|---|---|---|---|


# Apni Aawaaz

Punjabi Monthly


**Editorial Board**

**Chief Editor**

**Surinder Singh Sunner**

693-GTB Nagar, Jalandhar Punjab

e-mail : ssunner@gmail.com

**Editor :**

**Dr. Ram Murti**

Village Mallian Khurd,

Tehsil Nakodar (144623)

e-mail : rammurti2014@gmail.com

**Members :**

Sant Sandhu

Surinder Khiwa

Baljit Singh Sangha

**Advisory Board :**

Prof. Harjit Singh Ashak (U.K.)

Principal Kulwinder Singh Sarai

Prof. Kulwant Aujla

Amarjit Kaur Sidhu

**Contact :**

+9194174-49665

+9198725-21575

Email : apniaawaazjal@gmail.com

Website : aapniawaaz.com


## ਇਸ ਅੰਕ ਵਿੱਚ


1. ਸੰਪਾਦਕੀ – ਲੇਖਕ ਦਾ ਧਰਮ — ਡਾ. ਰਾਮ ਮੂਰਤੀ 3
2. ਯਾਤਰਾ ਦੇਸ਼ ਵਿਦੇਸ਼ੀਂ — ਸੁਰਿੰਦਰ ਸਿੰਘ ਸੁੰਨੜ 4
3. ਅਮਰੀਕੀ ਸੁਰੱਖਿਆਵਾਦ, 2025 ਰੂਸ ਪਾਬੰਦੀਆਂ ਬਿੱਲ, ਅਤੇ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਵੱਖ ਹੋਣਾ: — ਕਿਸ਼ਨ ਸਨਮੁੱਖਦਾਸ ਭਾਵਨਾਨੀ 7
4. ਨੱਕਾਸ਼ ਚਿੱਤੇਆਣੀ ਦੀ ਕਵਿਤਾ — ਨੱਕਾਸ਼ ਚਿੱਤੇਵਾਣੀ 10
5. ਅੱਜ "ਨਵਾਂ ਕੈਲੰਡਰ" ਨਹੀਂ — ਡਾ. ਅਮਰਜੀਤ ਟਾਂਡਾ 12
6. ਸੰਘੇ ਖਾਲਸਾ ਦਾ ਸਲਾਨਾ ਖੇਡ ਮੇਲਾ ਅਤੇ ਸੱਭਿਆਚਾਰਕ ਸਮਾਗਮ ਸਫਲਤਾ ਸਹਿਤ ਸੰਪੰਨ 14
7. ਮੇਰੀ ਸਿਮਰਤੀ ਵਿਚ ਡਾ. ਜਸਵੰਤ ਸਿੰਘ ਨੇਕੀ — ਪ੍ਰੋ. ਸੁਰਿੰਦਰ ਬੀਰ 16
8. ਇਕ ਲੱਪ ਯਾਦਾਂ ਦੀ — ਭੁਪਿੰਦਰ ਉਸਤਾਦ 19
9. ਉਦਾਸ ਪਲ ਦਰੀਂ ਆਏ ਤਾਂ ਆਪ ਵਿਰਾ ਲੈਣਾ, ਲੋਕਾਂ ਕੋਲ ਗਏ ਤਾਂ ਹੰਝੂਆਂ ਦਾ ਵੀ ਮੁੱਲ ਪਾਉਣਗੇ — ਡਾ. ਅਮਰਜੀਤ ਟਾਂਡਾ 25
10. ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦਾ ਮੌਲਿਕ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਹੈ : ਪੰਜਾਬੀ ਦਾ ਮੁੱਢ — ਡਾ. ਰਾਮ ਮੂਰਤੀ 27
11. ਕੁਲਦੀਪ ਦੁਸਾਂਝ ਦੀ ਕਵਿਤਾਵਾਂ — ਕੁਲਦੀਪ ਦੁਸਾਂਝ 30
12. ਗੀਤ – ਨਵੇਂ ਸਾਲ ਲਈ — ਬਲਵਿੰਦਰ ਬਾਲਮ 31
13. ਡਾ. ਕਿਰਨਦੀਪ ਕੌਰ ਤੇ ਕਸ਼ਮੀਰ ਸਿੰਘ ਦੇ ਕਹਾਣੀ ਸੰਗ੍ਰਹਿ ਰਿਲੀਜ਼ — (ਰਿਪੋਰਟ) 32
14. "ਪੁਸਤਕ ਦਾਨ-ਮਹਾਂਦਾਨ" — (ਰਿਪੋਰਟ) 33
15. ਹਿੰਦੀ ਕਵਿਤਾ — ਵਿਨੋਦ ਵਿੱਠਲ 34
16. ਇਕੱਲੀ ਹੀ ਸਵਾ ਲੱਖ ਹਾਂ ਮੈਂ / 'ਮਿੱਤਰ' ਮਨਜੀਤ ਦੀਆਂ ਦੋ ਕਵਿਤਾਵਾਂ — ਰਮਿੰਦਰ ਰੰਮੀ/ਮਿਤਰ ਮਨਜੀਤ 35

76. ਕਾਤਲ ਬਣਦੀ ਜਾ ਰਹੀ ਚਾਈਨਾ ਡੋਰ — ਸੰਜੀਵ ਸਿੰਘ ਸੈਣੀ 36
17. ਭਾਰਤੀਆਂ ਦੀ ਕਨੇਡਾ ਵਿੱਚ ਆਮਦ (ਭਾਗ-2) — ਸੁਰਿੰਦਰ ਸੰਘਾ 38
18. ਹਰਦੀਪ ਸੱਭਰਵਾਲ ਦੀਆਂ ਦੋ ਕਵਿਤਾਵਾਂ — ਹਰਦੀਪ ਸੱਭਰਵਾਲ 45
19. ਜਸਵੀਰ ਸਿੰਘ ਸ਼ਾਇਰ ਦੀਆਂ ਦੋ ਕਾਵਿ-ਰਚਨਾਵਾਂ — ਜਸਵੀਰ ਸਿੰਘ ਸ਼ਾਇਰ 46
20. ਮਾਈਕਲ ਫੈਰਾਡੇ — ਡਾ. ਹਰੀਸ਼ ਮਲਹੋਤਰਾ 47
21. 20 ਜੂਨ 1977 ਦਾ ਯਾਦਗਾਰੀ ਦਿਨ — ਚੇਤਨ ਸਿੰਘ 55
21. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ — ਜਗਦੀਸ਼ ਰਾਏ ਕੁਲਰੀਆਂ 57
22. ਪਰਮਿੰਦਰ ਸਿੰਘ 'ਅਜੀਜ਼' ਦੀਆਂ ਤਿੰਨ ਗ਼ਜ਼ਲਾਂ — ਪਰਮਿੰਦਰ ਸਿੰਘ 'ਅਜੀਜ਼' 64
23. ਡਾ. ਹਰਭਜਨ ਸਿੰਘ ਕਪੂਰਥਲਾ ਦੀਆਂ ਦੋ ਕਵਿਤਾਵਾਂ — ਡਾ. ਹਰਭਜਨ ਸਿੰਘ 65
21. ਪੰਜਾਬ ਦੀ ਵਿਰਾਸਤ ਤੇ ਵਰਤਮਾਨ ਦੀ ਕਵਿਤਾ .... — ਡਾ ਰਾਮ ਮੂਰਤੀ 66



**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**



# ਆਪਣੀ ਆਵਾਜ਼

693-ਗੁਰੂ ਤੇਗ਼ ਬਹਾਦਰ ਨਗਰ,

ਜਲੰਧਰ, ਪੰਜਾਬ-144001

# APNI AAWAAZ

693 - Guru Teg Bahadur Nagar,

Jalandhar, Punjab-144001

**ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ**



# ਲੇਖਕ ਦਾ ਧਰਮ

ਲੇਖਕ ਸਾਡੇ ਸਮਾਜ ਦਾ ਇੱਕ ਅਹਿਮ ਅੰਗ ਹੈ। ਲੇਖਕ ਦੁਆਰਾ ਲਿਖੀਆਂ ਲਿਖਤਾਂ ਸਮਾਜ ਨੂੰ ਉਸਾਰੂ ਲੀਹਾਂ ’ਤੇ ਤੋਰ ਸਕਦੀਆਂ ਹਨ। ਲੇਖਕ ਹੋਣਾ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਜ਼ੁੰਮੇਵਾਰੀ ਹੈ। ਇਹ ਜ਼ੁੰਮੇਵਾਰੀ ਲੇਖਕ ਨੂੰ ਸਮਾਜ ਪ੍ਰਤੀ, ਲੋਕਾਂ ਪ੍ਰਤੀ ਤੇ ਕਾਇਨਾਤ ਪ੍ਰਤੀ ਉਸਦੇ ਬਣਦੇ ਫਰਜਾਂ ਪ੍ਰਤੀ ਕਰਮੱਠਤਾ ਨਾਲ ਨਿਭਾਉਣੀ ਪੈਂਦੀ ਹੈ। ਲੇਖਕ ਦੋ ਕਿਸਮ ਦੇ ਹੁੰਦੇ ਹਨ, ਇੱਕ ਉਹ ਜੋ ਸੱਤਾ ਦੇ ਪੌਡੇ ਬਣਦੇ ਹਨ, ਸਰਕਾਰਾਂ ਨਾਲ ਰਲ ਕੇ ਚਲਦੇ ਹਨ ਤੇ ਇਨਾਮਾਂ ਸਨਮਾਨਾਂ ਦੀ ਦੌੜ ਵਿੱਚ ਸ਼ਾਮਿਲ ਹੁੰਦੇ ਹਨ। ਅਜਿਹੇ ਲੇਖਕਾਂ ਨੂੰ ਦਰਬਾਰੀ ਲੇਖਕ ਜਾਂ ਸਰਕਾਰੀ ਲੇਖਕ ਵੀ ਕਿਹਾ ਜਾਂਦਾ ਹੈ। ਅਜਿਹੇ ਲੇਖਕ ਅਕਸਰ ਸਰਕਾਰਾਂ ਦੁਆਰਾ ਨਿਵਾਜੀਆਂ ਉੱਚੀਆਂ ਕੁਰਸੀਆਂ ਉੱਪਰ ਬਿਰਾਜਮਾਨ ਹੁੰਦੇ ਹਨ ਅਤੇ ਸਰਕਾਰਾਂ ਦੀਆਂ ਨੀਤੀਆਂ ਮੁਤਾਬਕ ਹੀ ਲਿਖਦੇ ਹਨ। ਇਸ ਕਿਸਮ ਦੇ ਲੇਖਕਾਂ ਵਿੱਚੋਂ ਇੱਕ ਕਿਸਮ ਅਜਿਹੇ ਲੇਖਕਾਂ ਦੀ ਵੀ ਹੁੰਦੀ ਹੈ ਜੋ ਉਨਾ ਚਿਰ ਹੀ ਲਿਖਦੇ ਹਨ ਜਿੰਨੀ ਦੇਰ ਤੱਕ ਕੋਈ ਉੱਚੀ ਕੁਰਸੀ ਪ੍ਰਾਪਤ ਨਹੀਂ ਹੋ ਜਾਂਦੀ। ਜਦੋਂ ਕੋਈ ਵੱਡਾ ਸਨਮਾਨ ਜਾਂ ਕੁਰਸੀ ਸਰਕਾਰਾਂ ਵੱਲੋਂ ਨਵਾਜ਼ ਦਿੱਤੀ ਜਾਂਦੀ ਹੈ ਤਾਂ ਅਜਿਹੇ ਲੇਖਕ ਅਕਸਰ ਲਿਖਣਾ ਵੀ ਛੱਡ ਜਾਂਦੇ ਹਨ। ਦੂਸਰੀ ਕਿਸਮ ਦੇ ਲੇਖਕ ਲੋਕਾਂ ਦੇ ਲੇਖਕ ਹੁੰਦੇ ਹਨ ਜੋ ਸਮਾਜ ਪ੍ਰਤੀ, ਲੋਕਾਂ ਪ੍ਰਤੀ, ਕੁਦਰਤ ਪ੍ਰਤੀ ਬਣਦੇ ਆਪਣੇ ਫਰਜਾਂ ਨੂੰ ਪਹਿਚਾਣ ਕੇ ਕਲਮ ਚਲਾਉਂਦੇ ਹਨ। ਅਜਿਹੇ ਲੇਖਕ ਅਕਸਰ ਸਰਕਾਰੀ ਨੀਤੀਆਂ ਜੋ ਲੋਕ ਵਿਰੋਧੀ ਹੋਇਆ ਕਰਦੀਆਂ ਹਨ , ਉਹਨਾਂ ਦੇ ਖਿਲਾਫ਼ ਆਪਣੀ ਆਵਾਜ਼ ਉਠਾਉਂਦੇ ਹਨ। ਸਥਾਪਤੀ/ਸੱਤਾ ਜਾਂ ਸਰਕਾਰ ਅਜਿਹੇ ਲੇਖਕਾਂ ਨੂੰ ਕਈ ਵਾਰ ਦੰਡਿਤ ਵੀ ਕਰਦੀ ਹੈ। ਜੇ ਦੰਡਤ ਨਹੀਂ ਕਰਦੀ ਤਾਂ ਅਜਿਹੇ ਲੇਖਕਾਂ ਦੀ ਅਣਦੇਖੀ ਜ਼ਰੂਰ ਕਰਦੀ ਹੈ। ਪੱਤਰਕਾਰਤਾ ਦੇ ਖੇਤਰ ਵਿੱਚ ਵੀ ਅਜਿਹੀ ਦੋ ਕਿਸਮ ਦੇ ਪੱਤਰਕਾਰ ਹੋਇਆ ਕਰਦੇ ਹਨ। ਇਕ ਜੋ ਲੋਕ ਹਿੱਤ ਵਿੱਚ ਖੜਨ ਵਾਲੇ ਹੁੰਦੇ ਹਨ। ਅਜਿਹੇ ਲੇਖਕ ਸਰਕਾਰਾਂ ਨੂੰ ਸਵਾਲ ਕਰਦੇ ਹਨ। ਸਵਾਲ ਕਰਨਾ ਕਾਰਪੋਰੇਟ ਪੱਖੀ ਸਰਕਾਰਾਂ ਨੂੰ ਚੰਗਾ ਨਹੀਂ ਲੱਗਦਾ। ਇਸ ਕਰਕੇ ਅਜਿਹੇ ਲੇਖਕਾਂ/ਪੱਤਰਕਾਰਾਂ ਨੂੰ ਅਕਸਰ ਆਪਣੀਆਂ ਨੌਕਰੀਆਂ ਵੀ ਗਵਾਉਣੀਆਂ ਪੈਂਦੀਆਂ ਹਨ ਤੇ ਸਰਕਾਰੀ ਦਮਨ ਦਾ ਸ਼ਿਕਾਰ ਹੋਣਾ ਪੈਂਦਾ ਹੈ। ਲੇਕਿਨ ਸਮੇਂ ਦੇ ਚਿੱਤਰ ਪਟ ’ਤੇ ਇਤਿਹਾਸ ਦੇ ਪੰਨੇ ਤੇ ਅਜਿਹੇ ਲੇਖਕ/ਪੱਤਰਕਾਰ ਹੀ ਆਪਣੇ ਨਿਸ਼ਾਨ ਛੱਡਦੇ ਹਨ ਜੋ ਲੋਕਾਂ ਦੇ ਹਿੱਤ ਵਿੱਚ ਖੜੋ ਕੇ ਕਲਮ ਚਲਾਉਂਦੇ ਹਨ। ਅਜਿਹੇ ਲੇਖਕਾਂ ਨੂੰ ਲੋਕ ਹਮੇਸ਼ਾ ਆਪਣੇ ਸੀਨਿਆਂ ਅੰਦਰ ਸੰਭਾਲ ਕੇ ਰੱਖਦੇ ਹਨ। ਅਜਿਹੇ ਲੇਖਕਾਂ ਦਾ ਇਤਿਹਾਸ ਲੋਕਾਂ ਦੇ ਮਨਾਂ ਵਿੱਚ, ਲੋਕਾਂ ਦੀਆਂ ਰੂਹਾਂ ’ਤੇ ਲਿਖਿਆ ਜਾਂਦਾ ਹੈ। ਬਹੁਤੀ ਵਾਰ ਅਜਿਹੇ ਲੇਖਕ ਜਾਂ ਪੱਤਰਕਾਰ ਸਰਕਾਰਾਂ ਦੁਆਰਾ ਲਿਖਵਾਏ ਜਾਂਦੇ ਸਾਹਿਤ ਤੇ ਪੱਤਰਕਾਰਤਾ ਦੇ ਇਤਿਹਾਸਾਂ ਵਿੱਚ ਭਾਵੇਂ ਨਾ ਆਉਣ ਪਰ ਉਹ ਲੋਕਾਂ ਦੇ ਸੀਨਿਆਂ ਉੱਪਰ ਸਦੀਵੀ ਹਰਫ਼ ਬਣ ਕੇ ਜ਼ਰੂਰ ਉਕਰ ਜਾਂਦੇ ਹਨ।

- ਡਾ. ਰਾਮ ਮੂਰਤੀ

# ਯਾਤਰਾ ਦੇਸ਼ ਵਿਦੇਸ਼ੀਂ



**ਸੁਰਿੰਦਰ ਸਿੰਘ ਸੁੰਨੜ**

ਵੈਨਚੁਰਾ ਦੀਆਂ ਸਿੱਖ ਸੰਗਤਾਂ ਐਤਵਾਰ ਦੇ ਦੀਵਾਨ ਵਿੱਚ ਗੁਰੂ ਚਰਨਾਂ ਦਾ ਨਿੱਘ ਪ੍ਰਾਪਤ ਕਰ ਰਹੀਆਂ ਸਨ। ਸੰਗਤ ਨਾਲ ਵਿਚਾਰ ਸਾਂਝੇ ਕਰਨ ਉਪਰੰਤ ਅਰਦਾਸ ਕੀਤੀ. ਦੇਸ਼ ਵਿਦੇਸ਼ਾਂ ਦੀ ਯਾਤਰਾ ’ਤੇ ਜਾ ਰਿਹਾ ਹਾਂ ਮੇਹਰ ਕਰਨੀ ਐਸੇ ਮੇਲ ਮਿਲਾਉਣੇ ਜਿਨ੍ਹਾਂ ਦੇ ਮਿਲਿਆਂ ਗੁਰਮਤਿ ਅਤੇ ਪੰਜਾਬੀਅਤ ਦੀ ਖੁਸ਼ਬੋ ਆਵੇ। ਇਸ ਯਾਤਰਾ ਵਿੱਚ ਜੋ ਲੌਸ ਏਂਜਲਸ ਤੋਂ ਸ਼ੁਰੂ ਹੋਈ ਇੰਗਲੈਂਡ, ਡਮਾਸਕਸ ਸੀਰੀਆ, ਯੂ.ਏ. ਈ. ਅਤੇ ਪੰਜਾਬ ਵਿੱਚ ਹੋਏ ਅਭਿਆਸ ਸਾਂਝੇ ਕਰਨਾ ਚਾਹੁੰਦਾ ਹਾਂ।

ਆਮ ਤੌਰ ਤੇ ਲੋਕ ਧਰਮ ਅਸਥਾਨਾ ਦੀ ਯਾਤਰਾ ਕਰਨ ਜਾਂਦੇ ਹਨ, ਜਾਂ ਫਿਰ ਪਹਾੜਾਂ ਤੇ ਜਾਂ ਸਮੁੰਦਰ ਕੰਢੇ ਜਾਣਾ ਪਸੰਦ ਕਰਦੇ ਹਨ। ਮੇਰੇ ਵੱਲ ਦੇਖੋ ਧਰਮ ਅਸਥਾਨ ਤੇ ਅਰਦਾਸ ਕਰਕੇ ਤੁਰਿਆ ਤੇ ਤੁਰਿਆ ਐਸੇ ਸ਼ਹਿਰ ਵੈਨਚੂਰਾ ਤੋਂ ਜਿਸਦੇ ਤਿੰਨ ਪਾਸੇ ਪਹਾੜ ਹਨ, ਸਾਡੇ ਘਰੋਂ ਪਹਾੜ ਨਜਰ ਆਉਂਦੇ ਹਨ। ਇੱਕ ਪਾਸੇ ਦੁਨੀਆਂ ਦਾ ਸਭ ਤੋਂ ਵੱਡਾ ਸਮੁੰਦਰ ਸ਼ਾਂਤ ਮਹਾਂ ਸਾਗਰ ਲਗਦਾ ਹੈ। ਜੇ ਕਿਸੇ ਉੱਚੀ ਪਹਾੜੀ ’ਤੇ ਚੜ੍ਹ ਕੇ ਦੇਖੀਏ ਤਾਂ ਇਵੇਂ ਲਗਦਾ ਜਿਵੇਂ ਕਿਸੇ ਨੇ ਇਸ ਸ਼ਹਿਰ ਨੂੰ ਇਕ ਬੱਚੇ ਦੀ ਤਰ੍ਹਾਂ ਢਾਕੇ ਲਾਇਆ ਹੋਇਆ ਹੋਵੇ।

15 ਅਕਤੂਬਰ 2003 ਨੂੰ ਮੈਂ ਇੰਗਲੈਂਡ ਪਹੁੰਚਾ, ਕਈ ਰਿਸ਼ਤੇਦਾਰ ਬਹੁਤ ਦੇਰ ਬਾਅਦ ਮਿਲੇ, ਬੜਾ ਦਿਲ ਖੁਸ਼ ਹੋਇਆ ਮੇਲੇ ਗੇਲੇ ਕਰਕੇ।

ਇੰਗਲੈਂਡ ਵਿੱਚ ਰਹਿੰਦੇ ਜਿੰਨੇ ਕੁ ਆਪਨੇ ਲੋਕ ਮੈਨੂੰ ਮਿਲੇ, ਸਾਰਿਆਂ ਨੇ ਬੜਾ ਪਿਆਰ ਦਿੱਤਾ। ਦਿਨੇ ਕੰਮ ਕਾਰ ਕਰਕੇ ਸ਼ਾਮ ਨੂੰ ਇਕ ਦੂਜੇ ਨੂੰ ਲਭਦੇ ਫਿਰਦੇ, ਵਾਰੀ ਵਾਰੀ ਕਿਸੇ ਇਕ ਦੇ ਘਰ ਇਕੱਠੇ ਹੋ ਕੇ ਗੱਪ ਛੜੱਪ ਲਾਉਂਦੇ ਆਪਨਾ ਮਨੋਰੰਜਨ ਕਰਦੇ ਭਾਵੇਂ ਥੋੜੇ ਸਮੇਂ ਲਈ ਜਾਣ ਪਰ ਬਾਹਰ ਕਲੱਬ ਬਗੈਰਾ ਜਰੂਰ ਜਾਂਦੇ । ਬਿੱਲ ਪੇਅ ਕਰਨ ਲੱਗੇ ਇਕ ਦੂਜੇ ਦੇ ਮੋਹਰੇ ਹੋ ਹੋ ਕੇ ਪੈਸੇ ਦੇਂਦੇ। ਮੈਨੂੰ ਤਾਂ ਉਨ੍ਹਾਂ ਨੇ ਜਿਵੇਂ ਹੱਥਾਂ ਤੇ ਚੁੱਕੀ ਰੱਖਿਆ ਸਮਾਂ ਇਸ ਤਰਾਂ ਬੀਤ ਗਿਆ ਪਤਾ ਹੀ ਨਾ ਲੱਗਿਆ।

ਜਿਸ ਦਿਨ ਮੈਂ ਇੰਗਲੈਂਡ ਪਹੁੰਚਾ ਉਸੇ ਦਿਨ ਤੋਂ ਹੀ ਅਸੀਂ ਯਤਨ ਕਰਨਾ ਸ਼ੁਰੂ ਕਰ ਦਿੱਤਾ ਕਿ ਅਮ੍ਰਿਤਸਰ ਜਾਂ ਦਿੱਲੀ ਦੀ ਇੱਕ ਸੀਟ ਮਿਲ ਜਾਵੇ, ਦੀਵਾਲੀ ਦੀਆਂ TEEL TE ਖੁਸ਼ੀਆਂ ਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਵਿੱਚ ਸ਼ਾਮਲ ਹੋਣ ਲਈ ਜਿਵੇਂ ਸਾਰਾ ਇੰਗਲੈਂਡ ਭਾਰਤ ਜਾ ਰਿਹਾ ਸੀ। ਕੋਈ ਵੀ ਸੀਟ ਨਹੀਂ ਸੀ ਮਿਲ ਰਹੀ। ਲੇਕਿਨ ਮੈਂ ਜਾਣਾ ਤਾਂ ਜਰੂਰ ਸੀ, ਭੱਜ ਨੱਠ ਕੇ ਇੱਕ ਟਿਕਟ ਦਾ ਪ੍ਰਬੰਧ ਹੋਇਆ। ਡਮਾਸਕਸ ਠਹਿਰਨਾ ਪੈਣਾ ਸੀ, ਫਿਰ ਸ਼ਾਰਜਾਹ ਯੂ ਏ ਈ ਵਿੱਚ ਵੀ ਸਮਾਂ ਬਿਤਾਉਣਾ ਪੈਣਾ ਸੀ। ਮੈਂ ਪਹਿਲਾਂ ਤਾਂ ਡਰ ਗਿਆ ਅਮੈਰੀਕਨ ਪਾਸਪੋਰਟ ਤੇ ਯਾਤਰਾ ਕਰ ਰਿਹਾ ਹਾਂ ਇਸ ਰਸਤੇ ਮੈਨੂੰ ਕਿਤੇ ਕਿਸੇ ਕਿਸਮ ਦੀ ਤੰਗੀ ਨਾ ਆਵੇ । ਪਰ ਆਪਨੇ ਸਿਰ ਤੇ ਬੱਧੀ ਪੱਗ ਦੇ ਆਸਰੇ, ਕਿਸੇ ਨੇ ਸੋਚਣਾ ਹੀ ਨਹੀਂ ਕਿ ਮੈਂ ਕਿੱਥੋ ਦਾ ਵਸ਼ਿੰਦਾ ਹਾਂ, ਇਹ ਸੋਚ ਕੇ ਅਰਬ ਦੇਸ਼ਾਂ ਦੇ ਵਿੱਚੋਂ ਦੀ ਹੋ ਤੁਰਿਆ।

ਡਮਾਸਕਸ ਸੀਰੀਆ ਵਿੱਚ ਮੈਂ ਤਕਰੀਬਨ ਸਾਰਾ ਦਿਨ ਬਿਤਾਇਆ।

ਇੰਟਰਨੈਸ਼ਨਲ ਏਅਰਪੋਰਟ ਤੇ ਬਹੁਤ ਦੇਸ਼ਾਂ ਦੇ ਲੋਕ ਤੁਰ ਫਿਰ ਰਹੇ ਸਨ। ਕਾਫੀ ਭੀੜ ਭੜੱਕਾ ਸੀ, ਇੱਕ ਜਵਾਨ ਗੱਭਰੂ ਮੇਰੇ ਵੱਲ ਬੜਾ ਗਹੁ ਨਾਲ ਦੇਖ ਰਿਹਾ ਸੀ ਜਿਵੇਂ ਮੈਨੂੰ ਕੁਝ ਕਹਿਣਾ ਚਾਹੁੰਦਾ ਹੋਵੇ । ਉਸ ਨੇ ਉੱਠਣ ਦਾ ਯਤਨ ਵੀ ਕੀਤਾ ਲੇਕਨ ਫਿਰ ਟੇਡਾ ਹੋ ਗਿਆ। ਮੈਂ ਦੇਖਿਆ ਓਹ ਮੇਰੇ ਵੱਲ ਬਹੁਤ ਨੀਝ ਨਾਲ ਦੇਖ ਰਿਹਾ ਸੀ, ਉਸ ਨੇ ਇਸ਼ਾਰਾ ਕੀਤਾ ਜਿਵੇਂ ਮੈਨੂੰ ਬੁਲਾ ਰਿਹਾ ਹੋਵੇ। ਮੈਂ ਹੌਲੀ ਹੌਲੀ ਉਸ ਦੇ ਕੋਲ ਚਲਾ ਗਿਆ। ਉਸ ਦੇ ਗਲ ਦੀ ਚੇਨ ਵਿੱਚ ੴ ਲਟਕਦਾ ਦੇਖ ਕੇ ਮੈਨੂੰ ਪਤਾ ਲੱਗ ਗਿਆ ਕਿ ਮੁੰਡਾ ਪੰਜਾਬੀ ਹੈ। ਦੋਵੇਂ ਹੱਥ ਜੋੜ ਕੇ ਉਸ ਨੇ ਸਤਿ ਸ਼੍ਰੀ ਅਕਾਲ ਕਿਹਾ ਲੇਕਨ ਹੋ ਸਕਦਾ ਉਸ ਨੂੰ ਆਪਨੇ ਆਪ ਕੋਲੋਂ ਸੰਗ ਆਈ ਹੋਵੇ ਕਿ ਉਹ ਵੀ ਸਿੱਖ ਹੈ। ਉਸ ਨੇ ਏਨੀ ਸ਼ਰਾਬ ਪੀਤੀ ਹੋਈ ਸੀ

ਕਿ ਹੋਸ਼ ਵਿੱਚ ਨਹੀਂ ਸੀ ਪਰ ਉਸ ਨੇ ਏਨਾ ਪਹਿਚਾਣ ਲਿਆ ਕਿ ਅਸੀਂ ਦੋਵੇਂ ਇਕ ਹੀ ਧੁਰੇ ਟਿਕਾਣੇ ਦੇ ਹਾਂ।

ਦੂਸਰੇ ਪਾਸੇ ਮੈਂ ਦੇਖਿਆ ਬਹੁਤ ਲੋਕ ਬੈਠੇ ਸਨ। ਵਿਹਲੀ ਜਿਹੀ ਜਗ੍ਹਾ ਦੇਖ ਮੈਂ ਬੈਠਿਆ ਹੀ ਸਾਂ ਕਿ ਮੇਰੇ ਕੰਨਾਂ ਵਿੱਚ ਆਵਾਜ ਪਈ ਵਾਹਿਗੁਰੂ। ਮੈਂ ਸੋਚਿਆ ਸ਼ਾਇਦ ਮੈਨੂੰ ਭੁਲੇਖਾ ਲੱਗਾ। ਫਿਰ ਆਵਾਜ਼ ਆਈ ਵਾਹੇਗੁਰੂ ਮੈਂ ਘੁੰਮ ਕੇ ਦੇਖਿਆ ਤਾਂ ਇਕ ਸਫੈਦਪੋਸ਼ ਖੁੱਲ੍ਹੀ ਦਾਹੜੀ ਲੇਕਿਨ ਸਿਰ ਤੇ ਕੱਪੜਾ ਜਿਹਾ, ਨਾ ਟੋਪੀ ਵਰਗਾ ਨਾ ਪੱਗ ਵਰਗਾ। ਮੈਂ ਸੋਚਿਆ ਕੋਈ ਧਾਰਮਕ ਖਿਆਲਾਂ ਦਾ ਮੁਸਲਮਾਨ ਹੈ। ਥੋੜਾ ਜਿਹਾ ਉਸ ਵੱਲ ਝੁਕ ਕੇ ਮੈਂ ਉਸ ਨੂੰ ਇਸਲਾਮਾਂ ਲੇਕਮ ਕਿਹਾ, ਉਸ ਨੇ ਵਾਲੇਕਮ ਇਸਲਾਮ ਆਖਕੇ ਠੇਠ ਪੰਜਾਬੀ ਵਿੱਚ ਵਾਰਤਾਲਾਪ ਸ਼ੁਰੂ ਕਰ ਦਿੱਤੀ ।ਥੋੜਾ ਚਿਰ ਤਾਂ ਮੈਨੂੰ ਮੇਰੇ ਕੰਨਾਂ ਤੇ ਯਕੀਨ ਹੀ ਨਾ ਆਇਆ ਕਿ ਏਨੀ ਸ਼ੁੱਧ ਪੰਜਾਬੀ ਇਹ ਕਿਵੇਂ ਬੋਲ ਰਿਹਾ ਹੈ।

ਉਸ ਦੇ ਨਾਲ ਵਾਰਤਾਲਾਪ ਕਰਕੇ ਮੈਨੂੰ ਆਪਣੇ ਆਪ ਤੇ ਸੰਗ ਜਿਹੀ ਆਈ। ਗੱਲਬਾਤ ਕਰਨ ਤੇ ਪਤਾ ਲੱਗਾ ਕੇ ਉਹ ਪਾਕਿਸਤਾਨੀ ਹੈ ਲੇਕਿਨ ਹੈ ਪੰਜਾਬੀ।

ਕੁਰਾਨ ਸ਼ਰੀਫ ਦੀਆਂ ਤੇ ਜਪੁਜੀ ਸਾਹਿਬ ਦੀਆਂ ਏਦਾਂ ਗੱਲਾਂ ਕਰੇ ਜਿਵੇਂ ਉਸ ਨੂੰ ਸਭ ਕੁਝ ਜੁਬਾਨੀ ਯਾਦ ਹੋਵੇ। ਆਪਣਾ ਦਰਦ ਫੋਲਦਿਆਂ ਦੱਸਿਆ ਰੋਜੇ ਰੱਖਦੇ ਹਾਂ, ਨਮਾਜ ਪੜ੍ਹਦੇ ਹਾਂ, ਮੁਸਲਮਾਨ ਹਾਂ ਲੇਕਿਨ ਅਸੀਂ ਗੁਰੂ ਨਾਨਕ ਦੇ ਐਸੇ ਸਿੱਖ ਹਾਂ ਕਿ ਸਾਨੂੰ ਕਦੇ ਕਿਸੇ ਨੇ ਸਿੱਖ ਮੰਨਿਆਂ ਹੀ ਨਹੀਂ- ਹਜ਼ਾਰਾਂ ਦੀ ਤਾਦਾਦ ਹੈ ਪੀਰ ਬੁੱਧੂ ਸ਼ਾਹ ਨੂੰ ਮੰਨਣ ਵਾਲਿਆਂ ਦੀ ਸਾਰੇ ਦੇ ਸਾਰੇ ਨਮਾਜ ਵੀ ਪੜ੍ਹਦੇ ਹਨ ਤੇ ਜਪੁਜੀ ਸਾਹਿਬ ਦਾ ਨਿੱਤਨੇਮ ਵੀ ਕਦੇ ਨਹੀਂ ਖੁੰਝਣ ਦੇਂਦੇ। ਉਸ ਦੇ ਨਾਲ ਵਾਰਤਾਲਾਪ ਕਰਕੇ ਮੈਨੂੰ ਆਪਣੇ ਆਪ ਤੇ ਸੰਗ ਜਿਹੀ ਆਈ। ਮੈਂ ਆਪਣੀ ਦਾੜ੍ਹੀ ਰੱਸੀ ਪਾ ਕੇ ਬੰਨੀਂ ਹੋਈ ਸੀ ਉਸ ਦੀ ਸੂਰਤ ਦੇਖ ਕੇ ਤੇ ਉਸ ਦੇ ਨਾਲ ਵਿਚਾਰ ਵਟਾਂਦਰਾ ਕਰਕੇ ਮੈਨੂੰ ਆਪਣੀ ਹਾਲਤ ਉਸ ਮੁੰਡੇ ਵਰਗੀ ਲੱਗੀ ਜੋ ਮੈਨੂੰ ਕੁਝ ਦੇਰ ਪਹਿਲਾਂ ਉਸੇ ਸ਼ਹਿਰ ਵਿੱਚ ਮਿਲਿਆ ਸੀ । ਮੈਂ ਆਪਣੇ ਆਪ ਨੂੰ ਨਿੱਕਾ ਜਿਹਾ ਮਹਿਸੂਸ ਕਰਦਾ ਉਸ ਦੀਆਂ ਗੱਲਾਂ ਸੁਣਦਾ ਰਿਹਾ, ਉਲਾਂਭਾ ਦੇ ਰਿਹਾ ਸੀ, ਸਿੱਖ ਹਾਂ ਪਰ ਸਾਡੀ ਪਹਿਚਾਣ ਸਿੱਖਾਂ ਵਿੱਚ ਨਹੀਂ ਹੁੰਦੀ।

ਮਾਸਕਟ ਦੁਬਈ ਦਾ ਨਾਂ ਮੈਂ ਬਹੁਤ ਸੁਣਿਆਂ ਸੀ। ਇਹ ਵੀ ਸੁਣਿਆਂ ਸੀ ਕਿ ਪੰਜਾਬੀ ਇਸ ਇਲਾਕੇ ਵਿੱਚ ਬਹੁਤ ਹਨ। ਲੇਕਿਨ ਪਹਿਲੀ ਵਾਰ ਅੱਖੀਂ ਦੇਖਣ ਤੇ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ। ਹਜ਼ਾਰਾਂ ਸ਼ਾਇਦ ਲੱਖਾਂ ਪੰਜਾਬੀ ਇਸ ਇਲਾਕੇ ਵਿੱਚ ਰਹਿੰਦੇ ਹਨ। ਪਤਾ ਲੱਗਾ ਕੇ ਕਈ ਗੁਰਦੁਆਰੇ ਵੀ ਹਨ ਇਸ ਇਲਾਕੇ ਵਿੱਚ। ਬਹੁਤ ਲੋਕ ਦੇਖਣ ਤੋਂ ਸਿੱਖ ਲਗਦੇ ਹਨ। ਇਵੇਂ ਲਗਦਾ ਜਿਵੇਂ ਪੰਜਾਬੀ ਇਸ ਇਲਾਕੇ ਦੇ ਵਾਸੀ ਹੋ ਗਏ ਹਨ, ਘਰ ਬਾਹਰ ਕਾਰੋਬਾਰ ਉਨ੍ਹਾ ਦੇ ਆਪਣੇ ਹਨ। ਮੈਨੂੰ ਜਿੱਥੇ ਇਹ ਜਾਣ ਕੇ ਖੁਸ਼ੀ ਹੋਈ, ਉਸ ਦੇ ਨਾਲ ਨਾਲ ਇਹ ਜਾਣ ਕੇ ਦੁੱਖ ਵੀ ਹੋਇਆ ਕਿ ਆਉਣ ਵਾਲੇ ਕੁਝ ਸਾਲਾਂ ਵਿੱਚ ਸਾਰੇ ਦੇ ਸਾਰੇ ਪਰੀਵਾਰ ਜੋ ਯੂ. ਏ. ਈ. ਵਿੱਚ ਰਹਿ ਰਹੇ ਹਨ ਉਨ੍ਹਾ ਦੇ ਬੱਚੇ ਅਰਬੀ ਬਣ ਜਾਣਗੇ, ਕਿਉਂਕਿ ਸਕੂਲਾਂ ਵਿੱਚ ਅਰਬੀ ਪੜ੍ਹਦੇ ਅਰਬੀ ਬੋਲਦੇ ਅਰਬੀ ਸੱਭਿਆਚਾਰ ਵਿੱਚ ਵਿਚਰਦੇ। ਇਹ ਬੱਚੇ ਪੰਜਾਬੀ ਹਿੰਦੀ ਤੋਂ ਐਨੇ ਦੂਰ ਚਲੇ ਜਾਣਗੇ ਕਿ ਜੇ ਅਸੀਂ ਚਾਹੀਏ ਵੀ ਤਾਂ ਉਨ੍ਹਾਂ ਨੂੰ ਵਾਪਿਸ ਨਹੀਂ ਲਿਆ ਸਕਾਂਗੇ।

ਸ਼ਾਰਜਾਹ ਤੋਂ ਦਿੱਲੀ ਜਾਣ ਵਾਲੀ ਫਲਾਈਟ ਲੈਣੀ ਸੀ। ਜਹਾਜ਼ ਵਿੱਚ ਬਹਿੰਦਿਆਂ ਹੀ ਦੇਖਿਆ ਅੱਧ ਤੋਂ ਜਿਆਦਾ ਮੁਸਾਫ਼ਰ ਪੰਜਾਬੀ ਸਨ। ਉਨਾ ਵਿੱਚੋਂ ਬਹੁਤੇ ਟੁੰਨ ਸ਼ਰਾਬੀ, ਕਈਆਂ ਨੂੰ ਤਾਂ ਪ੍ਰਬੰਧਕਾਂ ਨੇ ਬੜੀ ਕੋਸ਼ਿਸ਼ ਕਰਕੇ ਸੀਟ ਤੇ ਬਿਠਾਇਆ। ਚਾਰ ਪੰਜ ਘੰਟਿਆਂ ਦਾ ਸਫਰ ਮੁੱਕਣ ਵਿੱਚ ਹੀ ਨਾ ਆਵੇ। ਜ਼ਿੰਦਗੀ ਵਿੱਚ ਪਹਿਲੀ ਵਾਰ ਦੇਖਿਆ ਕਿ ਸਾਰਾ ਰਸਤਾ ਅਧਿਓਂ ਵੱਧ ਸਵਾਰੀਆਂ ਖੜੀਆਂ ਹੀ ਜਾਣ। ਦਿੱਲੀ ਪਹੁੰਚੇ ਤਾਂ ਸੁਖ ਦਾ ਸਾਹ ਆਇਆ। ਚੈਕ ਆਉਟ ਵਾਸਤੇ ਕਤਾਰ ਵਿੱਚ ਮੈਂ ਖੜ੍ਹਾ ਸਾਂ, ਇੱਕ ਸਿੰਘ, ਸਿਰ ਤੇ ਪੱਗ ਭੀੜ ਦੇ ਲਾਗੇ ਆ ਕੇ ਡਿਗ ਪਿਆ। ਉਸ ਦੇ ਸਿਰ ਤੇ ਪੱਗ ਵੱਲ ਦੇਖਾਂ ਤੇ ਕਦੀ ਉਸ ਦੀ ਹਾਲਤ ਵੱਲ – ਮੇਰੇ ਮਨ ਵਿੱਚ ਆਇਆ ਇਹੋ ਜਿਹੇ ਲੋਕਾਂ ਨੂੰ ਕੀ, ਉਨ੍ਹਾਂ ਦੇ ਬੱਚੇ ਪੰਜਾਬੀ ਰਹਿਣ ਜਾਂ ਅਰਬੀ ਬਣ ਜਾਣ ਕੀ ਫਰਕ ਪੈਂਦਾ।

ਜਲੰਧਰ (ਪੰਜਾਬ) ਪਹੁੰਚ ਕੇ ਜਸਵਿੰਦਰ ਦੇ ਘਰ ਆਪਣਾ ਸਮਾਨ ਰੱਖ ਕੇ ਮੈਂ ਤੇ ਮੇਰਾ ਵੀਰ ਜਸਵਿੰਦਰ ਆਪਣੇ ਪਿੰਡ ਸੁਖਾਣੀ ਜ਼ਿਲ੍ਹਾ ਕਪੂਰਥਲਾ ਗਏ। ਮੈਂ ਬਹੁਤ ਸਾਰੇ ਯਾਰਾਂ ਤੇ ਰਿਸ਼ਤੇਦਾਰਾਂ ਨੂੰ ਮਿਲਿਆ। ਸਾਡੇ ਪਿੰਡ ਵਿੱਚ ਕਿਸੇ ਸਮੇਂ ਸਾਡਾ ਘਰ ਸਾਰੇ ਪਿੰਡ ’ਚੋਂ ਵਧੀਆ ਘਰ ਹੋਇਆ ਕਰਦਾ ਸੀ ਤੇ ਤਕਰੀਬਨ ਵੀਹ ਪਿੰਡਾਂ ਵਿੱਚ ਇੱਕ ਟਰੈਕਟਰ ਸੀ। ਮੇਰੀ ਉਮਰ

ਤਿੰਨ ਸਾਲ ਦੀ ਸੀ ਜਦੋਂ ਮੇਰੇ ਪਿਤਾ ਜੀ ਨੇ ਰੂਸ ਤੋਂ ਟਰੈਕਟਰ ਮੰਗਵਾਇਆ ਸੀ। ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਕਿ ਹੁਣ ਤਕਰੀਬਨ ਸਾਰੇ ਜਿਮੀਂਦਾਰਾਂ ਕੋਲ ਟਰੈਕਟਰ ਹਨ। ਬੜੇ ਹੀ ਵੱਡੇ ਵੱਡੇ ਮਕਾਨ ਪਾਏ ਹਨ। ਕਾਰ ਜਾਂ ਘੱਟੋ ਘੱਟ ਸਕੂਟਰ ਹਰ ਘਰ ਵਿੱਚ ਹੈ। ਬੜੀਆਂ ਅਜੀਬ ਸੋਚਾਂ ਵਿੱਚ ਗਵਾਚਿਆ ਮੈਂ ਵਾਪਿਸ ਜਲੰਧਰ ਪਹੁੰਚਿਆ।

ਅਗਲੇ ਦਿਨ ਜਸਵਿੰਦਰ ਜਦੋਂ ਬੈਂਕ ਦੀ ਨੌਕਰੀ ਕਰਕੇ ਵਾਪਿਸ ਆਇਆ ਤਾਂ ਮੈਂ ਸਵਾਲ ਕੀਤਾ ਕਿ ਲੋਕਾਂ ਕੋਲ ਐਨਾ ਪੈਸਾ ਕਿੱਥੋਂ ਆ ਗਿਆ? ਪਹਿਲਾਂ ਦਸ ਏਕੜ ਦੇ ਮਾਲਕ ਨੂੰ ਟਰੈਕਟਰ ਦਾ ਕਰਜਾ ਮਿਲਦਾ ਸੀ, ਹੁਣ ਤਾਂ ਇੱਕ ਦੋ ਏਕੜ ਦੀ ਫਰਦ ਲਾਉਣ ਨਾਲ ਹੀ ਕਰਜ਼ਾ ਮਿਲ ਜਾਂਦਾ, ਜਸਵਿੰਦਰ ਨੇ ਜਕਦੇ ਜਕਦੇ ਨੇ ਦੱਸ ਹੀ ਦਿੱਤਾ। ਮੈਂ ਹੈਰਾਨ ਸਾਂ ਅਸੀਂ ਕੈਲੇਫੋਰਨੀਆਂ ਦੇ ਬਿਜਨਸਮੈਨ ਹਾਂ ਪਰ ਮੇਰੇ ਘਰ ਤੋਂਪੰਜਾਬ ਵਿੱਚ ਰਹਿਣ ਵਾਲੇ ਮੇਰੇ ਸਾਰੇ ਰਿਸ਼ਤੇਦਾਰਾਂ ਦੇ ਘਰ ਵਧੀਆ ਹਨ। ਜਸਵਿੰਦਰ ਦੱਸਣਾ ਤਾਂ ਨਹੀਂ ਸੀ ਚਾਹੁੰਦਾ ਪਰ ਇਸ਼ਾਰਾ ਜਿਹਾ ਕਰ ਦਿੱਤਾ ਕਿ ਘਰ ਬਨਾਉਣ ਵਾਸਤੇ ਕਰਜ਼ਾ ਬਹੁਤ ਸੌਖਾ ਮਿਲ ਜਾਂਦਾ ਹੈ। ਮੇਰੇ ਮਨ ਵਿੱਚ ਪੰਜਾਬੀ ਦਾ ਗੀਤ ਗੂੰਜਣ ਲੱਗਾ- "ਪੁੱਤ ਸਰਦਾਰਾਂ ਦੇ ਚਿੱਟੇ ਚਾਦਰੇ ਜਮੀਨਾਂ ਗਹਿਣੇ।"

ਕੁਝ ਧਾਰਮਿਕ ਲੋਕਾਂ ਦੇ ਨਾਲ ਮਿਲ ਬੈਠਣ ਦਾ ਅਵਸਰ ਮਿਲਿਆ। ਭਾਵੇਂ ਉਨ੍ਹਾ ਦੇ ਧਾਰਮਿਕ ਬੋਲਾਂ ਵਿੱਚੋਂ ਰਾਜਨੀਤੀ ਦੀ ਗੱਲ ਧਰਮ ਤੇ ਹਾਵੀ ਸੀ ਫਿਰ ਵੀ ਗੱਲ ਕਰਨ ਨੂੰ ਦਿਲ ਕਰਦਾ ਸੀ, ਪਤਾ ਤਾਂ ਲੱਗੇ ਕਿ ਧਰਮ ਉੱਪਰ ਰਾਜਨੀਤੀ ਕਿੰਨੀ ਕੁ ਕਾਬਜ਼ ਹੈ। ਹਿੰਦੂ ਸਿੱਖ ਪੰਜਾਬੀ, ਪੰਜਾਬ ਵਿੱਚ ਇਸ ਤਰਾਂ ਰਹਿ ਰਹੇ ਹਨ ਜਿਵੇਂ ਉਨ੍ਹਾ ਨੂੰ ਇੱਕ ਦੂਜੇ ਦੀ ਭਾਸ਼ਾ ਹੀ ਸਮਝ ਨਹੀਂ ਆਉਂਦੀ। ਕਦੇ ਕਦੇ ਰਾਜਨੀਤਕ ਨਜ਼ਰੀਏ ਨਾਲ ਵੋਟਾਂ ਲੈਣ ਵਾਸਤੇ ਰਾਜਨੀਤਕ ਮੇਲ-ਜੋਲ ਤਾਂ ਕਰ ਲੈਂਦੇ ਹਨ ਪਰ ਜਿੱਥੋਂ ਤੱਕ ਧਰਮ ਦੀ ਗੱਲ ਹੈ ਜਾਂ ਭਾਸ਼ਾ ਦੀ ਗੱਲ ਹੈ ਤਾਂ ਇੱਕ ਦੂਜੇ ਦੇ ਕੱਟੜ ਵਿਰੋਧੀ ਹਨ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਜਿਸ ਧਰਤੀ ਨੂੰ ਗੁਰੂ ਨਾਨਕ ਵਰਗੇ ਅਵਤਾਰ ਦੀ ਚਰਨ ਛੋਹ ਪਰਾਪਤ ਹੋਈ ਹੋਵੇ, ਉਸ ਪੰਜਾਬ ਨੂੰ ਲੱਕ ਤੇ ਆਰਾ ਰੱਖ ਕੇ ਦੋ ਥਾਈਂ ਤਾਂ ਚਰੋਕਣੇ ਹੀ ਕਰ ਚੁੱਕੇ ਹਾਂ। ਗੁਰੂ ਨਾਨਕ ਦਾ ਜਨਮ ਅਸਥਾਨ ਸਿੱਖਾਂ ਲਈ ਪਰਦੇਸ ਬਣ ਗਿਆ, ਬਚਿਆ ਖੁਚਿਆ ਅੱਧਾ ਪੰਜਾਬ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ।ਅਸਲੀਪੰਜਾਬ ਦਾ ਸਤਵਾਂ ਹਿੱਸਾ ਅਜੋਕਾ ਪੰਜਾਬ ਬਹੁਤਾ ਖੁਸ਼ ਨਹੀਂ ਹੈ।

ਪਿਆਰ ਦੀ ਥਾਂ ਜਿੱਥੇ ਜ਼ਹਿਰ ਫੈਲ ਗਈ ਹੋਵੇ ਤਾਂ ਮੌਤ ਯਕੀਨਨ ਹੈ। ਗੁਰੂ ਨਾਨਕ ਦੀ ਸੱਚ ਦੀ ਬੋਲੀ ਨੂੰ ਜਾਣਦਿਆਂ ਹੋਇਆਂ ਆਪਣੇ ਆਪ ਨੂੰ ਝੂਠ ਦੀ ਬੁੱਕਲ ਵਿੱਚ ਲਕੋਈ ਫਿਰਦੇ ਧਾਰਮਿਕ ਲੋਕ ਹਰ ਧਰਮ ਦੀ ਤੌਹੀਨ ਕਰ ਰਹੇ ਹਨ। ਕਿਸੇ ਵੀ ਧਰਮ ਦਾ ਨੁਮਾਇੰਦਾ ਕਿਉਂ ਨਾ ਹੋਵੇ, ਜੇ ਅੱਜ ਜਲੰਧਰ ਬੈਠਾ ਇਹ ਕਹਿ ਰਿਹਾ ਹੈ ਕਿ ਉਸ ਦੀ ਮਾਂ-ਬੋਲੀ ਪੰਜਾਬੀ ਨਹੀਂ ਹੈ ਤਾਂ ਉਸ ਦੇ ਕੀ ਅਰਥ ਕੱਢੀਏ? ਪੰਜਾਬੀ ਨੇ ਕੀ ਵਿਗਾੜਿਆ ਕਿਸੇ ਦਾ ਭਾਸ਼ਾ ਦਾ ਕੀ ਕਸੂਰ ਸਮਝ ਨਹੀਂ ਲਗਦੀ। ਇਹ ਬੜੇ ਦੁਖਾਂਤ ਦੀ ਗੱਲ ਹੈ ਕਿ ਪੰਜਾਬ ਵਿੱਚ ਪੰਜਾਬੀ ਕਦਰਾਂ-ਕੀਮਤਾਂ ਰਾਜਨੀਤਕ ਕਚੈਹਰੀ ਵਿੱਚ ਤਰੀਕਾਂ ਭੁਗਤ ਰਹੀਆਂ ਹਨ।

ਕੋਈ ਸਮਾਂ ਸੀ ਰਾਜਨੀਤਕ ਤੌਰ ਤੇ ਪੰਜਾਬ ਦੀ ਗਿਣਤੀ ਬੜੇ ਮਹੱਤਵਪੂਰਨਤਰੀਕੇ ਨਾਲ ਕੀਤੀ ਜਾਂਦੀ ਸੀ। ਲੇਕਿਨ ਇਸ ਵਾਰ ਦੇਖ ਕੇ ਬੜਾ ਦਿਲ ਦੁਖਿਆ। ਅੱਜ ਪੰਜਾਬ ਦੀ ਸਿਆਸਤ ਆਪਣੀ ਕੁਰਸੀ ਬਰਕਰਾਰ ਰੱਖਣ ਲਈ ਸਿਰ ਧੜ ਦੀ ਬਾਜ਼ੀ ਲਾ ਰਹੀ ਹੈ। ਜਿਨ੍ਹਾ ਨੇ ਰਖਵਾਲੀ ਕਰਨੀ ਸੀ, ਉਹ ਆਪਸ ਵਿੱਚ ਹੀ ਲੜ ਲੜ ਕੇ ਮਰ ਚੱਲੇ ਹਨ। ਸਿੱਖ ਕਿਸੇ ਦੂਸਰੇ ਸਿੱਖ ਬਾਰੇ ਐਸੇ ਤੌਰ ਤਰੀਕੇ ਵਰਤੇ ਜਿਸ ਨਾਲ ਸਾਰੀ ਕੌਮ ਦਾ ਸਿਰ ਨੀਵਾਂ ਹੋ ਜਾਵੇ- ਇਹ ਕਿੱਥੋਂ ਦੀ ਸਿਆਸਤ ਹੋਈ? ਪੰਜਾਬ ਦੀ ਇਹ ਹਾਲਤ ਵੇਖੀ ਨਹੀਂ ਜਾਂਦੀ। ਅਰਦਾਸ ਹੀ ਕਰ ਸਕਦੇ ਹਾਂ- ਵਾਹਿਗੁਰੂ ਸਾਡੀ ਕੌਮ ਨੂੰ ਸੁਮੱਤ ਬਖਸ਼ੇ। ਅਸੀਂ ਇਹ ਨਾ ਭੁੱਲ ਜਾਈਏ ਕਿ ਅਸੀਂ ਕੌਣ ਹਾਂ। ਰਾਜੇ ਮਹਾਰਾਜਿਆਂ ਦੇ ਪੁੱਤ ਪੋਤਰੇ ਰਾਜਭਾਗ ਖਾਤਰ ਲੜਨ ਕੋਈ ਵੱਡੀ ਗੱਲ ਨਹੀਂ ਲੇਕਿਨ ਹਰ ਕਰਮ ਦੀ ਕੋਈ ਮਰਿਆਦਾ ਹੁੰਦੀ ਹੈ।

ਮਨ ਵਿੱਚ ਆਇਆ ਰੋਸ ਮੇਰੀ ਕਲਮ ਦੀ ਕੁੱਖ 'ਚੋਂ ਹੰਝੂ ਬਣ ਕੇ ਵਹਿ ਤੁਰਿਆ। ਭਾਵਕਤਾ ਵਿੱਚ ਕੁਝ ਵੱਧ ਘੱਟ ਲਿਖਿਆ ਗਿਆ ਹੋਵੇ ਜੋ ਕਿਸੇ ਪਾਠਕ ਨੂੰ ਚੰਗਾ ਨਾ ਲੱਗੇ ਤਾਂ ਮੇਰਾ ਮੁਆਫੀ ਮੰਗਣ ਦਾ ਹੱਕ ਨਾ ਖੋਹਣਾ। ਜੇ ਕਿਸੇ ਵਿਚਾਰ ਦੀ ਸਾਂਝ ਕਰਨ ਨੂੰ ਦਿਲ ਕਰੇ ਤਾਂ ਮੇਰੇ ਪਤੇ 'ਤੇ ਬਿਨਾਂ ਝਿਜਕ ਲਿਖ ਭੇਜਣਾ ਤਹਿ ਦਿਲੋਂ ਧੰਨਵਾਦੀ ਹੋਵਾਂਗਾ।

* * *

# ਅਮਰੀਕੀ ਸੁਰੱਖਿਆਵਾਦ, 2025 ਰੂਸ ਪਾਬੰਦੀਆਂ ਬਿੱਲ, ਅਤੇ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਵੱਖ ਹੋਣਾ: ਭਾਰਤ-ਅਮਰੀਕਾ ਸਬੰਧਾਂ ਅਤੇ ਗਲੋਬਲ ਆਰਡਰ 'ਤੇ ਇੱਕ ਡੂੰਘਾ ਸੰਕਟ-ਇੱਕ ਵਿਆਪਕ ਵਿਸ਼ਲੇਸ਼ਣ


**ਅਮਰੀਕਾ ਦੀ 500 ਪ੍ਰਤੀਸ਼ਤ ਤੱਕ ਦੀ ਸੰਭਾਵੀ ਟੈਰਿਫ ਯੋਜਨਾ ਦਾ ਭਾਰਤ ਦੇ ਫਾਰਮਾਸਿਊਟੀਕਲ, ਟੈਕਸਟਾਈਲ, ਆਟੋ ਪਾਰਟਸ, ਆਈਟੀ ਹਾਰਡਵੇਅਰ ਅਤੇ ਸਟੀਲ ਸੈਕਟਰਾਂ 'ਤੇ ਗੰਭੀਰ ਪ੍ਰਭਾਵ ਪੈ ਸਕਦਾ ਹੈ।**

2025 ਰੂਸ ਪਾਬੰਦੀਆਂ ਬਿੱਲ ਅਤੇ ਭਾਰਤ ਦੀ ਅਗਵਾਈ ਵਾਲੇ ਅੰਤਰਰਾਸ਼ਟਰੀ ਸੋਲਰ ਅਲਾਇੰਸ ਸਮੇਤ 60 ਤੋਂ ਵੱਧ ਗਲੋਬਲ ਸੰਸਥਾਵਾਂ ਤੋਂ ਪਿੱਛੇ ਹਟਣ ਦਾ ਅਮਰੀਕਾ ਦਾ ਫੈਸਲਾ, ਭਾਰਤ ਲਈ ਇੱਕ ਚੁਣੌਤੀ ਪੈਦਾ ਕਰਦਾ ਹੈ –

**ਵਕੀਲ**
**ਕਿਸ਼ਨ ਸੰਮੁਖਦਾਸ ਭਾਵਨਾਨੀ,**
**ਗੋਂਡੀਆ, ਮਹਾਰਾਸ਼ਟਰ**



ਗੋਂਡੀਆ – ਅਮਰੀਕਾ ਨੇ ਹਮੇਸ਼ਾ ਵਿਸ਼ਵ ਰਾਜਨੀਤੀ ਵਿੱਚ ਇੱਕ ਨਿਰਣਾਇਕ ਭੂਮਿਕਾ ਨਿਭਾਈ ਹੈ, ਪਰ ਡੋਨਾਲਡ ਟਰੰਪ ਦੀ ਅਗਵਾਈ ਹੇਠ, ਅਮਰੀਕੀ ਵਿਦੇਸ਼ ਨੀਤੀ ਇੱਕ ਵਾਰ ਫਿਰ ਹਮਲਾਵਰ ਰਾਸ਼ਟਰਵਾਦ, ਸੁਰੱਖਿਆਵਾਦ ਅਤੇ ਬਹੁਪੱਖੀ ਸੰਸਥਾਵਾਂ ਤੋਂ ਦੂਰ ਜਾਣ ਵੱਲ ਵਧਦੀ ਜਾਪਦੀ ਹੈ। ਰੂਸ ਪਾਬੰਦੀਆਂ ਬਿੱਲ 2025, ਜੋ ਰੂਸ ਤੋਂ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ 500 ਪ੍ਰਤੀਸ਼ਤ ਤੱਕ ਟੈਰਿਫ ਲਗਾਉਂਦਾ ਹੈ, ਅਤੇ ਅਮਰੀਕਾ ਦਾ ਭਾਰਤ ਦੀ ਅਗਵਾਈ ਵਾਲੇ ਅੰਤਰਰਾਸ਼ਟਰੀ ਸੋਲਰ ਅਲਾਇੰਸ ਸਮੇਤ 60 ਤੋਂ ਵੱਧ ਗਲੋਬਲ ਸੰਗਠਨਾਂ ਤੋਂ ਪਿੱਛੇ ਹਟਣ ਦਾ ਫੈਸਲਾ, ਇਹ ਦੋਵੇਂ ਘਟਨਾਵਾਂ ਨਾ ਸਿਰਫ਼ ਭਾਰਤ–ਅਮਰੀਕਾ ਸਬੰਧਾਂ ਨੂੰ ਤਣਾਅਪੂਰਨ ਬਣਾ ਸਕਦੀਆਂ ਹਨ, ਸਗੋਂ ਪੂਰੀ ਗਲੋਬਲ ਸ਼ਾਸਨ ਪ੍ਰਣਾਲੀ 'ਤੇ ਵੀ ਗੰਭੀਰਤਾ ਨਾਲ ਸਵਾਲ ਉਠਾ ਸਕਦੀਆਂ ਹਨ। ਮੇਰਾ ਮੰਨਣਾ ਹੈ ਕਿ ਇਸ ਕਦਮ ਨੂੰ ਭਾਰਤ ਦੀ ਰਣਨੀਤਕ ਖੁਦਮੁਖਤਿਆਰੀ 'ਤੇ ਸਿੱਧਾ ਹਮਲਾ ਮੰਨਿਆ ਜਾ ਸਕਦਾ ਹੈ, ਕਿਉਂਕਿ ਭਾਰਤ ਨੇ ਇਹ ਫੈਸਲਾ ਰਾਜਨੀਤਿਕ ਸਮਰਥਨ ਲਈ ਨਹੀਂ ਸਗੋਂ ਆਪਣੇ ਰਾਸ਼ਟਰੀ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਹੈ।




(1) ਰੂਸ ਪਾਬੰਦੀਆਂ ਬਿੱਲ 2025: ਆਰਥਿਕ ਦਬਾਅ ਦਾ ਇੱਕ ਨਵਾਂ ਹਥਿਆਰ ਬਣ ਸਕਦਾ ਹੈ, ਕਿਉਂਕਿ ਇਹ ਬਿੱਲ ਸੈਕੰਡਰੀ ਪਾਬੰਦੀਆਂ ਦੀ ਇੱਕ ਉਦਾਹਰਣ ਹੈ, ਜੋ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦਿੰਦਾ ਹੈ ਜੋ ਰੂਸ ਤੋਂ ਤੇਲ ਅਤੇ ਊਰਜਾ ਸਰੋਤ ਖਰੀਦਦੇ ਹਨ। ਭਾਰਤ ਅਤੇ ਚੀਨ ਵਰਗੇ ਦੇਸ਼, ਜਿਨ੍ਹਾਂ ਨੇ ਆਪਣੇ ਊਰਜਾ ਸੁਰੱਖਿਆ ਹਿੱਤਾਂ ਨੂੰ ਤਰਜੀਹ ਦਿੱਤੀ ਅਤੇ ਛੋਟ ਵਾਲੀਆਂ ਦਰਾਂ 'ਤੇ ਰੂਸ ਤੋਂ ਕੱਚਾ ਤੇਲ ਖਰੀਦਿਆ, ਹੁਣ ਸਿੱਧੇ ਤੌਰ 'ਤੇ ਅਮਰੀਕੀ ਆਰਥਿਕ ਦਬਾਅ ਦਾ ਨਿਸ਼ਾਨਾ ਹਨ। 500 ਪ੍ਰਤੀਸ਼ਤ ਤੱਕ ਟੈਰਿਫ ਲਗਾਉਣ ਦੀ ਧਮਕੀ ਕਿਸੇ ਵੀ ਦੇਸ਼ ਦੇ ਨਿਰਯਾਤ–ਅਧਾਰਤ ਖੇਤਰਾਂ ਨੂੰ ਗੰਭੀਰ ਝਟਕਾ ਦੇ ਸਕਦੀ ਹੈ।

(2) ਭਾਰਤ ਦੀ ਊਰਜਾ ਸੁਰੱਖਿਆ ਬਨਾਮ ਅਮਰੀਕਾ ਰਣਨੀਤੀ – ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਤੇਲ

ਆਯਾਤਕ ਹੈ ਅਤੇ ਇਸਦੀਆਂ ਊਰਜਾ ਜ਼ਰੂਰਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਰੂਸ-ਯੂਕਰੇਨ ਯੁੱਧ ਤੋਂ ਬਾਅਦ, ਰੂਸ ਨੇ ਭਾਰਤ ਨੂੰ ਸਸਤਾ ਕੱਚਾ ਤੇਲ ਪ੍ਰਦਾਨ ਕੀਤਾ, ਜਿਸ ਨਾਲ ਭਾਰਤ ਦੀ ਮਹਿੰਗਾਈ ਨੂੰ ਕਾਬੂ ਵਿੱਚ ਰੱਖਿਆ ਗਿਆ ਅਤੇ ਆਰਥਿਕ ਸਥਿਰਤਾ ਬਣਾਈ ਰੱਖੀ ਗਈ। ਹੁਣ, ਭਾਰਤ ਲਈ ਇਹ ਨਵੀਂ ਚੁਣੌਤੀ ਪੈਦਾ ਹੋ ਗਈ ਹੈ।

ਦੋਸਤੋ, ਜੇਕਰ ਅਸੀਂ ਭਾਰਤ ਦੇ ਨਿਰਯਾਤ 'ਤੇ ਸੰਭਾਵੀ ਪ੍ਰਭਾਵ 'ਤੇ ਵਿਚਾਰ ਕਰੀਏ, ਜੇਕਰ ਅਮਰੀਕਾ ਅਸਲ ਵਿੱਚ 500 ਪ੍ਰਤੀਸ਼ਤ ਤੱਕ ਟੈਰਿਫ ਲਗਾਉਂਦਾ ਹੈ, ਤਾਂ ਇਹ ਫਾਰਮਾਸਿਊਟੀਕਲ, ਟੈਕਸਟਾਈਲ, ਆਟੋ ਪਾਰਟਸ, ਆਈਟੀ ਹਾਰਡਵੇਅਰ ਅਤੇ ਸਟੀਲ ਵਰਗੇ ਖੇਤਰਾਂ ਨੂੰ ਪ੍ਰਭਾਵਤ ਕਰ ਸਕਦਾ ਹੈ। ਅਮਰੀਕਾ ਭਾਰਤ ਦਾ ਇੱਕ ਪ੍ਰਮੁੱਖ ਵਪਾਰਕ ਭਾਈਵਾਲ ਹੈ, ਅਤੇ ਅਜਿਹੇ ਟੈਰਿਫ ਭਾਰਤ ਦੀ ਮੁਕਾਬਲੇਬਾਜ਼ੀ ਨੂੰ ਕਮਜ਼ੋਰ ਕਰ ਸਕਦੇ ਹਨ। ਇਹ ਸਥਿਤੀ ਵਿਸ਼ਵ ਵਪਾਰ ਸੰਗਠਨ ਦੇ ਮੁਕਤ ਵਪਾਰ ਸਿਧਾਂਤਾਂ ਦੇ ਵੀ ਉਲਟ ਹੈ। ਅਮਰੀਕਾ ਵੱਲੋਂ ਭਾਰਤ ਅਤੇ ਚੀਨ ਨੂੰ ਇੱਕੋ ਸ਼੍ਰੇਣੀ ਵਿੱਚ ਰੱਖਣਾ ਕੂਟਨੀਤਕ ਤੌਰ 'ਤੇ ਮਹੱਤਵਪੂਰਨ ਹੈ। ਭਾਰਤ, ਜਿਸਨੂੰ ਹਿੰਦ-ਪ੍ਰਸ਼ਾਂਤ ਰਣਨੀਤੀ ਵਿੱਚ ਇੱਕ ਮੁੱਖ ਅਮਰੀਕੀ ਭਾਈਵਾਲ ਮੰਨਿਆ ਜਾਂਦਾ ਹੈ, ਹੁਣ ਚੀਨ ਵਿਰੁੱਧ ਅਪਣਾਈ ਗਈ ਉਸੇ ਦੰਡਕਾਰੀ ਨੀਤੀ ਦਾ ਸ਼ਿਕਾਰ ਹੋ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਟਰੰਪ ਪ੍ਰਸ਼ਾਸਨ ਰਣਨੀਤਕ ਭਾਈਵਾਲੀ ਨਾਲੋਂ ਤੁਰੰਤ ਅਮਰੀਕੀ ਹਿੱਤਾਂ ਨੂੰ ਤਰਜੀਹ ਦਿੰਦਾ ਹੈ।

ਦੋਸਤੋ, ਜੇਕਰ ਅਸੀਂ ਅੰਤਰਰਾਸ਼ਟਰੀ ਸੂਰਜੀ ਗਠਜੋੜ ਤੋਂ ਅਮਰੀਕਾ ਦੀ ਵਾਪਸੀ ਦੀ ਰਣਨੀਤੀ 'ਤੇ ਵਿਚਾਰ ਕਰੀਏ, ਤਾਂ ਰਾਸ਼ਟਰਪਤੀ ਟਰੰਪ ਦੁਆਰਾ 7 ਜਨਵਰੀ, 2026 ਨੂੰ ਹਸਤਾਖਰ ਕੀਤੇ ਗਏ ਇੱਕ ਮੈਮੋਰੰਡਮ ਦੇ ਤਹਿਤ, ਅਮਰੀਕਾ ਨੇ ਭਾਰਤ ਦੀ ਅਗਵਾਈ ਵਾਲੇ ਅੰਤਰਰਾਸ਼ਟਰੀ ਸੂਰਜੀ ਗਠਜੋੜ ਸਮੇਤ 60 ਤੋਂ ਵੱਧ ਅੰਤਰਰਾਸ਼ਟਰੀ ਸੰਗਠਨਾਂ ਤੋਂ ਪਿੱਛੇ ਹਟਣ ਦਾ ਫੈਸਲਾ ਕੀਤਾ। ਇਹ ਕਦਮ ਨਾ ਸਿਰਫ਼ ਭਾਰਤ ਲਈ ਇੱਕ ਕੂਟਨੀਤਕ ਝਟਕਾ ਹੈ, ਸਗੋਂ ਇਸਦੇ ਵਿਸ਼ਵ ਜਲਵਾਯੂ ਲੀਡਰਸ਼ਿਪ ਯਤਨਾਂ ਲਈ ਵੀ ਇੱਕ ਝਟਕਾ ਹੈ। ਭਾਰਤ ਅਤੇ ਫਰਾਂਸ ਦੀ ਪਹਿਲਕਦਮੀ 'ਤੇ ਸਥਾਪਿਤ ਆਈਐਸਏ, ਭਾਰਤ ਦੀ ਨਰਮ ਸ਼ਕਤੀ ਅਤੇ ਜਲਵਾਯੂ ਲੀਡਰਸ਼ਿਪ ਹੈ, ਜਿਸਦਾ ਉਦੇਸ਼ ਸੂਰਜੀ ਊਰਜਾ ਨੂੰ ਉਤਸ਼ਾਹਿਤ ਕਰਨਾ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਸਾਫ਼ ਊਰਜਾ ਵੱਲ ਲੈ ਜਾਣਾ ਹੈ। ਇਹ ਸੰਗਠਨ ਗਲੋਬਲ ਸਾਊਥ ਵਿੱਚ ਭਾਰਤ ਦੀ ਨਰਮ ਸ਼ਕਤੀ ਅਤੇ ਲੀਡਰਸ਼ਿਪ ਦਾ ਪ੍ਰਤੀਕ ਬਣ ਗਿਆ ਹੈ। ਅਮਰੀਕਾ ਦੇ ਪਿੱਛੇ ਹਟਣ ਨਾਲ ਜਲਵਾਯੂ ਪਰਿਵਰਤਨ ਵਿਰੁੱਧ ਵਿਸ਼ਵਵਿਆਪੀ ਲੜਾਈ ਕਮਜ਼ੋਰ ਹੋ ਜਾਂਦੀ ਹੈ। ਅੰਤਰਰਾਸ਼ਟਰੀ ਸੂਰਜੀ ਗਠਜੋੜ 120 ਤੋਂ ਵੱਧ ਮੈਂਬਰ ਦੇਸ਼ਾਂ ਵਾਲਾ ਇੱਕ ਵਿਸ਼ਵਵਿਆਪੀ ਪਹਿਲਕਦਮੀ ਹੈ ਜਿਸਦਾ ਉਦੇਸ਼ ਸੂਰਜੀ ਊਰਜਾ ਨੂੰ ਉਤਸ਼ਾਹਿਤ ਕਰਕੇ ਜੈਵਿਕ ਬਾਲਣ 'ਤੇ ਨਿਰਭਰਤਾ ਘਟਾਉਣਾ ਹੈ। ਇਸ ਸੰਗਠਨ ਦਾ ਸੰਕਲਪ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਵੰਬਰ 2015 ਵਿੱਚ ਲੰਡਨ ਦੇ ਵੈਂਬਲੇ ਸਟੇਡੀਅਮ ਵਿੱਚ ਆਪਣੇ ਭਾਸ਼ਣ ਦੌਰਾਨ ਪੇਸ਼ ਕੀਤਾ ਸੀ। ਆਈਐਸਏ ਨੂੰ ਰਸਮੀ ਤੌਰ 'ਤੇ 2016 ਵਿੱਚ ਮੋਰੋਕੋ ਦੇ ਮੈਰਾਕੇਚ ਵਿੱਚ ਲਾਂਚ ਕੀਤਾ ਗਿਆ ਸੀ। ਸੰਯੁਕਤ ਰਾਜ ਅਮਰੀਕਾ ਨਵੰਬਰ 2021 ਵਿੱਚ ਇਸਦਾ 101ਵਾਂ ਮੈਂਬਰ ਬਣਿਆ।

ਦੋਸਤੋ, ਜੇਕਰ ਅਸੀਂ "ਅਮਰੀਕਾ ਫਸਟ" ਬਨਾਮ "ਗਲੋਬਲ ਜ਼ਿੰਮੇਵਾਰੀ" ਦੇ ਸਵਾਲ 'ਤੇ ਵਿਚਾਰ ਕਰੀਏ, ਤਾਂ ਵ੍ਹਾਈਟ ਹਾਊਸ ਦਾ ਇਹ ਤਰਕ ਕਿ ਅੰਤਰਰਾਸ਼ਟਰੀ ਸੰਗਠਨ ਅਮਰੀਕੀ ਟੈਕਸਦਾਤਾ ਫੰਡਾਂ ਦੀ ਦੁਰਵਰਤੋਂ ਕਰ ਰਹੇ ਹਨ, ਅਮਰੀਕਾ ਫਸਟ ਨੀਤੀ ਦਾ ਵਿਸਥਾਰ ਹੈ। ਹਾਲਾਂਕਿ, ਜਲਵਾਯੂ ਪਰਿਵਰਤਨ, ਮਹਾਂਮਾਰੀ, ਮਨੁੱਖੀ ਅਧਿਕਾਰ ਅਤੇ ਸ਼ਰਨਾਰਥੀ ਸੰਕਟ ਵਰਗੀਆਂ ਗਲੋਬਲ ਚੁਣੌਤੀਆਂ, ਕਿਸੇ ਇੱਕ ਦੇਸ਼ ਦੇ ਯਤਨਾਂ ਨਾਲ ਹੱਲ ਨਹੀਂ ਕੀਤੀਆਂ ਜਾ ਸਕਦੀਆਂ। ਬਹੁਪੱਖੀ ਫੋਰਮਾਂ ਤੋਂ ਅਮਰੀਕਾ ਦਾ ਪਿੱਛੇ ਹਟਣਾ ਵਿਸ਼ਵ ਸਹਿਯੋਗ ਦੀ ਭਾਵਨਾ ਨੂੰ ਕਮਜ਼ੋਰ ਕਰਦਾ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸੰਯੁਕਤ ਰਾਜ ਅਮਰੀਕਾ ਨੇ ਆਪਣੇ ਆਪ ਨੂੰ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਦੂਰ ਕੀਤਾ ਹੈ। ਪਹਿਲਾਂ, ਇਹ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਤੋਂ ਪਿੱਛੇ ਹਟਿਆ ਹੈ, ਫਲਸਤੀਨੀ ਰਾਹਤ ਏਜੰਸੀ ਨੂੰ ਫੰਡ ਦੇਣਾ ਬੰਦ ਕਰ ਦਿੱਤਾ ਹੈ, ਯੂਨੈਸਕੋ ਤੋਂ ਪਿੱਛੇ ਹਟਿਆ ਹੈ, ਅਤੇ WHO ਅਤੇ ਪੈਰਿਸ ਜਲਵਾਯੂ ਸਮਝੌਤੇ ਤੋਂ ਪਿੱਛੇ ਹਟਣ ਦਾ ਐਲਾਨ ਕੀਤਾ ਹੈ। ਇਹ ਸਾਰੇ ਕਦਮ ਅਮਰੀਕਾ ਦੇ ਸੰਸਥਾਗਤ ਅਲੱਗ-ਥਲੱਗਤਾ ਨੂੰ ਦਰਸਾਉਂਦੇ ਹਨ। ਸੰਯੁਕਤ ਰਾਜ ਅਮਰੀਕਾ ਦੁਆਰਾ ਇਹ ਪਿੱਛੇ ਹਟਣਾ

ਗਲੋਬਲ ਸ਼ਾਸਨ ਢਾਂਚੇ ਵਿੱਚ ਇੱਕ ਲੀਡਰਸ਼ਿਪ ਖਲਾਅ ਪੈਦਾ ਕਰਦਾ ਹੈ, ਜਿਸਨੂੰ ਚੀਨ, ਰੂਸ, ਜਾਂ ਹੋਰ ਖੇਤਰੀ ਸ਼ਕਤੀਆਂ ਭਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ। ਇਹ ਇੱਕ ਬਹੁ-ਧਰੁਵੀ ਵਿਸ਼ਵ ਵਿਵਸਥਾ ਨੂੰ ਉਤਸ਼ਾਹਿਤ ਕਰਦਾ ਹੈ ਪਰ ਨਿਯਮਾਂ-ਅਧਾਰਤ ਅੰਤਰਰਾਸ਼ਟਰੀ ਵਿਵਸਥਾ ਨੂੰ ਵੀ ਕਮਜ਼ੋਰ ਕਰਦਾ ਹੈ।

ਦੋਸਤੋ, ਜੇਕਰ ਅਸੀਂ ਭਾਰਤ-ਅਮਰੀਕਾ ਸਬੰਧਾਂ ਵਿੱਚ ਵਧ ਰਹੇ ਤਣਾਅ ਨੂੰ ਸਮਝਣਾ ਹੈ, ਤਾਂ ਹਾਲ ਹੀ ਦੇ ਸਾਲਾਂ ਵਿੱਚ, ਭਾਰਤ-ਅਮਰੀਕਾ ਸਬੰਧਾਂ ਨੂੰ ਇੱਕ ਰਣਨੀਤਕ ਭਾਈਵਾਲੀ ਅਤੇ ਇੱਕ ਕੁਦਰਤੀ ਸਹਿਯੋਗੀ ਵਜੋਂ ਦੇਖਿਆ ਜਾਂਦਾ ਸੀ। ਦੋਵੇਂ ਦੇਸ਼ ਰੱਖਿਆ, ਤਕਨਾਲੋਜੀ, ਕਵਾਡ ਅਤੇ ਇੰਡੋ-ਪੈਸੀਫਿਕ ਵਰਗੇ ਖੇਤਰਾਂ ਵਿੱਚ ਨੇੜੇ ਆਏ ਸਨ। ਹਾਲਾਂਕਿ, ਰੂਸ ਪਾਬੰਦੀਆਂ ਬਿੱਲ ਅਤੇ ISA ਤੋਂ ਪਿੱਛੇ ਹਟਣ ਵਰਗੇ ਕਦਮ ਇਸ ਰਿਸ਼ਤੇ ਵਿੱਚ ਅਵਿਸ਼ਵਾਸ ਪੈਦਾ ਕਰ ਰਹੇ ਹਨ। ਭਾਰਤ ਨੂੰ ਹੁਣ ਇੱਕ ਗੁੰਝਲਦਾਰ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਅਮਰੀਕਾ ਵਰਗੇ ਸ਼ਕਤੀਸ਼ਾਲੀ ਭਾਈਵਾਲ ਨਾਲ ਸਬੰਧ ਬਣਾਈ ਰੱਖਣਾ, ਨਾਲ ਹੀ ਆਪਣੀ ਰਣਨੀਤਕ ਖੁਦਮੁਖਤਿਆਰੀ, ਊਰਜਾ ਸੁਰੱਖਿਆ ਅਤੇ ਗਲੋਬਲ ਦੱਖਣ ਵਿੱਚ ਲੀਡਰਸ਼ਿਪ ਨੂੰ ਸੁਰੱਖਿਅਤ ਰੱਖਣਾ। ਭਾਰਤ ਨੂੰ ਸੰਤੁਲਿਤ ਕੂਟਨੀਤੀ ਵੱਲ ਵਧਣਾ ਚਾਹੀਦਾ ਹੈ, ਵਿਕਲਪਕ ਬਾਜ਼ਾਰਾਂ ਦੀ ਖੋਜ ਕਰਨੀ ਚਾਹੀਦੀ ਹੈ, ਅਤੇ ਬਹੁਪੱਖੀ ਫੋਰਮਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਅਮਰੀਕਾ ਦੇ ਅਲੱਗ-ਥਲੱਗ ਰੁਖ਼ ਦੇ ਵਿਚਕਾਰ, ਭਾਰਤ ਕੋਲ ਵੀ ਮੌਕੇ ਹਨ। ਇਹ ਆਈਐਸਏ, ਬ੍ਰਿਕਸ, ਜੀ-20, ਅਤੇ ਹੋਰ ਫੋਰਮਾਂ ਰਾਹੀਂ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਬਣ ਸਕਦਾ ਹੈ। ਇਹ ਸਥਿਤੀ ਭਾਰਤ ਨੂੰ ਇੱਕ ਜ਼ਿੰਮੇਵਾਰ ਗਲੋਬਲ ਸ਼ਕਤੀ ਵਜੋਂ ਸਥਾਪਿਤ ਕਰ ਸਕਦੀ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਬਦਲਦੇ ਵਿਸ਼ਵ ਵਿਵਸਥਾ ਵਿੱਚ ਭਾਰਤ ਦਾ ਰਸਤਾ, ਅਮਰੀਕਾ ਵੱਲੋਂ ਰੂਸ ਪਾਬੰਦੀਆਂ ਬਿੱਲ 2025 ਨੂੰ ਪ੍ਰਵਾਨਗੀ, ਅਤੇ ਅੰਤਰਰਾਸ਼ਟਰੀ ਸੂਰਜੀ ਗੱਠਜੋੜ ਵਰਗੇ ਫੋਰਮਾਂ ਤੋਂ ਇਸਦਾ ਪਿੱਛੇ ਹਟਣਾ, ਸਿਰਫ਼ ਦੁਵੱਲੇ ਮੁੱਦੇ ਨਹੀਂ ਹਨ, ਸਗੋਂ ਪੂਰੇ ਵਿਸ਼ਵ ਵਿਵਸਥਾ ਨੂੰ ਪ੍ਰਭਾਵਤ ਕਰਨ ਵਾਲੇ ਫੈਸਲੇ ਹਨ। ਇਹ ਭਾਰਤ ਲਈ ਨਿਸ਼ਚਿਤ ਤੌਰ 'ਤੇ ਇੱਕ ਚੁਣੌਤੀਪੂਰਨ ਸਮਾਂ ਹੈ, ਪਰ ਇਹ ਆਪਣੀ ਕੂਟਨੀਤਕ ਪਰਿਪੱਕਤਾ ਅਤੇ ਵਿਸ਼ਵ ਲੀਡਰਸ਼ਿਪ ਸਮਰੱਥਾਵਾਂ ਦੀ ਵੀ ਪਰਖ ਕਰਦਾ ਹੈ। ਬਦਲਦੇ ਵਿਸ਼ਵ ਵਿਵਸਥਾ ਵਿੱਚ, ਭਾਰਤ ਨੂੰ ਸੰਤੁਲਨ, ਸਵੈ-ਨਿਰਭਰਤਾ ਅਤੇ ਬਹੁਪੱਖੀ ਸਹਿਯੋਗ ਦੇ ਰਸਤੇ 'ਤੇ ਚੱਲ ਕੇ ਆਪਣੇ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨੀ ਚਾਹੀਦੀ ਹੈ।

**-ਕੰਪਾਈਲਰ, ਲੇਖਕ, ਮਾਹਰ, ਕਾਲਮਨਵੀਸ, ਸਾਹਿਤਕ ਵਿਅਕਤੀ, ਅੰਤਰਰਾਸ਼ਟਰੀ ਲੇਖਕ, ਚਿੰਤਕ, ਕਵੀ, ਸੰਗੀਤ ਵਿਚੋਲਾ, ਸੀਏ (ਏਟੀਸੀ), 9284141425**

## ਕਥਾ ਇਕ ਪਿੰਡ ਦੀ - ਨਾਵਲ

ਪੰਜਾਬ ਦੇ ਪੇਂਡੂ ਧਰਾਤਲ 'ਤੇ ਜਲ , ਜੰਗਲ ਤੇ ਜ਼ਮੀਨ ਨੂੰ ਬਚਾਉਣ ਲਈ ਆਮ ਲੋਕਾਂ ਵੱਲੋਂ ਵੱਡੇ ਉਪਰਾਲੇ ਕਰਨ ਦੀ ਜਰੂਰਤ ਹੈ। ਜੇਕਰ ਅਸੀਂ ਚੰਗਾ ਜੀਵਨ ਜਿਉਣਾ ਹੈ ਤਾਂ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣਾ, ਪਾਣੀਆਂ ਦੀ ਸੰਭਾਲ ਕਰਨਾ ਤੇ ਇਸ ਧਰਤੀ ਨੂੰ ਪ੍ਰਦੂਸ਼ਣ ਮੁਕਤ ਕਰਨਾ ਸਾਡੀ ਮੁੱਢਲੀ ਜਰੂਰਤ ਹੈ। ਅੱਜ ਪੰਜਾਬ ਦੇ ਪਿੰਡਾਂ ਵਿੱਚ ਇਹ ਚੇਤਨਾ ਫੈਲ ਰਹੀ ਹੈ। ਬਹੁਤ ਸਾਰੇ ਪੰਜਾਬੀਆਂ ਨੇ ਆਪਣੇ ਐਨ.ਆਰ.ਆਈ. ਭਰਾਵਾਂ ਦੇ ਸਹਿਯੋਗ ਨਾਲ ਆਪਣੇ ਪਿੰਡਾਂ ਦਾ ਕਾਇਆ ਕਲਪ ਕੀਤਾ ਹੈ ਪਰ ਇਹ ਹਾਲੇ ਰੂੰ ਦੇ ਢੇਰ 'ਚੋਂ ਪੂਣੀ ਕੱਤਣ ਬਰਾਬਰ ਹੀ ਹੋਇਆ ਹੈ। ਜਿਵੇਂ ਇਸ ਨਾਵਲ ਵਿੱਚ ਪੇਸ਼ ਪਿੰਡ ਦੇ ਤਿੰਨ ਨੌਜਵਾਨਾਂ ਨੇ ਆਪਣੇ ਐਨ.ਆਰ.ਆਈ. ਭਰਾਵਾਂ, ਪਿੰਡ ਵਾਸੀਆਂ, ਪੰਚਾਇਤਾਂ ਅਤੇ ਸਰਕਾਰਾਂ ਦੇ ਸਹਿਯੋਗ ਨਾਲ ਆਪਣੇ ਪਿੰਡ ਦਾ ਕਾਇਆ ਕਲਪ ਕੀਤਾ, ਇਹ ਆਪਣੇ ਆਪ ਵਿੱਚ ਇੱਕ ਵੱਡੀ ਮਿਸਾਲ ਕਾਇਮ ਕਰਦਾ ਹੈ। ਡਾ. ਰਾਮ ਮੂਰਤੀ ਨੇ ਇਸ ਪਿੰਡ ਦੇ ਕਾਇਆਕਲਪ ਦੀ ਪ੍ਰਕਿਰਿਆ ਨੂੰ ਬਹੁਤ ਨੇੜਿਓਂ ਵੇਖਿਆ ਹੈ। ਇਸ ਪਿੰਡ ਵਿੱਚ ਹੋਏ ਕਾਰਜਾਂ ਨੂੰ ਉਸਨੇ ਇੱਕ ਨਾਵਲ ਦੀ ਵਿਧਾ ਵਿੱਚ ਸਾਡੇ ਸਾਹਮਣੇ ਰੱਖਿਆ ਹੈ। ਇਹ ਨਾਵਲ ਬਾਕੀ ਲੋਕਾਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗਾ, ਵਾਤਾਵਰਨ ਅਤੇ ਪਾਣੀਆਂ ਦੀ ਸੰਭਾਲ ਦੀ ਚੇਤਨਾ ਲੋਕਾਂ ਵਿੱਚ ਲੈ ਕੇ ਜਾਵੇਗਾ, ਅਜਿਹਾ ਮੇਰਾ ਦ੍ਰਿੜ ਵਿਸ਼ਵਾਸ ਹੈ। ਦਰਅਸਲ ਸਾਹਿਤ ਦੀ ਸਮਾਜਿਕ ਭੂਮਿਕਾ ਅਜਿਹੀਆਂ ਕਿਰਤਾਂ ਦੇ ਛਪਣ ਨਾਲ ਹੀ ਨਿਰਧਾਰਿਤ ਹੁੰਦੀ ਹੈ। 'ਕਥਾ ਇੱਕ ਪਿੰਡ ਦੀ' ਨਾਵਲ ਨੂੰ ਜੀ ਆਇਆਂ ! **-ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ**

# ਨੱਕਾਸ਼ ਚਿੱਤੇਵਾਣੀ ਦੀ ਕਵਿਤਾ

## ਣ



ਨੱਕਾਸ਼ ਚਿੱਤੇਆਣੀ

ਸਾਰੇ ਅਣੂ ਨੇ ਗਣਿਤ ਹਵਾਲੇ
ਣਾਣਾ ਹੈ ਇਸ ਗਣਿਤ ਵਿਚਾਲੇ
ਮਿੱਥ ਕਹੇ ਮੁੱਢ ਵਿੱਚ ਆਕਾਰ
ਸਾਇੰਸ ਕਹੇ ਧੁਨੀਉਂ ਪਾਸਾਰ

ਇੱਕ ਆਕਾਰ 'ਚ ਧੁਨੀ ਸਮਾਈ
ਤੀਬਰ ਧੁਨੀ ਆਕਾਰ ਦੀ ਜਾਈ
ਧੁਨੀ ਹੈ ਜੋ ਆਕਾਰੋਂ ਵੱਡੀ
ਗਈ ਆਕਾਰ ਦੇ ਕਾਲਜੇ ਗੱਡੀ

ਇੱਕ ਆਕਾਰੋਂ ਕਿੰਨੇ ਸੂਰਜ
ਕਿੰਨੀਆਂ ਨੇ ਆਕਾਸ਼ ਗੰਗਾਵਾਂ
ਫੈਲ ਰਿਹਾ ਆਕਾਰ ਨਿਰੰਤਰ
ਨਾਲ ਧੁਨੀ ਦੀਆਂ ਨੇ ਧਾਰਾਵਾਂ

ਕਿੰਨੇ ਹੋਰ ਕਰੋੜਾਂ ਸਾਲ
ਧੁਨੀ ਅਤੇ ਆਕਾਰ ਨਿਰੰਤਰ
ਰੌਸ਼ਨੀਆਂ ਦੇ ਨਾਲ ਨਿਰੰਤਰ
ਦੋਹਾਂ ਦਾ ਵਿਸਤਾਰ ਨਿਰੰਤਰ

ਆਦਿ ਜੁਗਾਦਿ ਖ਼ਲਾਅ ਸੀ ਸਾਰਾ
ਖ਼ੌਰੇ ਕੀਹਦਾ ਸ਼ੁਦਾਅ ਸੀ ਸਾਰਾ
ਬੰਦਿਆਂ ਉਸਦਾ ਨਾਮ ਧਰ ਲਿਆ
ਤੇ ਰੱਬ ਨੂੰ ਬਦਨਾਮ ਕਰ ਲਿਆ

ਵਾਯੂਮੰਡਲ ਬਣਨ ਤੋਂ ਪਹਿਲਾਂ
ਕੁਦਰਤ ਦਾ ਸੀ ਪਿਆਰ ਵਸੇਂਦਾ
ਆਪੇ ਧਰਤਾ ਆਪੇ ਕਰਤਾ
ਆਪੇ ਸੂਝ ਤੇ ਆਪ ਕਰੇਂਦਾ

ਕਵਿਤਾ ਉਸ ਖਲਾਅ ਦਾ ਨਾਂ ਹੈ
ਜਿਸ ਵਿੱਚ ਅਰਬਾਂ-ਖ਼ਰਬਾਂ ਤਾਰੇ
ਆਪਣਾ-ਆਪਣਾ ਚਾਨਣ ਲੈਕੇ
ਭਟਕ ਰਹੇ ਸੀ ਕਰਮਾਂ ਹਾਰੇ

ਜਿੱਥੋਂ ਆਪਾਂ ਸ਼ਬਦ ਨੇ ਚੁਣਨੇ
ਉਸ ਪੜਾਅ ਦਾ ਨਾਂ ਹੈ ਕਵਿਤਾ
ਨ੍ਹੇਰੇ ਤੋਂ ਚਾਨਣ ਵੱਖ ਕਰਨੇ
ਉਸ ਜਗ੍ਹਾ ਦਾ ਨਾਂ ਹੈ ਕਵਿਤਾ

ਜੋ ਸਮਝਾ ਨਈਂ ਸਕਦਾ ਕੋਈ
ਕਵਿਤਾ ਉਹ ਸਮਝਾ ਜਾਂਦੀ ਏ
ਕਵਿਤਾ ਮੱਥੇ ਰੌਸ਼ਨ ਕਰਕੇ
ਧੁਰ ਅੰਦਰ ਰੁਸ਼ਨਾ ਜਾਂਦੀ ਏ

ਸੋਚੋ ਵਰਣ ਵਿਧਾਨ ਤੋਂ ਪਹਿਲਾਂ
ਲਿਪੀਆਂ ਨੂੰ ਅਪਨਾਣ ਤੋਂ ਪਹਿਲਾਂ
ਧੁਨੀਆਂ ਤੇ ਸੰਕੇਤਾਂ ਨਾਲ ਵੀ
ਮਾਨਵ ਦੀ ਪਹਿਚਾਣ ਤੋਂ ਪਹਿਲਾਂ

ਕਿਸ ਨੂੰ ਰਤਾ ਖ਼ਿਆਲ ਸੀ, ਬੋਲੀ
ਕਿਸ ਦਾ ਏਹੇ ਸਵਾਲ ਸੀ, ਬੋਲੀ
ਹਵਾ ਦੀ ਸਰ-ਸਰ ਜਲ ਦੀ ਕਲ-ਕਲ
ਬੱਸ ਕੁਦਰਤ ਦੇ ਨਾਲ਼ ਸੀ, ਬੋਲੀ

ਸਾਹਾਂ ਦਾ ਆਉਣਾ ਜਾਣਾ ਸੀ
ਆਉਣ ਜਾਣ ਵਿੱਚ ਵੀ ਣਾਣਾ ਸੀ
ਮਾਨਵ ਨੂੰ ਇੱਕੋ ਚਿੰਤਾ ਸੀ
ਢਿੱਡ ਭਰਨੇ ਲਈ ਕੀ ਖਾਣਾ ਸੀ

ਮੁੱਢ ਵਿੱਚ ਇੱਕ ਸੱਚਾਈ ਭੁੱਖ
ਹਰ ਥਾਂ ਹਾਲ ਦੁਹਾਈ ਭੁੱਖ
ਕੁਦਰਤ ਨੇ ਹਰ ਜੀਵ ਦੇ ਸੱਜਣੋ
ਰੋਮ ਰੋਮ ਵਿੱਚ ਪਾਈ ਭੁੱਖ

ਕੁਦਰਤ ਨੂੰ ਮਾਨਣ ਦੀ ਭੁੱਖ
ਅੰਬਰ ਨੂੰ ਛਾਨਣ ਦੀ ਭੁੱਖ
ਕੁਦਰਤ ਦਾ ਸੰਚਾਲਨ ਕਰਦੀ
ਸ਼ਕਤੀ ਨੂੰ ਜਾਨਣ ਦੀ ਭੁੱਖ

ਏਸੇ ਭੁੱਖ ਦਾ ਇੱਕ ਨਤੀਜਾ
ਵਰਣਾਂ ਨੇ ਆਕਾਰ ਧਾਰਿਆ
ਸਾਡੇ ਹਿੱਸੇ ਲਿਪੀਆਂ ਆਈਆਂ
ਮੋਤੀ ਸਾਂਭਣ ਸਿੱਪੀਆਂ ਆਈਆਂ

ਵਰਣਾਂ ਦੇ ਆਕਾਰ ਮੁਬਾਰਕ
ਲਿਪੀਆਂ ਦਾ ਵਿਸਤਾਰ ਮੁਬਾਰਕ
ਧੁਨੀਆਂ ਅਤੇ ਸੰਕੇਤਾਂ ਦੇ ਸੰਗ
ਮਾਂ ਬੋਲੀ ਦਾ ਪਿਆਰ ਮੁਬਾਰਕ

ਮਾਂ ਬੋਲੀ ਦੀ ਈਦ ਮੁਬਾਰਕ
ਬਾਬਾ ਸ਼ੇਖ਼ ਫ਼ਰੀਦ ਮੁਬਾਰਕ
ਨਾਨਕ ਸ਼ਾਹ ਫ਼ਕੀਰ ਮੁਬਾਰਕ
ਵਾਰਿਸ ਸ਼ਾਹ ਦੀ ਹੀਰ ਮੁਬਾਰਕ

ਪੀਲੂ ਹਾਸ਼ਮ ਅਤੇ ਦਮੋਦਰ
ਪੂਰਨ ਸਿੰਘ, ਭਾਈ ਵੀਰ ਮੁਬਾਰਕ
ਮਾਂ ਬੋਲੀ ਦੇ ਸਿਰ ਤੇ ਸੂਹਾ
ਤਾਰਿਆਂ ਜੜਿਆਂ ਚੀਰ ਮੁਬਾਰਕ

ਵਰਣ ਮੁਬਾਰਕ ਪੈਂਤੀ ਹੋਏ
ਛੇ ਹੋਰ ਵੀ ਨਾਲ ਖਲੋਏ
ਲਗਾਂ ਮਾਤਰਾ ਭੈਣਾ ਭਾਈ
ਪੀਢੀ ਗੰਢ ਕਦੀਮੋਂ ਪਾਈ

ੳ ਓਮ ਉਰਫ਼ ਉਂਕਾਰ
ਅ ਆਪੇ ਆਪ ਆਧਾਰ
ੲ ਇੱਕੋ ਏਕ ਇਬਾਰਤ
ਸ ਸਭ ਸੁੰਦਰ ਸੰਸਾਰ

ਇਸ ਪੂਰੇ ਬ੍ਰਹਿਮੰਡ ਦੇ ਅੰਦਰ
ਕਣ-ਕਣ ਖੰਡ-ਖੰਡ ਦੇ ਅੰਦਰ
ਨ੍ਹੇਰੇ ਦਾ ਚੰਦੋਇਆ ਸੀ
ਚਾਨਣ ਕਿਸੇ ਲੁਕੋਇਆ ਸੀ

ਚ ਚਾਈਂ ਚਾਈਂ ਆਇਆ
ਕੰਨੇ ਨੱਨੇ ਸਾਥ ਨਿਭਾਇਆ
ਚਾਨ ਦੇ ਪਿੱਛੇ ਣਾਣਾ ਜੁੜਿਆ
ਚਾਨਣ ਨੂੰ ਏਹੋ ਸੀ ਥੁੜਿਆ

ਜੋ ਣਾਣੇ ਨੂੰ ਖਾਲੀ ਆਖਣ
ਨਾਪਣ, ਤੋਲਣ, ਬੋਲਣ, ਪੁੱਛਣ
ਣਾਣੇ ਬਿਨਾਂ ਮਿਣਤੀਆਂ ਕਰਸਣ
ਕਿੱਦਾਂ ਮਾਪਣ, ਕਿੱਦਾਂ ਦੱਸਣ

ਣਾਣਾ, ਕਰਨ-ਕਰਾਉਣ ਦੇ ਅੰਦਰ
ਣਾਣਾ, ਹੱਸਣ-ਰੋਣ ਦੇ ਅੰਦਰ
ਸੀਵਣ ਅਤੇ ਪਿਰੋਣ ਦੇ ਅੰਦਰ
ਣਾਣਾ, ਸਭ ਕੁਝ ਹੋਣ ਦੇ ਅੰਦਰ

ਣਾਣੇ ਨੂੰ ਖ਼ਾਲੀ ਨਾ ਆਖੋ
ਣਾਣਾ ਸਭ ਕੁਝ ਭਰ ਦਿੰਦਾ ਏ
ਨਿੱਕੀ ਜਿਹੀ ਮਿਸਾਲ ਮੈਂ ਦੇਵਾਂ
ਖਾ ਨੂੰ ਖਾਣਾ ਕਰ ਦਿੰਦਾ ਏ

ਣਾਣਾ ਖ਼ਾਲੀ ਆਖੇ ਦੁਨੀਆ
ਣਾਣਾ ਜਿਊਣ ਦਾ ਵਰ ਦਿੰਦਾ ਏ
ਣਾਣਾ ਹਰ ਇੱਕ ਜੀਵ ਨੂੰ ਸੱਜਣਾ
ਜਿਊਣ ਜੋਗੜਾ ਕਰ ਦਿੰਦਾ ਏ

ਖੇਲਣ-ਮੱਲਣ, ਮੌਲਣ-ਪੁੰਗਰਣ
ਕਰਾਮਾਤ ਹੈ ਣਾਣੇ ਦੀ ਹੀ
ਬੀਜਣ ਵੱਢਣ ਸਾਂਭਣ ਰੱਖਣ
ਸਭ ਅਵਸਥਾ ਦਾਣੇ ਦੀ ਹੀ

ਘਾੜਾ, ਘੜਣ ਤੋਂ ਵਾਂਝਾ ਰਹਿੰਦਾ
ਅੰਤ ਨੂੰ ਜੇ ਣਾਣਾ ਨਾ ਹੁੰਦਾ
ਉੱਠਣ,ਬਹਿਣ, ਖਲੋਣ ਤੇ ਭੱਜਣ
ਣਾਣਾ ਹਰਕਤ ਭਰ ਦਿੰਦਾ ਏ

ਵਰਣ ਉੱਚਾਰਣ-ਣਾਣੇ ਨਾਲ
ਲਉ ਉਦਾਹਰਣ-ਣਾਣੇ ਨਾਲ
ਣਾਣਾ ਵਿਗੜਣ-ਸਮਝਣ ਨਾਲ
ਣਾਣਾ ਮਰਜ਼ ਪੁਰਾਣੇ ਨਾਲ

ਅੱਕਣਾ, ਖਿਝਣਾ, ਰੁੱਸਣਾ, ਮੰਨਣਾ
ਟੱਪਣਾ, ਨੱਚਣਾ ਣਾਣੇ ਨਾਲ
ਣਾਣਾ ਘੋਰ ਸਿਆਣਪ ਦੇ ਵਿੱਚ
ਣਾਣਾ ਰੱਬ ਦੇ ਭਾਣੇ ਨਾਲ

ਆਪਣਾ ਆਪ ਵਿਖਾਉਣਾ ਹੋਵੇ
ਰੋਂਦੇ ਤਾਂਈਂ ਹਸਾਉਣਾ ਹੋਵੇ
ਕਿਧਰੇ ਦਿਲ ਲਗਾਉਣਾ ਹੋਵੇ
ਮੂਰਖ ਨੂੰ ਸਮਝਾਉਣਾ ਹੋਵੇ

ਭੁੱਲਾਂ ਨੂੰ ਬਖਸ਼ਾਉਣਾ ਹੋਵੇ
ਬੱਚਿਆਂ ਤਾਂਈਂ ਵਰਾਉਣਾ ਹੋਵੇ
ਕੱਠਾ ਕਰਨਾ ਲਾਣਾ ਹੋਵੇ
ਕਿਸੇ ਨੂੰ ਰਸਤੇ ਪਾਉਣਾ ਹੋਵੇ

ਦਿਲ ਨਾਲ ਦਿਲ ਵਟਾਉਣਾ ਹੋਵੇ
ਜ਼ੁਲਫ਼ਾਂ ਵਿੱਚ ਉਲਝਾਉਣਾ ਹੋਵੇ
ਰੀਝਾਂ ਨੂੰ ਦਫ਼ਨਾਉਣਾ ਹੋਵੇ
ਜਾਂ ਫਿਰ ਹੱਕ ਜਤਾਉਣਾ ਹੋਵੇ

ਵੰਙਾਂ ਨੂੰ ਛਣਕਾਉਣਾ ਹੋਵੇ
ਘੁੰਡ ਵਿੱਚ ਮੁੱਖ ਛੁਪਾਉਣਾ ਹੋਵੇ
ਨੈਣੀ ਕੱਜਲ ਪਾਉਣਾ ਹੋਵੇ
ਫ਼ਿਰ ਉਸ ਨੂੰ ਮਟਕਾਉਣਾ ਹੋਵੇ

ਤੂੰਬੀ ਨੂੰ ਤੁਣਕਾਉਣਾ ਹੋਵੇ
ਡਫ਼ਲੀ ਤਾਂਈਂ ਵਜਾਉਣਾ ਹੋਵੇ
ਡਗਾ ਨਗਾਰੇ ਲਾਉਣਾ ਹੋਵੇ
ਢੋਲਕ ਨੂੰ ਖੜਕਾਉਣਾ ਹੋਵੇ

ਕਿਸੇ ਨੂੰ ਸ਼ਰਮ ਦਿਵਾਉਣੀ ਹੋਵੇ
ਕਿਸੇ ਨੂੰ ਕਰਨਾ ਕਾਣਾ ਹੋਵੇ
ਕੀਕਣ ਸੰਭਵ ਹੈ ਸਭ ਦੱਸੋ
ਜੇ ਨਾ ਛੇਕੜ ਨੂੰ ਣਾਣਾ ਹੋਵੇ

# ਅੱਜ "ਨਵਾਂ ਕੈਲੰਡਰ" ਨਹੀਂ "ਨਵੇਂ ਮਨੁੱਖ, ਨਵੇਂ ਇਨਸਾਨ ਦੀ ਮੂਰਤ ਕਿੱਲੀ ਤੇ ਟੰਗੀਏ-ਡਾ ਅਮਰਜੀਤ ਟਾਂਡਾ

ਹਰ ਸਾਲ ਅਸੀਂ ਘੜੀਆਂ ਦੇ ਘੰਟਿਆਂ ਨਾਲ ਨਵੀਂ ਸ਼ੁਰੂਆਤ ਕਰਦੇ ਖੋਜਦੇ ਹਾਂ — ਪਰ ਕੀ ਸਾਲ ਸਿਰਫ਼ ਕੈਲੰਡਰ ਦੇ ਪੰਨੇ ਪਲਟਣ ਨਾਲ ਨਵਾਂ ਹੋ ਜਾਂਦਾ ਹੈ?

ਨਵਾਂ ਤਾਂ ਉਸ ਵੇਲੇ ਹੁੰਦਾ ਹੈ ਜਦੋਂ ਅੰਦਰ ਕਈ ਪੁਰਾਣੇ ਡਰ, ਦੁੱਖ ਤੇ ਗਿਲੇ ਸ਼ਮਿਧ ਹੋ ਜਾਣ, ਮਿਟ ਜਾਣ, ਖ਼ਤਮ ਹੋ ਜਾਣ, ਖੁਰ ਜਾਣ।

ਸਗੋਂ ਖੁਸ਼ੀਆਂ ਹੀ ਹਰ ਪਾਸੇ ਫੁੱਲ ਬਣ ਜਾਣ।

ਤੁਹਾਡੇ ਸਾਹਾਂ ਦੀਆਂ ਸੁਗੰਧੀਆਂ ਮਹਿਕਾਂ ਆਂਢ ਗੁਆਂਢ ਰਿਸ਼ਤੇਦਾਰਾਂ ਦੋਸਤਾਂ ਮਿੱਤਰਾਂ ਦੀਆਂ ਰੂਹਾਂ ਵਿੱਚ ਜਾ ਕੇ ਨੱਚਣ, ਹੱਸਣ ਵਸਣ।

ਨਵਾਂ ਸਾਲ ਤਦ ਹੀ ਸੱਚਾ ਹੈ ਜਦੋਂ ਅਸੀਂ ਆਪਣੇ ਮਨ ਦੇ ਕਿਸੇ ਕੋਨੇ ਵਿੱਚ ਚਾਨਣ ਕਰ ਲਈਏ। ਤਾਂ ਕਿ ਹਨ੍ਹੇਰੇ ਦੀਆਂ ਪਰਤਾਂ ਧੂੜਾਂ ਪੂੰਝੀਆਂ ਜਾਣ, ਦੂਰ ਹੋ ਜਾਣ

ਇਸ ਜ਼ਿੰਦਗੀ ਦੇ ਰਾਹਾਂ ਤੇ ਹਰ ਕੋਈ ਕੁਝ ਨਾ ਕੁਝ ਖੋ, ਗੁਆ ਰਿਹਾ ਹੈ — ਕਿਸੇ ਦਾ ਵਿਸ਼ਵਾਸ, ਕਿਸੇ ਦੀ ਮਾਸੂਮ ਖੁਸ਼ੀ, ਕਿਸੇ ਦੀ ਆਸ ਗੁਆਚ ਰਹੀ ਹੈ ਪਲ ਪਲ।

ਪਰ ਹਰ ਖੋਹ ਦੇ ਇਕ ਕੋਣੇ ਵਿੱਚ ਇੱਕ ਨਵੀਂ ਉਮੀਦ ਦਾ ਬੀਜ਼ ਵੀ ਲੁਕਿਆ ਛੁਪਿਆ ਬੈਠਾ ਮਿਲਦਾ ਹੈ ਇਕ ਉਮੰਗ ਇਕ ਆਸ ਲੈ ਕੇ।

ਜੇ ਅਸੀਂ ਉਸ ਬੀਜ਼ ਨੂੰ ਨਰਮ ਹੱਥਾਂ ਨਾਲ ਚੁਕ ਬੀਜ ਲਈਏ, ਤਾਂ ਜ਼ਿੰਦਗੀ ਮੁੜ ਵਾਪਸ ਹਰੀ ਭਰੀ ਖੁਸ਼ਗੁਬਾਰ ਹੋ ਸਕਦੀ ਹੈ। ਵਿਹੜੇ ਵਿੱਚ ਖੇੜਾ ਆ ਸਕਦਾ, ਬੂਹੇ ਉੱਤੇ ਯਾਰਾਂ ਦਾ ਝੁਰਮਟ ਵੀ ਦੇਖਿਆ ਜਾ ਸਕਦਾ ਹੈ।

ਸਮਾਂ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਪਰ ਇਨਸਾਨ ਦੇ ਕੋਲ ਇੱਕ ਅਨੋਖੀ ਤਾਕਤ ਹੈ —ਸੋਚ ਬਦਲਣ ਦੀ, ਨਵੇਂ ਸਿਤਾਰੇ ਲੱਭਣ ਦੀ। ਜਦੋਂ ਸੋਚ ਬਦਲਦੀ ਹੈ, ਹਾਲਾਤਾਂ ਦਾ ਰੁਖ ਵੀ ਬਦਲ ਜਾਂਦਾ ਹੈ। ਇਸੇ ਲਈ ਨਵੇਂ ਸਾਲ ਦਾ ਸਭ ਤੋਂ ਸੁੰਦਰ ਵਾਅਦਾ ਕਿਸੇ ਤੋਹਫ਼ੇ ਜਾਂ ਸਫ਼ਲਤਾ ਤੋਂ ਵੱਧ ਹੈ— "ਮੈਂ ਆਪਣੇ ਆਪ ਦਾ ਬਿਹਤਰ ਰੂਪ ਬਣਾਵਾਂਗਾ।

ਚਲੋ ਇਸ ਸਾਲ ਨੂੰ ਨਵਾਂ ਬਣਾਈਏ — ਘੜੀਆਂ ਨਾਲ ਨਹੀਂ, ਇਰਾਦਿਆਂ ਨਾਲ। ਖੁਦ ਨਾਲ ਥੋੜ੍ਹੀ ਸ਼ਾਂਤੀ, ਦੂਜਿਆਂ ਨਾਲ ਥੋੜ੍ਹਾ ਪਿਆਰ, ਤੇ ਕੁਦਰਤਿ ਕਰਤਾ ਸਿਰਜਣਹਾਰ ਨਾਲ ਥੋੜ੍ਹਾ ਜਿਹਾ ਸੰਬੰਧ ਜੋੜੀਏ।

ਸ਼ਾਇਦ ਫਿਰ ਸਮਾਂ ਵੀ ਸਾਡੀ ਰੂਹ ਨਾਲ ਤਾਲ ਮੇਲ ਬਣਾ ਲਵੇ, ਬੈਠ ਕੇ ਰਾਗ ਅਲਾਪਣ ਲੱਗ ਜਾਵੇ। ਨਵਾਂ ਗੀਤ ਸ਼ਬਦ ਫੁੱਟ ਪਵੇਗਾ।

ਨਨਕਾਣੇ ਵਾਲੇ ਦਾ ਚੇਤਾ ਆ ਜਾਵੇਗਾ।

ਕਰਤਾਰਪੁਰ ਦਾ ਖੂਹ ਫਿਰ ਗਿੜ ਪਵੇਗਾ।

ਬਾਬਾ ਨਾਨਕ ਨੱਕੇ ਮੋੜਦਾ ਲੱਭ ਜਾਵੇਗਾ।

ਨਵਾਂ ਸਾਲ, ਪਰ ਨਵਾਂ ਤਾਂ ਉਹੀ ਹੈ,

ਜਿਹੜਾ ਆਪਣੇ ਮਨ ਵਿੱਚ ਚਿਰਾਗ ਬਾਲ ਲੈਂਦਾ ਹੈ। 25 ਤੋਂ 26 ਹੋਣਾ ਤਾਂ ਵਧੀਆ ਲੱਗੇਗਾ ਜੇ ਅਸੀਂ ਯਾਰਾਂ ਦੋਸਤਾਂ ਲਈ ਬੂਹੇ ਤੇ ਨਵਾਂ ਦੀਪਕ ਧਰੀਏ, ਸ਼ਰੀਂਹ ਦੇ ਪੱਤ ਬੰਨੀਏ, ਲਟਕਾਈਏ ਅੰਬ ਦੇ ਪੱਤੇ।

ਕੇਲਿਆਂ ਵਰਗੀਆਂ ਬਾਹਾਂ ਨੂੰ ਖਿਲਾਰ ਕੇ ਗਲਵੱਕੜੀਆਂ ਵਰਗੇ ਗੇਟ ਬਣਾਈਏ, ਤੇ ਕਿਸੇ ਸੋਹਣੇ ਨੂੰ ਦਿਲ ਸਾਹਾਂ ਦੀ ਕੋਰੀ ਚਾਦਰ ਵਿਛਾ ਕੇ ਬਿਠਾਈਏ।

ਪੁਰਾਣੇ ਗਿਲੇ ਛੱਡੀਏ, ਦਿਲਾਂ ਦੀਆਂ ਕਾਲਖਾਂ ਪੂੰਝੀਏ ਹਟਾਈਏ, ਤੇ ਸੁਪਨਿਆਂ ਨੂੰ ਫੇਰ ਤੋਂ ਜੀਓਣ ਜੋਗੇ ਕਰੀਏ, ਨਵੀਂਨ ਖਾਬਾਂ ਨੂੰ ਜਗਾਈਏ ਸੁੱਤਿਆਂ ਨੂੰ।

ਸਮਾਂ ਹਰ ਵੇਲੇ ਦੌੜਦਾ ਹੈ, ਪਰ ਰੂਹ ਉਹੀ ਅੱਗੇ ਵਧਦੀ ਹੈ, ਜੋ ਅੰਦਰ ਸਾਂਤ ਸੁਖੀ ਖੁਸ਼ ਹੋਵੇ, ਪਿਆਰ ਨਾਲ ਭਰੀ ਕਿਸੇ ਆਪਣੇ ਦੀ ਉਡੀਕ ਕਰਦੀ ਦਰਾਂ ਤੇ ਚਿਰਾਂ ਤੋਂ ਖੜ ਕੇ, ਭੁੱਖੀ ਪਿਆਸੀ ਮਰ ਕੇ।

ਇਸ ਸਾਲ ਕੁਝ ਹੋਰ ਨਹੀਂ ਚਾਹੀਦਾ —

ਸਿਰਫ਼ ਇਕ ਵਾਅਦਾ ਆਪਣੇ ਆਪ ਨਾਲ, ਕਿ ਹਰ

ਦਿਨ ਜੀਉਣਾ ਹੈ ਨਵੀਂ ਰੋਸ਼ਨੀ ਵਾਲਾ, ਨਵੀਆਂ ਰਿਸ਼ਮਾਂ ਵਾਲਾ।

ਸੋ ਆਓ ਅੱਜ ਸਾਰੇ ਰੁੱਸਿਆਂ ਨੂੰ ਵੀ ਮਨਾਈਏ, ਉਹਨਾਂ ਨੂੰ ਮੁਬਾਰਕਾਂ ਦੇ ਚਾਅ ਫੁੱਲ ਖੁਸ਼ੀਆਂ ਸੁਗੰਧੀਆਂ ਘੱਲੀਏ।

ਜੇ ਤੁਸੀਂ ਅੱਜ ਮੇਰੀ ਇਹ ਨਿੱਕੀ ਜਿਹੀ ਅਰਜ਼ ਮੰਨ ਲਈ, ਇੰਝ ਕੀਤਾ ਜੇ ਇੰਝ ਹੋਇਆ ਤਾਂ ਆਪਸੀ ਗਿਲੇ ਸ਼ਿਕਵੇ ਸ਼ਿਕਾਇਤਾਂ ਆਪਣੇ ਆਪ ਖੁਰ ਜਾਣਗੀਆਂ ਸਾਲਾਂ ਦੀਆਂ ਮਨਾਂ ਵਿੱਚ ਰੀਂਗਦੀਆਂ, ਵਿਸ਼ ਘੋਲਦੀਆਂ ਸੁਲਗਦੀਆਂ।

ਪੁਰਾਣੇ ਦੁੱਖ, ਗਿਲੇ ਤੇ ਟੁੱਟੇ ਸੁਫ਼ਨੇ,ਇਹ ਸਭ ਛੱਡ ਕੇ ਜਦੋਂ ਕੋਈ ਦਿਲ ਵਿੱਚ ਵਸਦਾ ਚਾਨਣ ਕਰਦਾ ਹੈ, ਉਹੀ ਵਕਤ ਨਵਾਂ ਸਾਲ ਬਣ ਜਾਂਦਾ ਹੈ।

ਕਿਸੇ ਨਾਲ ਥੋੜ੍ਹਾ ਪਿਆਰ ਮੁਹੱਬਤ, ਆਪਣੇ ਨਾਲ ਥੋੜੀ ਸ਼ਾਂਤੀ, ਤੇ ਕੁਦਰਤ ਕਾਇਨਾਤ ਨਾਲ ਥੋੜ੍ਹਾ ਨਾਤਾ ਸਬੰਧ ਜੋੜੋ ...ਬੱਸ, ਹੋਰ ਕੁਝ ਨਹੀਂ ਚਾਹੀਦਾ ਹੁੰਦਾ ਇਹਨਾਂ ਨਿਮਾਣੀਆਂ ਜਿਹੀਆਂ ਰੂਹਾਂ ਨੂੰ।

"ਨਵਾਂ ਕੈਲੰਡਰ" ਨਹੀਂ, ਇਸ ਸਾਲ "ਨਵੇਂ ਮਨੁੱਖ, ਨਵੇਂ ਇਨਸਾਨ ਦੀ ਮੂਰਤ ਕਿੱਲੀ ਤੇ ਟੰਗੀਏ

**ਸੰਪਰਕ**+61 412913021

**ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਤੇ ਖੇਤੀ ਮਾਹਰ**

**ਹਿੰਦੀ ਮਿੰਨੀ ਕਹਾਣੀ**

# ਉਮੀਦ

* ਮੂਲ : ਸ਼ੋਭਾ ਗੋਇਲ

* ਅਨੁ : ਪ੍ਰੋ. ਨਵ ਸੰਗੀਤ ਸਿੰਘ

ਹੱਡੀਆਂ ਨੂੰ ਯਖ਼ ਕਰਨ ਵਾਲੀ ਠੰਡ ਵਿੱਚ ਦਰਵਾਜ਼ੇ ਤੇ ਕੋਈ ਦਸਤਕ ਦੇ ਰਿਹਾ ਸੀ। ਉਹ ਝੱਟ ਉੱਠਿਆ ਅਤੇ ਕੰਧ 'ਤੇ ਲੱਗੀ ਘੜੀ ਵੱਲ ਵੇਖਿਆ। ਸਵੇਰ ਦੇ ਡੇਢ ਵੱਜੇ ਸਨ। 'ਰਾਤ ਦੇ ਇਸ ਸਮੇਂ ਕੌਣ ਹੋਵੇਗਾ ! ਰੱਬ ਖ਼ੈਰ ਕਰੇ !' ਬਹੁਤ ਡਰਦੇ-ਡਰਦੇ ਉਹਨੇ ਦਰਵਾਜ਼ਾ ਖੋਲ੍ਹਿਆ। ਇੱਕ ਘਬਰਾਇਆ ਹੋਇਆ ਆਦਮੀ ਉਸਦੇ ਸਾਹਮਣੇ ਖੜ੍ਹਾ ਸੀ।

''ਕੌਣ ਹੋ ਤੁਸੀਂ ? ਕੀ ਗੱਲ ਹੈ ?''

''ਇਸ ਸ਼ਹਿਰ ਵਿੱਚ ਮੈਂ ਪਹਿਲੀ ਵਾਰ ਆਇਆ ਹਾਂ। ਮੈਂ ਤੁਹਾਡੇ ਘਰ ਦੇ ਨੇੜੇ ਧਰਮਸ਼ਾਲਾ ਵਿੱਚ ਰਹਿ ਰਿਹਾ ਹਾਂ। ਮੇਰੀ ਬੇਟੀ ਦੀ ਸਵੇਰੇ ਸੱਤ ਵਜੇ ਮੁਕਾਬਲਾ-ਪ੍ਰੀਖਿਆ ਹੈ। ਰਾਤੀਂ ਖਾਣਾ ਖਾਣ ਤੋਂ ਬਾਅਦ ਉਸਨੂੰ ਅਚਾਨਕ ਅਸਹਿ ਪੇਟ ਦਰਦ ਹੋਣ ਲੱਗ ਪਿਆ। ਮੈਂ ਓਹੜ-ਪੋਹੜ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਦਰਦ ਘੱਟ ਨਹੀਂ ਹੋਇਆ।''

''ਤਾਂ, ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ?''

''ਮੇਰੇ ਇੱਕ ਜਾਣਕਾਰ ਡਾਕਟਰ ਨੇ ਫ਼ੋਨ 'ਤੇ ਬੀਮਾਰੀ ਦੇ ਲੱਛਣ ਸੁਣ ਕੇ ਐਮਰਜੈਂਸੀ ਦੇ ਹਿਸਾਬ ਨਾਲ ਇੱਕ ਦਵਾਈ ਲੈਣ ਬਾਰੇ ਕਿਹਾ ਹੈ। ਉਨ੍ਹਾਂ ਨੇ ਦੱਸਿਆ ਹੈ ਕਿ ਇਹ ਦਵਾਈ ਤੁਰੰਤ ਰਾਹਤ ਪ੍ਰਦਾਨ ਕਰੇਗੀ ਤਾਂ ਜੋ ਮੇਰੀ ਬੇਟੀ ਸਵੇਰੇ ਆਪਣੀ ਪ੍ਰੀਖਿਆ ਚੰਗੀ ਤਰ੍ਹਾਂ ਦੇ ਸਕੇ। ਪਰ ਸਮੱਸਿਆ ਇਹ ਹੈ ਕਿ ਨੇੜੇ ਸਾਰੀਆਂ ਦਵਾਈਆਂ ਦੀਆਂ ਦੁਕਾਨਾਂ ਬੰਦ ਹਨ। ਧਰਮਸ਼ਾਲਾ ਵਿੱਚ ਸਾਨੂੰ ਉੱਥੇ ਪਰੇਸ਼ਾਨੀ ਵਿੱਚ ਵੇਖ ਕੇ ਕਿਸੇ ਨੇ ਮੈਨੂੰ ਤੁਹਾਡੇ ਬਾਰੇ ਦੱਸਿਆ ਤੇ ਕਿਹਾ ਕਿ ਤੁਸੀਂ ਇੱਕ ਕੈਮਿਸਟ ਹੋ, ਇਸ ਲਈ ਮੈਂ...''

''ਇੱਕ ਮਿੰਟ ਰੁਕੋ, ਮੈਂ ਦੁਕਾਨ ਦੀਆਂ ਚਾਬੀਆਂ ਲੈ ਕੇ ਆਉਂਦਾ ਹਾਂ।'' ਉਹ ਪਿੱਛੇ ਮੁੜਿਆ।

ਅੰਦਰੋਂ ਉਸਦੀ ਪਤਨੀ ਨੇ ਕਿਹਾ, ''ਕਿਉਂ ਪਰੇਸ਼ਾਨ ਹੋ ਰਹੇ ਹੋ? ਬਾਹਰ ਬਹੁਤ ਠੰਡ ਹੈ। ਸੌਂ ਜਾਓ।''

ਉਸਨੇ ਕਿਹਾ, ''ਉਹ ਸਿਰਫ਼ ਪੈਸੇ ਨਾਲ ਨਹੀਂ ਸਗੋਂ ਉਮੀਦ ਨਾਲ ਵੀ ਦਵਾਈ ਖਰੀਦਣ ਆਇਆ ਹੈ ਅਤੇ ਮੈਂ ਉਸਨੂੰ ਨਿਰਾਸ਼ ਨਹੀਂ ਕਰ ਸਕਦਾ।''

****

* ਮੂਲ : ਸ਼ੋਭਾ ਗੋਇਲ, ਜੈਪੁਰ (ਰਾਜਸਥਾਨ)

* ਅਨੁ : ਪ੍ਰੋ ਨਵ ਸੰਗੀਤ ਸਿੰਘ,

ਪਟਿਆਲਾ -147002

(9417692015)

# ਸੰਘੇ ਖਾਲਸਾ ਦਾ ਸਲਾਨਾ ਖੇਡ ਮੇਲਾ ਅਤੇ ਸੱਭਿਆਚਾਰਕ ਸਮਾਗਮ ਸਫਲਤਾ ਸਹਿਤ ਸੰਪੰਨ




ਹਰ ਸਾਲ ਦੀ ਤਰ੍ਹਾਂ ਪਿੰਡ ਸੰਘੇ ਖਾਲਸਾ ਤਹਿਸੀਲ ਫਿਲੌਰ ਵਿਖੇ ਤਿੰਨ ਰੋਜ਼ਾ ਖੇਡ ਮੇਲਾ, ਕਵੀ ਦਰਬਾਰ, ਨਾਟਕ, ਇਨਾਮ ਵੰਡ ਸਮਾਰੋਹ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਬਾਬੇ ਸ਼ਹੀਦਾਂ ਦੇ ਸਥਾਨ ਤੇ ਰਚਾਇਆ ਗਿਆ। ਇਹ ਸਾਰੇ ਸਮਾਗਮ ਸਰਵ ਸ਼੍ਰੀ ਜੀਤਾ ਰੰਧਾਵਾ, ਸਰਬਜੀਤ ਸਿੰਘ ਰੰਧਾਵਾ, ਰਾਜ ਸਿੱਧੂ, ਪਿਆਰਾ ਸਿੰਘ ਸੰਘਾ, ਗੁਰਸ਼ਰਨ ਸੰਘਾ ਅਤੇ ਸਤਿੰਦਰ ਸਿੰਘ ਸੰਘਾ ਦੀ ਰਹਿਨੁਮਾਈ ਹੇਠ ਕਰਵਾਏ ਗਏ । ਮਿਤੀ 12 ਅਤੇ 13 ਜਨਵਰੀ ਨੂੰ ਹੋਏ ਇਸ ਖੇਡ ਮੇਲੇ ਦਾ ਉਦਘਾਟਨ ਸ੍ਰੀ ਧਰਮਵੀਰ ਧੰਮੀ ਜੀ ਨੇ ਕੀਤਾ। ਇਨਾਮਾਂ ਦੀ ਵੰਡ ਸ. ਉਂਕਾਰ ਸਿੰਘ ਬਰਾੜ ਡੀ ਐੱਸ ਪੀ ਨਕੋਦਰ ਨੇ ਕੀਤੀ। ਇਸ ਖੇਡ ਮੇਲੇ



ਦੌਰਾਨ ਕ੍ਰਾਸ ਕੰਟਰੀ,ਵਾਲੀਬਾਲ ਅਤੇ ਕੁਸ਼ਤੀ ਮੁਕਾਬਲੇ ਕਰਵਾਏ ਗਏ। ਕ੍ਰਾਸ ਕੰਟਰੀ 'ਚ ਕੁੱਲ 77 ਲੜਕੇ ਲੜਕੀਆਂ ਅਤੇ ਵਾਲੀਬਾਲ ਵਿੱਚ ਲੜਕੇ ਲੜਕੀਆਂ ਦੀਆ 14 ਟੀਮਾ ਨੇ ਭਾਗ ਲਿਆ। ਕ੍ਰਾਸ ਕੰਟਰੀ ਅੰਡਰ 17 ਵਿੱਚ ਕਰਮਜੀਤ ਸਿੰਘ ਫਿਰੋਜ਼ਪੁਰ, ਪ੍ਰੀਤ ਕੁਮਾਰ ਲੁਧਿਆਣਾ ਅਤੇ ਗੌਰਵ ਕੁਮਾਰ ਜਲੰਧਰ ਕ੍ਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਲੜਕੀਆਂ ਵਿੱਚ ਅਦੀਬ ਕੌਰ ਲੁਧਿਆਣਾ, ਹਰਮਨ ਕੌਰ ਤਰਨਤਾਰਨ, ਹਰਪ੍ਰੀਤ ਕੌਰ ਤਰਨਤਾਰਨ ਕ੍ਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਅੰਡਰ 20 ਵਰਗ ਵਿਚ ਸੰਦੀਪ ਹਰਿਆਣਾ, ਬਿਕਰਮ ਸਿੰਘ ਪਟਿਆਲਾ ਅਤੇ ਅਰਸ਼ਦੀਪ ਸਿੰਘ ਸੰਗਰੂਰ , ਲੜਕੀਆਂ ਵਿੱਚ ਪਾਇਲ ਹਰਿਆਣਾ, ਮੁਸਕਾਨ ਹੁਸ਼ਿਆਰਪੁਰ ਤੇ ਰਾਜਬਿੰਦਰ ਕੌਰ ਤਰਨਤਾਰਨ ਕ੍ਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਵਾਲੀਬਾਲ ਲੜਕੇ ਵਿਰਕਾਂ, ਹਰੀਪੁਰ ਖਾਲਸਾ ਤੇ ਧਾਲੀਵਾਲ ਕਾਦੀਆਂ ਤੇ ਲੜਕੀਆਂ ਫ਼ਰੀਦਕੋਟ, ਬਰਨਾਲਾ ਤੇ ਲੁਧਿਆਣਾ ਕ੍ਰਮਵਾਰ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਰਹੇ। ਕੁਸ਼ਤੀ ਮੁਕਾਬਲੇ ਜਗਰੂਪ ਸ਼ੰਕਰ ਤੇ ਸਾਬੀ ਭੋਡੇ ਸਮਰਾਏ, ਮੰਨਤ ਸ਼ੰਕਰ ਤੇ ਕਾਲੀ ਮੌਲੀ, ਅਲੀ ਸ਼ੰਕਰ ਤੇ ਨਰਿੰਦਰ ਮੌਲੀ, ਵਰਿੰਦਰ ਸ਼ੰਕਰ ਤੇ ਸਰਬਜੋਤ ਪੀ.ਏ.ਪੀ., ਲੱਖਾ ਸ਼ੰਕਰ ਤੇ ਕਮਲ ਭੋਡੇ ਸਮਰਾਏ, ਗੁਲਾਬ ਦੀਨ ਸ਼ੰਕਰ ਤੇ ਆਕਾਸ਼ ਮਹਿਲ ਗਹਿਲਾਂ, ਸਾਦਕ ਸ਼ੰਕਰ ਤੇ ਬਬਲੂ ਮਹਿਲ ਗਹਿਲਾਂ, ਬਿੰਦਾ ਸ਼ੰਕਰ ਤੇ ਸਨੀ ਮੌਲੀ, ਚਰਨਜੀਤ ਸ਼ੰਕਰ ਤੇ ਕਰਨ ਮੌਲੀ, ਦੁੱਲਾ ਮਹਿਲ ਗਹਿਲਾਂ ਤੇ ਜੈਵੀ ਸ਼ੰਕਰ, ਹੀਰਾ ਪੀਏਪੀ ਤੇ ਕਾਦੀਨ ਮਹਿਲ ਗਹਿਲਾਂ, ਸੋਫਾਕਤ ਸ਼ੰਕਰ ਤੇ ਕਾਲੂ ਸੰਘੇ



ਖਾਲਸਾ, ਜੋਬਨ ਸੰਘੇ ਖਾਲਸਾ ਤੇ ਦਮਨ ਸ਼ੰਕਰ, ਦਿਲਪ੍ਰੀਤ ਪੀ.ਏ.ਪੀ. ਤੇ ਆਰੀਅਨ ਮੌਲੀ, ਨਵਜੋਤ ਕੌਰ ਪੀ.ਏ.ਪੀ. ਤੇ ਜਸਮੀਤ ਕੌਰ ਵਿਚਕਾਰ ਕੁਸ਼ਤੀਆਂ ਹੋਈਆਂ ਜੋ ਕ੍ਰਮਵਾਰ ਪਹਿਲੇ ਦੂਜੇ ਸਥਾਨ ਤੇ ਰਹੇ।

14 ਜਨਵਰੀ ਨੂੰ ਹੋਏ ਸੱਭਿਆਚਾਰਕ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਬੇਟੀ ਅਵਨੀਤ ਕੌਰ ਰੰਧਾਵਾ ਨੇ ਗੁਰਬਾਣੀ ਦੇ ਸ਼ਬਦ ਗਾਇਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਉਪਰੰਤ ਕਵੀ ਦਰਬਾਰ ਹੋਇਆ ਜਿਸ ਵਿੱਚ ਸਰਵ ਸ਼੍ਰੀ ਕੁਲਵੀਰ ਸਿੰਘ ਕੰਵਲ, ਆਸ਼ੀ ਈਸਪੁਰੀ, ਸੰਤ ਸਿੰਘ ਸੰਧੂ, ਨੱਕਾਸ਼ ਚਿੱਤੇਆਣੀ, ਮਨਜੀਤ ਮਿੱਤਰ, ਪ੍ਰੀਤ ਲੱਧੜ, ਜਸਵੀਰ ਸ਼ਾਇਰ, ਡਾ. ਰਾਮ ਮੂਰਤੀ, ਸੁਮਨਦੀਪ ਕੌਰ ਤੇ ਸ਼ਬਦੀਸ਼ ਨੇ ਆਪਣੀਆਂ ਕਵਿਤਾਵਾਂ ਪੜ੍ਹ ਕੇ ਮਾਹੌਲ ਬੰਨ੍ਹ ਕੇ ਰੱਖ ਦਿੱਤਾ। ਉਪਰੰਤ ਸੁਚੇਤਕ ਰੰਗਮੰਚ ਮੁਹਾਲੀ ਦੀ ਟੀਮ ਵੱਲੋਂ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ਹੇਠ ਗਦਰੀ ਮਾਤਾ ਗੁਲਾਬ ਕੌਰ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਾਟਕ ਖੇਡਿਆ ਗਿਆ। ਤਕਰੀਬਨ ਸਵਾ ਘੰਟਾ ਚੱਲੇ ਇਸ ਨਾਟਕ ਵਿੱਚ ਗਦਰ ਪਾਰਟੀ ਦੀ ਕਾਰਕੁੰਨ ਰਹੀ ਬੀਬੀ ਗੁਲਾਬ ਕੌਰ ਦੇ ਜੀਵਨ ਅਤੇ ਸੰਘਰਸ਼ ਸਬੰਧੀ ਅਦਾਕਾਰਾ ਸ੍ਰੀਮਤੀ ਅਨੀਤਾ ਨੇ ਆਪਣੇ ਅਭਿਨੈ ਦੇ ਜੋਰ ਤੇ ਜਿਵੇਂ ਬੀਬੀ ਗੁਲਾਬ ਕੌਰ ਨੂੰ ਮੁੜ ਸੁਰਜੀਤ ਕਰ ਦਿੱਤਾ। ਨਾਟਕ ਦੇ ਹਰ ਪੜਾਅ ’ਤੇ ਸੰਜੀਦਾ ਸਰੋਤਿਆਂ ਦੀਆਂ ਤਾੜੀਆਂ ਨੇ ਨਾਟਕ ਦੇ ਪ੍ਰਭਾਵ ਨੂੰ ਹੋਰ ਵੀ ਗਹਿਰਾ ਕਰ ਦਿੱਤਾ। ਨਾਟਕ ਤੋਂ ਬਾਅਦ ਵੱਖ ਵੱਖ ਸਕੂਲਾਂ ਕਾਲਜਾਂ ਤੋਂ ਆਏ 100 ਤੋਂ ਵੱਧ ਹੁਸ਼ਿਆਰ ਬੱਚਿਆਂ ਨੂੰ ਫਾਈਲ ਫੋਲਡਰ, ਸਾਹਿਤਕ ਪੁਸਤਕਾਂ ਅਤੇ ਕੈਸ਼ ਪ੍ਰਾਈਜ਼ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਮੌਕੇ ’ਤੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਨ ਲਈ ਡਾ. ਰਵਜੋਤ ਸਿੰਘ, ਐੱਨ. ਆਰ. ਆਈ. ਮਨਿਸਟਰ ਪੰਜਾਬ ਸਰਕਾਰ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਦਾ ਸਰੋਤਿਆਂ ਨਾਲ ਤੁਆਰੁਫ਼ ਕਰਾਉਂਦਿਆਂ ਸੀਨੀਅਰ ਪੱਤਰਕਾਰ ਸ੍ਰੀ ਜਤਿੰਦਰ ਪੰਨੂ ਨੇ ਦੱਸਿਆ ਕਿ ਡਾ. ਰਵਜੋਤ ਸਿੰਘ ਇੱਕ ਨੇਕ ਅਤੇ ਇਮਾਨਦਾਰ ਮੰਤਰੀ ਹਨ। ਪੰਜਾਬ ਸਰਕਾਰ ਵਿੱਚ ਉਹਨਾਂ ਦੀ ਭੂਮਿਕਾ ਬਹੁਤ ਅਰਥ ਭਰਪੂਰ ਆਂਕੀ ਜਾ ਰਹੀ ਹੈ। ਡਾ. ਰਵਜੋਤ ਸਿੰਘ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਪਿੰਡ ਸੰਘੇ ਖਾਲਸਾ ਵਿੱਚ ਹੋ ਰਹੇ ਵਾਤਾਵਰਣ ਸੰਭਾਲ ਅਤੇ ਗੰਦੇ ਪਾਣੀਆਂ ਦੀ ਸੰਭਾਲ ਸਬੰਧੀ ਬੋਲਦਿਆਂ ਕਿਹਾ ਕਿ ਅੱਜ ਜਿਹੜੇ ਸਰੋਕਾਰਾਂ ਸਬੰਧੀ ਸਰਕਾਰਾਂ ਸੁਚੇਤ ਹੋ ਰਹੀਆਂ ਹਨ ਸੰਘੇ ਖਾਲਸਾ ਦੇ ਨਿਵਾਸੀਆਂ ਨੇ ਉਹ ਕਾਰਜ ਪਹਿਲਾਂ ਹੀ ਕਰ ਦਿੱਤੇ ਹਨ। ਉਹਨਾਂ ਦੱਸਿਆ ਕਿ ਉਹਨਾਂ ਨੂੰ ਇਸ ਪਿੰਡ ਵਿੱਚ ਆ ਕੇ ਵੱਡੀ ਖੁਸ਼ੀ ਦਾ ਅਹਿਸਾਸ ਹੋਇਆ ਹੈ ਕਿ ਕੁਝ ਸੁਚੇਤ ਤੇ ਜਾਗਰੂਕ ਇਨਸਾਨ ਵੀ ਇਸ ਪਿੰਡ ਵਿੱਚ ਰਹਿੰਦੇ ਹਨ। ਗੁਰੂ ਨਾਨਕ ਨੈਸ਼ਨਲ ਕਾਲਜ ਲੜਕੀਆਂ ਨਕੋਦਰ ਦੇ ਸਾਬਕਾ ਪ੍ਰਿੰਸੀਪਲ ਡਾ. ਸੁਖਵਿੰਦਰ ਕੌਰ ਸੰਘਾ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸਾਬਕਾ ਜ਼ਿਲਾ ਸਿੱਖਿਆ ਅਫ਼ਸਰ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ਨੇ ਆਪਣੇ ਸੰਬੋਧਨ ਰਾਹੀਂ ਜਿੱਥੇ ਇਨਾਮ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਉੱਥੇ ਪਿੰਡ ਸੰਘੇ ਖਾਲਸਾ ਵਿੱਚ ਹੋ ਰਹੇ ਨੇਕ ਕਾਰਜਾਂ ਦੀ ਸ਼ਲਾਘਾ ਵੀ ਕੀਤੀ। ਉਹਨਾਂ ਯਕੀਨ ਦਿਵਾਇਆ ਕਿ ਪੰਜਾਬੀ ਸੱਥ ਇਹਨਾਂ ਕਾਰਜਾਂ ਲਈ ਹਮੇਸ਼ਾ ਇਸ ਪਿੰਡ ਦੇ ਸਹਿਯੋਗ ਵਿੱਚ ਆਪਣਾ ਯੋਗਦਾਨ ਪਾਉਂਦੀ ਰਹੇਗੀ। ਜ਼ਿਕਰਯੋਗ ਹੈ ਕਿ ਉਹਨਾਂ ਨੇ ਪੁਸਤਕ ਪ੍ਰਦਰਸ਼ਨੀ ਲਈ ਪੰਜਾਬੀ ਸੱਥ ਦੀਆਂ ਅਹਿਮ ਪੁਸਤਕਾਂ ਵੀ ਭੇਂਟ ਕੀਤੀਆਂ ਜਿਹਨਾਂ ਵਿੱਚ ਹਾਜ਼ਰ ਲੋਕਾਂ ਨੇ ਬੜੀ ਦਿਲਚਸਪੀ ਦਿਖਾਈ। ਪ੍ਰਧਾਨਗੀ ਮੰਡਲ ਵੱਲੋਂ ਇਸ ਵਾਰ ਦਾ ਸਵਰਗੀ ਸਤਨਾਮ ਸਿੰਘ ਰੰਧਾਵਾ ਪੁਰਸਕਾਰ ਪੰਜਾਬੀ ਦੇ ਪ੍ਰਸਿੱਧ ਕਵੀ ਜਨਾਬ ਸੰਤ ਸਿੰਘ ਸੰਧੂ ਹੋਰਾਂ ਨੂੰ ਪ੍ਰਦਾਨ ਕੀਤਾ ਗਿਆ, ਜਿਸ ਵਿੱਚ ਇੱਕ ਸ਼ਾਲ, ਸ਼ੋਭਾ ਪੱਤਰ ਅਤੇ ਨਗਦੀ ਸ਼ਾਮਿਲ ਸੀ। ਸਮਾਗਮ ਨੂੰ ਪਰਮਜੀਤ ਸਿੰਘ ਰਾਣਾ ਨੇ ਪਾਣੀਆਂ ਦੇ ਮੁੱਦੇ ਤੇ ਆਪਣੀ ਗੱਲ ਰੱਖਦਿਆਂ ਸੰਬਧਨ ਕੀਤਾ। ਇਸ ਮੌਕੇ ਤੇ ਰਣਧੀਰ ਸਿੰਘ ਸਾਬਕਾ ਡੀਐਸਪੀ, ਪ੍ਰਸਿੱਧ ਗਾਇਕ ਕੇ ਐਸ ਮੱਖਣ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ, ਕੁਲਤਾਰ ਸਿੰਘ ਸਰਾਏ ਪ੍ਰਿੰ. ਸੁਖਵਿੰਦਰ ਕੌਰ ਸੰਘਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸੋਹਣ ਸਿੰਘ ਸੰਘਾ, ਡਾ. ਜਗਤਾਰ ਸਿੰਘ ਸੰਘਾ, ਪ੍ਰਿੰ. ਕੁਲਵੰਤ ਸਿੰਘ, ਸੁਮਨ ਸ਼ਾਮਪੁਰੀ,ਰੀਨਾ ਸੁਮਨ, ਬਹਾਦਰ ਸਿੰਘ ਸ਼ਾਦੀਪੁਰ , ਸਰੂਪ ਪਹਿਲਵਾਨ, ਹਰਜਿੰਦਰ ਸਿੰਘ ਢਿੱਲੋਂ, ਸੀਤਲ ਸਿੰਘ ਸੰਘਾ ਯੂਕੇ, ਸਾਬਕਾ ਐਮ.ਐਲ.ਏ. ਮੋਹਨ ਲਾਲ ਬੰਗਾ, ਯਸ਼ਪਾਲ ਅਟਵਾਲ ਪ੍ਰਸ਼ੋਤਮ ਸੋਂਧੀ ਜਲੰਧਰ, ਅਸ਼ਵਨੀ ਕੁਮਾਰ ਮਹਿਤਪੁਰ, ਕਮਲਜੀਤ ਸਿੰਘ ਹੇਅਰ (ਫੂਡ ਬੈਂਕ), ਪੱਪਾ ਸਰਪੰਚ ਆਦਿ ਸ਼ਾਮਿਲ ਹੋਏ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਮੰਚ ਦਾ ਸੰਚਾਲਨ ਡਾ. ਰਾਮ ਮੂਰਤੀ ਨੇ ਬੜੇ ਹੀ ਪੁਰਖ ਖਲੂਸ ਢੰਗ ਨਾਲ ਕੀਤਾ। (ਰਿਪੋਟ – ਡਾ. ਰਾਮ ਮੂਰਤੀ)

# ਮੇਰੀ ਸਿਮਰਤੀ ਵਿਚ ਡਾ. ਜਸਵੰਤ ਸਿੰਘ ਨੇਕੀ

ਪ੍ਰੋ. ਸੁਹਿੰਦਰ ਬੀਰ



ਡਾ. ਜਸਵੰਤ ਸਿੰਘ ਨੇਕੀ ਨਾਲ ਮੇਰੀ ਸਾਂਝ ਦਾ ਸਿਲਸਿਲਾ 1978 ਈ. ਦੇ ਅੰਤਲੇ ਦਿਨਾਂ ਵਿਚ ਆਰੰਭ ਹੁੰਦਾ ਹੈ। ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮੈਰਿਟ ਵਿੱਚ ਦੂਸਰੇ ਨੰਬਰ ਤੇ ਰਹਿ ਕੇ ਐਮ.ਏ. ਪੰਜਾਬੀ ਕਰਕੇ ਐਮ.ਫਿਲ. ਵਿਚ ਦਾਖਲਾ ਲੈ ਲਿਆ ਸੀ। ਛੋਟੇ ਮੋਟੇ ਖੋਜ-ਪੱਤਰਾਂ ਤੋਂ ਬਾਅਦ ਮੈਂ ਖੋਜ-ਨਿਬੰਧ ਲਈ ਟਾੱਪਿਕ ਦੀ ਚੋਣ ਕਰਨੀ ਸੀ। ਐਮ.ਏ. ਵਿਚ ਮੈਂ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿਚ ਇਸ਼ਕ ਦੇ ਸਰੂਪ ਦੇ ਵਿਸ਼ੇ ਉਪਰ ਖੋਜ-ਨਿਬੰਧ ਲਿਖਿਆ ਸੀ ਅਤੇ ਮੇਰੇ ਨਿਗਰਾਨ ਡਾ. ਦੀਵਾਨ ਸਿੰਘ ਜੀ ਸਨ।



ਡਾਕਟਰ ਜਸਵੰਤ ਸਿੰਘ ਨੇਕੀ

ਆਮ ਕਰਕੇ ਯੂਨੀਵਰਸਿਟੀਆਂ ਵਿਚ ਇਕ ਵਾਰ ਜਿਸ ਗੁਰੂ ਦਾ ਲੜ ਫੜ ਲਿਆ ਜਾਵੇ ਉਸ ਨਾਲ ਹੀ ਖੋਜ ਦੀ ਸਾਰੀ ਉਮਰ ਨਿਭਾਉਣੀ ਪੈਂਦੀ ਹੈ। ਐਮ.ਏ. ਦੌਰਾਨ ਸੂਫ਼ੀ-ਚਿੰਤਨ ਬਾਰੇ ਪਰਖ-ਪੜਚੋਲ ਕਰਦਿਆਂ ਕਦੇ ਕਦੇ ਮੈਨੂੰ ਇਉਂ ਪ੍ਰਤੀਤ ਹੁੰਦਾ ਕਿ ਜਿਓਂ ਮੈਂ ਕਲਪਨਾ ਜਗਤ ਵਿਚ ਹੀ ਘੁੰਮਦਾ ਰਹਿੰਦਾ ਹਾਂ ਅਤੇ ਇਹ ਮਿੱਥਾਂ ਅਤੇ ਕਥਾ-ਕਹਾਣੀਆਂ ਬੀਤੇ ਸਮੇਂ ਦੀਆਂ ਗੱਲਾਂ ਹੋ ਗਈਆਂ ਹਨ। ਸੋ ਮੈਂ ਡਾ. ਦੀਵਾਨ ਸਿੰਘ ਜੀ ਨੂੰ ਆਧੁਨਿਕ ਪੰਜਾਬੀ ਕਵਿਤਾ ਬਾਰੇ ਖੋਜ-ਕਾਰਜ ਕਰਨ ਲਈ ਬੇਨਤੀ ਕੀਤੀ। ਉਨ੍ਹਾਂ ਨੇ ਹਾਂ ਕਰ ਦਿੱਤੀ ਪਰ ਨਾਲ ਹੀ ਪੁੱਛਿਆ ਕਿ ਕਿਸ ਵਿਸ਼ੇ ਉਪਰ ਖੋਜ ਕਰਨ ਦਾ ਮਨ ਬਣਾਇਆ ਹੈ। ਮੈਂ ਕਿਹਾ ਕਿ ਹੁਣੇ ਹੁਣੇ ਡਾ. ਜਸਵੰਤ ਸਿੰਘ ਨੇਕੀ ਦੀ ਪੁਸਤਕ 'ਕਰੁਣਾ ਦੀ ਛੋਹ ਤੋਂ ਮਗਰੋਂ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ ਹੈ, ਇਸ ਕਵੀ ਦੀ ਕਵਿਤਾ ਉਪਰ ਖੋਜ ਕਰ ਲੈਂਦੇ ਹਾਂ। ਡਾ. ਸਾਹਿਬ ਕਹਿਣ ਲੱਗੇ ਕਿ ਤੂੰ ਉਸਦੀ ਪੁਸਤਕ ਪੜ੍ਹਕੇ ਮੈਨੂੰ ਦੋ-ਚਾਰ ਪੰਨੇ ਲਿਖਕੇ ਦਿਖਾ ਦੇ, ਫੇਰ ਸਲਾਹ ਕਰਦੇ ਹਾਂ। ਮੈਂ ਦੋ ਕੁ ਦਿਨ ਬਾਅਦ ਕਵਿਤਾ ਦੀ ਕਿਤਾਬ ਪੜ੍ਹ ਕੇ ਦੋ-ਚਾਰ ਪੰਨੇ ਲਿਖਕੇ ਲੈ ਗਿਆ। ਡਾ. ਦੀਵਾਨ ਸਿੰਘ ਹੋਰੀਂ ਪੜ੍ਹਕੇ ਕਹਿਣ ਲੱਗੇ ਕਿ ਮੈਨੂੰ ਆਧੁਨਿਕ ਕਵਿਤਾ ਬਾਰੇ, ਖ਼ਾਸ ਕਰਕੇ ਨੇਕੀ ਦੀ ਕਵਿਤਾ ਦੀ ਕੋਈ ਸਮਝ ਨਹੀਂ ਪੈਂਦੀ, ਤੂੰ ਹੋਰ ਕਿਸੇ ਅਧਿਆਪਕ ਨੂੰ ਆਪਣਾ ਨਿਗਰਾਨ ਬਣਾ ਲੈ। ਮੈਂ ਡਾਕਟਰ ਸਤਿੰਦਰ ਸਿੰਘ ਹੋਰਾਂ ਨਾਲ ਨੇਕੀ ਕਾਰ ਬਾਰੇ ਸਲਾਹ- ਮਸ਼ਵਰਾ ਕੀਤਾ ਅਤੇ ਉਹਨਾਂ ਮੇਰਾ ਨਿਗਰਾਨ ਬਣਨਾ ਮਨਜ਼ੂਰ ਕਰ ਲਿਆ ਅਤੇ ਮੈਂ ਮੱਧਕਾਲੀ ਪੰਜਾਬੀ ਕਵਿਤਾ ਤੋਂ ਸ਼ਲਾਂਘ ਮਾਰ ਕੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਪ੍ਰਵੇਸ਼ ਕਰ ਲਿਆ।

ਸੁ 1978 ਈ. ਦੇ ਅੰਤਲੇ ਦਿਨਾਂ ਤੋਂ ਲੈ ਕੇ ਆਖਰੀ ਸਮੇਂ ਤਕ ਡਾ. ਜਸਵੰਤ ਸਿੰਘ ਨੇਕੀ ਨੇ ਕਵਿਤਾ ਵਿਚ ਜੋ ਵੀ ਲਿਖਿਆ, ਉਹ ਲਗਭਗ ਮੈਂ ਸਾਰਾ ਹੀ ਪੜ੍ਹਿਆ। ਇਸ ਅਰਸੇ ਦੌਰਾਨ ਹੀ ਡਾ. ਜਸਵੰਤ ਸਿੰਘ ਨੇਕੀ ਵਿਸ਼ਵ ਹੈਲਥ ਕੇਂਦਰ ਵਿਚ ਇਕ ਮੈਂਬਰ ਦੀ ਹੈਸੀਅਤ ਵਿਚ ਕੁਝ ਸਾਲਾਂ ਲਈ ਤਨਜ਼ਾਨੀਆ ਚਲੇ ਗਏ। ਮੈਂ ਉਨ੍ਹਾਂ ਦੀ ਕਿਰਤ 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਦਾ ਪਾਠ ਕਰ ਰਿਹਾ ਸੀ।

ਡਾ. ਅਤਰ ਸਿੰਘ ਦੀ ਡਾ. ਜਸਵੰਤ ਸਿੰਘ ਨੇਕੀ ਨਾਲ ਗੂੜ੍ਹੀ ਦੋਸਤੀ ਸੀ। ਇਸ ਪੁਸਤਕ ਦੀ ਭੂਮਿਕਾ ਵਿਚ ਜਿਨੀ ਡੂੰਘੀ ਨਿਰਖ-ਪਰਖ ਅਤੇ ਵਿਚਾਰ-ਵਿਮਰਸ਼ ਉਨ੍ਹਾਂ ਕੀਤੀ ਹੈ ਅੱਜ ਤਕ ਸ਼ਾਇਦ ਹੀ ਕਿਸੇ ਭੂਮਿਕਾਕਾਰ ਨੇ ਕੀਤੀ ਹੋਵੇ। ਉਨ੍ਹਾਂ ਨੇ 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਦੇ ਰਚਨਾਤਮਕ-ਪ੍ਰਵਾਹ ਨੂੰ ਬਹੁਤ ਕਰੀਬ ਹੋ ਕੇ ਦੇਖਿਆ ਸੀ,

ਉਹ ਲਿਖਦੇ ਹਨ :

ਜੇ ਇਕ ਅਪੂਰਬ ਰਚਨਾਤਮਕ ਪ੍ਰਾਪਤੀ ਨਾਲ ਆਪਣੀ ਸਾਂਝ ਦਰਸਾਨ ਦੀ ਮੇਰੀ ਹਉਮੈਂ ਲਈ ਮੈਨੂੰ ਖ਼ਿਮਾ ਕੀਤਾ ਜਾਵੇ ਤਾਂ ਮੈਂ ਇਹ ਕਹਿਣ ਦੀ ਖੁਲ੍ਹ ਲਵਾਂਗਾ ਕਿ ਮੈਂ ਇਸ ਕਵਿਤਾ ਨੂੰ

ਪਿਛਲੇ ਦਸ ਵਰਿਆਂ ਵਿਚ ਆਪਣੀ ਪੂਰਤੀ ਕਰਦਿਆਂ ਵੇਖਿਆ ਹੈ।

'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਪੰਜਾਬੀ ਬੋਲੀ ਦਾ ਇਕ ਅਜਿਹਾ ਸ਼ਾਹਕਾਰ ਹੈ ਜਿਸ ਨੇ ਇਸ ਬੋਲੀ ਦੀਆਂ ਸੁੱਤੀਆਂ ਸੰਭਾਵਨਾਵਾਂ ਨੂੰ ਜਗਾ ਦਿਖਾਇਆ ਹੈ। ਇਸਦੀ ਪ੍ਰਕਾਸ਼ਨ ਪਿਛੋਂ ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ ਇਸ ਅਦੁੱਤੀ ਰਚਨਾ ਤੋਂ ਪਹਿਲੋਂ ਤੇ ਮਗਰੋਂ ਦੇ ਕਾਲਾਂ ਵਿਚ ਵੰਡਿਆ ਜਾਵੇਗਾ। (04.10.1975)

ਇਹ ਕਾਵਿ-ਕਿਰਤ ਐਮ.ਏ. (ਪੰਜਾਬੀ) ਦੇ ਪਾਠਕ੍ਰਮਾਂ ਵਿਚ ਪਿਛਲੇ ਕਈ ਸਾਲਾਂ ਤੋਂ ਲੱਗੀ ਹੋਈ ਹੈ ਅਤੇ ਸੰਚਾਰ ਦੀ ਸਮੱਸਿਆ ਕਰਕੇ ਕਈ ਵਾਰ ਸੰਸੇ-ਸ਼ੰਕੇ ਕਵੀ ਨਾਲ ਸਾਂਝੇ ਕਰਨ ਦਾ ਮਨ ਵੀ ਕਰ ਆਉਂਦਾ ਹੈ। ਜਦੋਂ ਇਸ ਕਵਿਤਾ ਨੂੰ ਪੜ੍ਹਦਿਆਂ ਮੇਰੇ ਮਨ ਵਿਚ ਕੁਝ ਪ੍ਰਸ਼ਨ ਪੈਦਾ ਹੋਵੇ ਤਾਂ ਮੈਂ ਡਾ. ਨੇਕੀ ਨੂੰ ਤਨਜ਼ਾਨੀਆ ਵਿਖੇ ਇਕ ਪੱਤਰ ਲਿਖ ਦਿੱਤਾ ਕਿ ਮੈਨੂੰ ਇਸ ਕਵਿਤਾ ਦੇ ਕੁਝ ਨੁਕਤੇ ਸਮਝ ਨਹੀਂ ਪਏ ਤੇ ਕਿਰਪਾ ਕਰਕੇ, ਦੱਸਣ ਦੀ ਖੇਚਲ ਕਰਨੀ। ਕੁਝ ਦਿਨਾਂ ਬਾਅਦ ਮੇਰੀ ਚਿੱਠੀ ਦਾ ਜੁਆਬ ਆ ਗਿਆ ਕਿ ਪਿਆਰੇ ਸੁਹਿੰਦਰ ਬੀਰ ਜੀ, ਤੁਸੀਂ ਆਪਣੇ ਪੱਤਰ ਵਿਚ ਕਵਿਤਾ ਬਾਰੇ ਕੁਝ ਪੁੱਛਾਂ ਪੁੱਛੀਆਂ ਹਨ, ਪਰ ਸੱਚ ਜਾਣਿਓਂ ਇਕ ਕਵੀ ਆਪਣਾ ਸਾਰਾ ਤਾਣ ਲਗਾ ਕੇ ਕਵਿਤਾ ਦੀ ਰਚਨਾ ਕਰ ਦਿੰਦਾ ਹੈ। ਕਵੀ ਪਾਸ ਆਪਣੀ ਕਵਿਤਾ ਬਾਰੇ ਕਹਿਣ ਲਈ ਕੁਝ ਨਹੀਂ ਹੁੰਦਾ, ਤੁਸੀਂ ਕਵਿਤਾ ਨੂੰ ਪੜ੍ਹੋ ਤੇ ਉਸਦੇ ਅਰਥਾਂ ਨੂੰ ਜਾਣਨ ਦੀ ਕੋਸ਼ਿਸ਼ ਕਰੋ। ਧੰਨਵਾਦ! ਜਸਵੰਤ ਸਿੰਘ ਨੇਕੀ।

ਵਿਹਾਰਕ ਰੂਪ ਵਿਚ ਕਵੀ ਭਾਵੇਂ ਆਪਣੀ ਕਵਿਤਾ ਬਾਰੇ ਵਿਚਾਰ-ਵਿਮਰਸ਼ ਕਰਦੇ ਹੀ ਰਹਿੰਦੇ ਹਨ ਪਰ ਸਿੱਧਾਂਤਕ ਰੂਪ ਵਿਚ ਡਾ. ਨੇਕੀ ਦੀ ਗੱਲ ਸੱਚ ਸੀ। ਪਿਛਲੇ ਕੁਝ ਸਾਲਾਂ ਤੋਂ ਆਲੋਚਨਾ ਦੇ ਖੇਤਰ ਵਿਚ ਯੱਕ ਦੇਰੀਦਾ ਦੀ ਤੂਤੀ ਬੋਲਦੀ ਰਹੀ ਹੈ। ਉਸਦਾ ਕਹਿਣਾ ਸੀ 'ਪਾਠ ਤੋਂ ਬਾਹਰ ਕੁਝ ਵੀ ਨਹੀਂ ਹੁੰਦਾ'।

ਫਰਾਂਸ ਦੇ ਪ੍ਰਸਿੱਧ ਚਿੰਤਕ ਰੋਲਾਂ ਬਾਰਤ ਦਾ 'ਲੇਖਕ ਦੀ ਮੌਤ' ਦਾ ਮਜ਼ਮੂਨ ਵੀ ਉਪਰੋਕਤ ਵਿਚਾਰ ਨੂੰ ਹੀ ਪਰਪੱਕ ਕਰਦਾ ਹੈ।

ਡਾ. ਜਸਵੰਤ ਸਿੰਘ ਨੇਕੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਅਸਲੋਂ ਹੀ ਵਿਲੱਖਣ ਹਸਤਾਖ਼ਰ ਸਨ। ਉਨ੍ਹਾਂ ਦੇ ਰਚਨਾਤਮਕ ਪਿਛੋਕੜ ਵਿਚ ਇਤਿਹਾਸ, ਮਿਥਿਹਾਸ, ਵਿਗਿਆਨ, ਮਨੋਵਿਗਿਆਨ, ਮਨੋ-ਚਿਕਿਤਸਾ, ਦਰਸ਼ਨ ਆਦਿ ਸਭ ਗਿਆਨ ਸੰਮਿਲਿਤ ਰਹਿੰਦੇ ਸਨ। ਇਸੇ ਕਰਕੇ ਉਨ੍ਹਾਂ ਦੀ ਕਵਿਤਾ ਨੂੰ ਸਮਝਣ ਵਿਚ ਮੁਸ਼ਕਲ ਵੀ ਆਉਂਦੀ ਹੈ। ਉਨ੍ਹਾਂ ਨੇ ਆਪਣੀ ਕਵਿਤਾ ਛੰਦਾ ਬੰਦੀ ਵਾਲੀ ਅਤੇ ਛੰਦਾ ਬੰਦੀ ਤੋਂ ਮੁਕਤ ਵੀ ਲਿਖੀ ਹੈ ਪਰ ਜਦੋਂ ਤਕ ਕਵਿਤਾ ਵਿਚ ਉਨ੍ਹਾਂ ਦੁਆਰਾ ਵਰਤੇ ਗਏ ਸ਼ਬਦਾਂ ਦੇ ਕਿੰਗਰੇ ਮੁਲਾਇਮ ਨਹੀਂ ਹੋ ਜਾਂਦੇ ਸਨ ਉਹ ਉਸ ਕਵਿਤਾ ਦੀ ਸੋਧ ਕਰਦੇ ਰਹਿੰਦੇ ਸਨ। ਵਾਕ ਬਣਤਰ ਦੀ ਰਵਾਨੀ ਦੇ ਨਾਲ ਨਾਲ ਵਿਚਾਰ ਦਾ ਇਕ ਪ੍ਰਵਾਹ ਵੀ ਚਲਦਾ ਰਹਿੰਦਾ ਸੀ ਜਿਹੜਾ ਉਨ੍ਹਾਂ ਦੇ ਮਨ ਵਿਚ ਵੱਸੇ ਹੋਏ ਦਰਸ਼ਨ ਦੀ ਪੂਰਤੀ ਕਰਦਾ ਸੀ। ਉਦਾਹਰਨ ਦੇ ਤੌਰ ਤੇ ਉਹਨਾਂ ਦੇ ਹੇਠ ਲਿਖੀ ਕਵਿਤਾ ਵੇਖੀ ਜਾ ਸਕਦੀ ਹੈ :

ਇਹ ਜੋ ਕਪੜੇ ਮੈਂ ਪਾਏ ਹੋਏ ਹਨ
ਤੁਸੀਂ ਕੀ ਸਮਝਦੇ ਹੋ ਮੇਰੇ ਆਪਣੇ ਹਨ ?
ਢੇਰ ਚਿਰ ਦੀ ਗੱਲ ਹੈ
ਮੈਂ ਭਰੇ ਬਾਜ਼ਾਰ ਵਿਚੋਂ
ਆਪਣੀ ਮਰਜ਼ੀ ਦੇ ਕਪੜੇ ਪਹਿਨ ਕੇ ਲੰਘਿਆ
ਐਪਰ ਲੋਕੀਂ ਮੇਰੇ ਪਹਿਰਾਵੇ ਤੇ ਹੱਸੇ,
ਤੇ ਮੈਂ ਉਨ੍ਹਾਂ ਤੋਂ ਡਰ ਕੇ
ਉਨ੍ਹਾਂ ਦੀ ਪਸੰਦ ਦਾ ਲਿਬਾਸ ਪਹਿਨ ਲਿਆ
ਉਦੋਂ ਦਾ ਹੀ ਮੈਂ
ਇਕ ਓਪਰੀ ਕਾਟ ਤੇ ਪਰਾਈ ਪਸੰਦ
ਆਪਣੇ ਤਨ ਉਪਰ ਲਟਕਾਈ ਫਿਰਦਾ ਹਾਂ
ਤੇ ਲੋਕ ਖ਼ੁਸ਼ ਹਨ।

ਜਦ ਦੂਜੀ ਵਾਰ ਮੈਂ ਭਰੇ ਬਜ਼ਾਰ ਥਾਣੀਂ ਲੰਘਿਆ
ਤੇ ਲੋਕ ਮੇਰੇ ਸਿੱਧ-ਪੱਧਰੇ ਬੋਲਾਂ ਤੇ ਹੱਸੇ।
ਮੈਂ ਡਰ ਕੇ ਉਨ੍ਹਾਂ ਪਾਸੋਂ
ਉਨ੍ਹਾਂ ਦੇ ਬਚਨੇ ਉਧਾਰੇ ਲੈ ਲਏ
ਹੁਣ ਮੈਂ ਆਪਣੇ ਮੂਹੋਂ ਪਰਾਏ ਬੋਲ ਬੋਲਦਾ ਹਾਂ
ਤੇ ਲੋਕ ਖ਼ੁਸ਼ ਹਨ।

ਤੀਜੀ ਵਾਰ ਭਰੇ ਬਜ਼ਾਰ 'ਚੋਂ ਲੰਘਦਿਆਂ

ਲੋਕ ਫਿਰ ਮੇਰੇ ਤੇ ਹੱਸੇ
ਕਿਉਂ ਜੋ ਮੇਰੀ ਤੱਕਣੀ ਉਨ੍ਹਾਂ ਤੋਂ ਨਿਆਰੀ ਸੀ।
ਮੈਂ ਫਿਰ ਉਨ੍ਹਾਂ ਦੇ ਹਾਸੇ ਤੋਂ ਡਰਿਆ
ਐਪਰ ਹਜ਼ਾਰ ਕੋਸ਼ਿਸ਼ ਕਰਨ ਤੇ ਵੀ
ਮੈਂ ਉਨ੍ਹਾਂ ਵਾਂਗ ਵੇਖ ਨਹੀਂ ਸਕਿਆ
ਤੇ ਉਦੋਂ ਦਾ ਹੀ ਉਹ ਮੈਨੂੰ
ਸ਼ੁਦਾਈ ਸਮਝਦੇ ਨੇ।

ਇਸ ਕਾਵਿ ਬੰਦ ਰਾਹੀਂ ਡਾ. ਨੇਕੀ ਨੇ ਮਨੁੱਖੀ ਮਨ ਦੀ ਪ੍ਰਕਿਰਤੀ ਉਪਰ ਆ ਰਹੇ ਸੰਸਕ੍ਰਿਤੀ ਦੇ ਲੇਪ ਨੂੰ ਜ਼ਾਹਿਰ ਕੀਤਾ ਹੈ ਅਤੇ ਨਾਲ ਹੀ ਬੰਦੇ ਦੇ ਪ੍ਰਤੱਖਣ ਦੀ ਪ੍ਰਭੂਤਾ ਦਾ ਪ੍ਰਗਟਾਵਾ ਦਰਸਾਇਆ ਹੈ। ਬੰਦਾ ਆਪਣੇ ਅੰਦਰ ਬਹੁਤ ਕੁਝ ਦਫ਼ਨ ਕਰੀ ਜਾਂਦਾ ਹੈ, ਜਿਸ ਨਾਲ ਕਦੇ ਕਦੇ ਉਸਨੂੰ ਆਪਣੀ ਅੰਦਰੂਨੀ ਨਿਹੋਂਦ ਅਤੇ ਬੇਗਾਨੀਅਤ ਦਾ ਅਹਿਸਾਸ ਵੀ ਹੋਣ ਲਗ ਪੈਂਦਾ ਹੈ।

ਡਾ. ਨੇਕੀ ਇਕ ਪਾਸੇ ਗੁਰਮਤਿ ਰਹੱਸਵਾਦ ਦੀਆਂ ਗਹਿਰੀਆਂ ਰਮਜ਼ਾਂ ਦੀ ਸੋਝੀ ਰੱਖਦਾ ਹੈ ਅਤੇ ਦੂਸਰੇ ਪਾਸੇ ਆਧੁਨਿਕ ਜੀਵਨ ਜਾਚ ਦੇ ਗਿਆਨ ਦਾ ਮਾਲਕ ਵੀ ਹੈ। ਏਸੇ ਕਰਕੇ ਉਸਨੂੰ ਸੰਤ ਸਿੰਘ ਸੇਖੋਂ ਨੇ ਸਿਆਣਪਵਾਦੀ ਕਵੀ ਕਿਹਾ ਸੀ। ਆਪਣੀ ਕਵਿਤਾ ਵਿਚ ਆਪਣੇ ਵਿਚਾਰਾਂ ਨੂੰ ਪੇਸ਼ ਕਰਦਿਆਂ ਉਹ ਦਲੀਲ ਅਤੇ ਤਰਕ ਦਾ ਪੱਲਾ ਨਹੀਂ ਛੱਡਦਾ। ਪਰੰਪਰਾ ਅਤੇ ਆਧੁਨਿਕਤਾ ਬਾਰੇ ਉਨ੍ਹਾਂ ਨਾਲ ਗੱਲ ਚਲਦੀ ਸੀ ਤਾਂ ਅਕਸਰ ਡਾ. ਨੇਕੀ ਕਹਿੰਦੇ ਸਨ ਕਿ ਪੰਜਾਬੀਆਂ ਦੀ ਆਧੁਨਿਕਤਾ ਦਾ ਰੰਗ ਨਿਆਰਾ ਹੈ, ਇਹ ਪਰੰਪਰਾਗਤ ਤਰੀਕੇ ਰਾਹੀਂ ਹੀ ਆਧੁਨਿਕ ਹਨ।

ਡਾ. ਨੇਕੀ ਪੰਜਾਬੀ ਦੇ ਇਕੋ ਇਕ ਅਜਿਹੇ ਕਵੀ ਸਨ ਜਿਨ੍ਹਾਂ ਨੇ ਕਵਿਤਾ ਵਿਚ ਆਪਣੀ ਸਵੈ ਜੀਵਨੀ 'ਕੋਈ ਨਾਓਂ ਨਾ ਜਾਣੇ ਮੇਰਾ' ਦੀ ਰਚਨਾ ਕੀਤੀ ਸੀ। ਭਾਵੇਂ ਉਨ੍ਹਾਂ ਨੂੰ ਸਾਹਿਤ ਅਕਾਦਮੀ ਪੁਰਸਕਾਰ 'ਕਰੁਣਾ ਦੀ ਛੋਹ ਤੋਂ ਮਗਰੋਂ' ਲੰਮੀ ਕਾਵਿ-ਕਿਰਤ ਉਪਰ ਪ੍ਰਾਪਤ ਹੋਇਆ ਪਰ ਉਨ੍ਹਾਂ ਦੀ ਸੱਭ ਤੋਂ ਵੱਧ ਚਰਚਿਤ ਦਾਰਸ਼ਨਿਕ ਗਹਿਰਾਈ ਵਾਲੀ ਕਾਵਿ-ਕਿਰਤ ਹੈ 'ਸਿਮਰਿਤੀ ਦੇ ਕਿਰਨ ਤੋਂ ਪਹਿਲਾਂ' ਹੀ ਰਹੀ। ਉਨ੍ਹਾਂ ਦੀ ਕਵਿਤਾ ਦੇ ਪਾਠਕ ਸੀਮਿਤ ਸਨ। ਉਹ ਕਵਿਤਾ ਨੂੰ ਵਿਚਾਰਾਂ ਦੀ ਭੱਠੀ ਵਿਚੋਂ ਤਿਆਰ ਹੋਈ ਰਚਨਾ ਮੰਨਦੇ ਸਨ। ਵਿਚਾਰਾਂ ਨੂੰ ਸਮਝਣਾ ਹਮੇਸ਼ਾ ਹੀ ਕਠਿਨ ਹੁੰਦਾ ਹੈ ਪਰ ਜਦੋਂ ਵਿਚਾਰ ਜੀਵਨ ਦੀ ਹਕੀਕਤ ਨੂੰ ਪੇਸ਼ ਕਰਦੇ ਹਨ, ਪਾਠਕ ਦੇ ਮਨ ਨੂੰ ਟੁੰਬਦੇ ਹਨ ਤਾਂ ਉਨ੍ਹਾਂ ਵਿਚਾਰਾਂ ਦਾ ਪ੍ਰਭਾਵ ਸਨਾਤਨੀ ਮਹੱਤਵ ਵਾਲਾ ਹੁੰਦਾ ਹੈ। ਇਸ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਡਾ. ਨੇਕੀ ਆਧੁਨਿਕ ਜੁਗ ਦੇ ਸਨਾਤਨੀ ਕਵੀ ਸਨ ਜਿਨ੍ਹਾਂ ਦੀ ਕਵਿਤਾ ਦਾ ਦਾਰਸ਼ਨਿਕ ਅਸਰ ਪੰਜਾਬੀ ਮਨਾਂ ਉਪਰ ਆਪਣੀ ਛਾਪ ਸਦਾ ਕਾਇਮ ਰੱਖੇਗਾ।

ਹੁਣ ਜਦੋਂ ਕੁਝ ਸਾਲ ਪਹਿਲਾਂ ਡਾਕਟਰ ਜਸਵੰਤ ਸਿੰਘ ਨੇਕੀ ਸਾਡੇ ਤੋਂ ਵਿਦਾ ਹੋ ਗਏ ਹਨ ਤਾਂ ਮੈਂ ਸਮਝਦਾ ਹਾਂ ਸਾਡੇ ਪਾਸੋਂ ਬਹੁਤ ਹੀ ਦਾਰਸ਼ਨਿਕ ਗਹਿਰਾਈ ਰੱਖਣ ਵਾਲਾ ਇਨਸਾਨ ਵਿਦਾ ਹੋ ਗਿਆ ਹੈ। ਮੈਂ ਉਹਨਾਂ ਦੀ ਹਰ ਅੰਮ੍ਰਿਤਸਰ ਫੇਰੀ ਤੇ ਉਹਨਾਂ ਨੂੰ ਮਿਲਣ ਦਾ ਯਤਨ ਕਰਦਾ। ਉਹ ਹਮੇਸ਼ਾ ਹੀ ਮੈਨੂੰ ਆਪਣੀ ਕਾਵਿ-ਕਿਰਤ ਭੇਟ ਕਰ ਦਿੰਦੇ ਜਿਆਦਾ ਗੱਲਾਂ ਨਾ ਕਰਦੇ, ਬਸ ਇਨਾ ਹੀ ਮਿਲ ਕੇ ਖੁਸ਼ ਹੁੰਦੇ ਕਿ ਅੰਮ੍ਰਿਤਸਰ ਚ ਕੋਈ ਉਹਨਾਂ ਦੀਆਂ ਕਾਵਿ-ਰਚਨਾਵਾਂ ਦਾ ਸੁਹਿਰਦ ਪਾਠਕ ਹੈ। ਉਹ ਬਹੁਤ ਘੱਟ ਬੋਲਣ ਵਾਲੇ ਵਿਅਕਤੀਆਂ ਵਿੱਚ ਸ਼ਾਮਿਲ ਸਨ, ਆਪਣਾ ਸਾਰਾ ਤਾਣ ਕਾਵਿ ਰਚਨਾ ਦੀ ਸਿਰਜਣਾਤਮਕਤਾ ਵਿੱਚ ਲਗਾ ਦਿੰਦੇ ਸਨ ਅਤੇ ਆਪਣੀ ਕਵਿਤਾ ਯਾਦ ਵੀ ਨਹੀਂ ਰੱਖਦੇ ਸਨ, ਜਦੋਂ ਕਿ ਪਾਠਕਾਂ ਨੂੰ ਉਹਨਾਂ ਦੀਆਂ ਕਵਿਤਾਵਾਂ ਦੇ ਕਈ ਕਈ ਪੰਨੇ ਜ਼ੁਬਾਨੀ ਯਾਦ ਹੋ ਜਾਂਦੇ ਸਨ। ਇੱਕ ਵਾਰ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਕਰਵਾਏ ਜਾ ਰਹੇ ਰਿਫਰੈਸ਼ਰ ਕੋਰਸ ਵਿੱਚ ਆਏ। ਅਸੀਂ ਵਿਦਿਆਰਥੀਆਂ ਦੇ ਰੂਪ ਵਿੱਚ ਉਹਨਾਂ ਨੂੰ ਆਪਣੀਆਂ ਕਵਿਤਾਵਾਂ ਸੁਣਾਉਣ ਲਈ ਕਿਹਾ, ਉਹਨਾਂ ਨੇ ਕੋਰੀ ਨਾਹ ਕਰ ਦਿੱਤੀ ਕਿ ਮੈਨੂੰ ਆਪਣੀ ਕੋਈ ਕਵਿਤਾ ਯਾਦ ਨਹੀਂ। ਅਸਲ ਵਿੱਚ ਉਹ ਸੰਵਾਦ ਰਚਾ ਲੈਂਦੇ ਸਨ ਤੇ ਆਪਣੀ ਸਾਰੀ ਵਿਦਵਤਾ ਜਾਂ ਸੂਝ ਰਚਨਾਤਮਕਤਾ ਰਾਹੀਂ ਪ੍ਰਗਟ ਕਰ ਦਿੰਦੇ ਸਨ। ਹੁਣ ਮੈਂ ਸੋਚਦਾ ਹਾਂ ਕਿ ਡਾਕਟਰ ਜਸਵੰਤ ਸਿੰਘ ਨੇਕੀ ਦੀ ਕਵਿਤਾ ਇੱਕ ਦਾਰਸ਼ਨਿਕ ਖ਼ਜ਼ਾਨੇ ਵਾਂਗ ਹੈ ,ਜਿਸਦੀ ਹਮੇਸ਼ਾ ਪੜਤ ਕਰਨੀ ਚਾਹੀਦੀ ਹੈ ਇਸ ਨਾਲ ਮਨੁੱਖੀ ਮਨ ਦੀ ਪਕੜ ਅਤੇ ਸਮਝ ਗਹਿਰੀ ਹੋਵੇਗੀ।

***


# ਇਕ ਲੱਪ ਯਾਦਾਂ ਦੀ

ਭੁਪਿੰਦਰ ਉਸਤਾਦ

**ਭੁਪਿੰਦਰ ਉਸਤਾਦ ਇੱਕ ਅਣਗੌਲਿਆ ਪਰ ਸੰਜੀਦਾ ਗਲਪਕਾਰ ਹੈ। ਉਸ ਨੇ ਬੜੀਆਂ ਖੂਬਸੂਰਤ ਕਹਾਣੀਆਂ ਪੰਜਾਬੀ ਗਲਪ ਨੂੰ ਦਿੱਤੀਆਂ ਹਨ। ਇਕ ਲੱਪ ਯਾਦਾਂ ਦੀ ਉਸਦਾ ਸਫ਼ਰਨਾਮਾ ਹੈ। ਜੋ ਜੋ ਅਨੁਭਵ ਉਸਨੇ ਅਰਬ ਦੇਸ਼ ਓਮਾਨ ਵਿਚ ਰਹਿ ਕੇ ਹੰਢਾਏ। ਉਹਨਾਂ ਦਾ ਬੜਾ ਦਿਲਚਸਪ ਵਰਣਨ ਇਸ ਸਫ਼ਰਨਾਮੇ ਵਿਚ ਪੜ੍ਹਣ ਨੂੰ ਮਿਲਦਾ ਹੈ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਸਫ਼ਰਨਾਮਾ ਲੜੀਵਾਰ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ। ਜਿਸ ਦਾ ਚੌਥਾ ਅੰਸ਼ ਇੱਥੇ ਪੇਸ਼ ਹੈ -**

ਕਾਂਡ–4

ਪਹਿਲੇ ਮਹੀਨੇ ਜਦੋਂ ਅਸੀਂ ਰਾਸ਼ਣ ਲੈਣ ਵਾਸਤੇ ਰੂਬੀ ਗਏ ਤਾਂ ਰਾਤ ਮਲਕੀਤ ਹੁਰਾਂ ਕੋਲ ਹੀ ਰਹੇ। ਉਥੇ ਹੀ ਰਹਿਣਾ ਸੀ, ਕਿਉਂਕਿ ਹੋਰ ਤਾਂ ਕੋਈ ਥਾਂ ਨਹੀਂ ਸੀ ਰਾਤ ਰਹਿਣ ਵਾਸਤੇ। ਚਰਨਜੀਤ ਨੇ ਸਾਨੂੰ ਦੱਸਿਆ ਕਿ ਤੁਹਾਡੀਆਂ ਚਿੱਠੀਆਂ ਆਈਆਂ ਹੋਈਆਂ ਹਨ। ਮਲਕੀਤ ਨੇ ਉਹ ਚਿੱਠੀਆਂ ਆਪਣੀ ਅਲਮਾਰੀ 'ਚੋਂ ਕੱਢ ਕੇ ਸਾਨੂੰ ਦਿੱਤੀਆਂ। ਇਕ ਚਿੱਠੀ ਮੇਜਰ ਦੀ ਸੀ ਤੇ ਇਕ ਇਕ ਹੀ ਮੇਰੀ ਤੇ ਬਲਦੇਵ ਦੀ।




ਮੇਰੀ ਚਿੱਠੀ ਤਾਂ ਮੇਰੀਆਂ ਬੱਚੀਆਂ ਨੇ ਲਿਖੀ ਸੀ, ਜਿਸ ਵਿਚ ਉਨ੍ਹਾਂ ਰਾਜੀ ਖੁਸ਼ੀ ਤੋਂ ਬਾਅਦ ਇਕੋ ਗੱਲ ਤੇ ਜ਼ੋਰ ਦਿੱਤਾ ਸੀ ਕਿ ਮੈਂ ਚਿੱਠੀ ਜਲਦੀ ਜਲਦੀ ਪਾ ਦਿਆਂ ਕਰਾਂ, ਮੇਰੀ ਉਨ੍ਹਾਂ ਨੂੰ ਬਹੁਤ ਯਾਦ ਔਂਦੀ ਹੈ।

ਯਾਦ ਤਾਂ ਸਾਨੂੰ ਵੀ ਬਹੁਤ ਔਂਦੀ ਸੀ, ਆਪਣੇ ਘਰ ਦੀ, ਆਪਣੇ ਬੱਚਿਆਂ ਦੀ ਤੇ ਆਪਣੀ ਬੀਵੀ ਦੀ। ਹੁਣ ਯਾਦ ਤੋਂ ਬਿਨਾਂ ਹੋਰ ਕਰ ਵੀ ਕੀ ਸਕਦੇ ਸਾਂ। ਮਜ਼ਬੂਰੀ ਸੀ ਕਿ ਘਰ ਛਡਣੇ ਪਏ। ਕਿਉਂਕਿ ਜਿੰਨੇ ਖਰਚੇ ਸਨ ਉਨੀ ਕਮਾਈ ਨਹੀਂ ਸੀ ਹੋ ਰਹੀ, ਜਿਸ ਨਾਲ ਘਰਾਂ ਦੇ ਗੁਜ਼ਾਰੇ ਆਰਾਮ ਨਾਲ ਹੋ ਸਕਦੇ। ਦਿਨੋਂ ਦਿਨ ਲੋੜਾਂ ਵਧ ਰਹੀਆਂ ਸਨ, ਪਰ ਤਨਖਾਹਾਂ ਉਹੀ ਸਨ। ਇਨਾਂ ਲੋੜਾਂ ਦੀ ਪੂਰਤੀ ਨੇ ਲੋਕਾਂ ਨੂੰ ਪਰਦੇਸ ਜਾਣ ਦੇ ਰਸਤੇ ਤੋਰ ਦਿੱਤਾ। ਮੈਂ ਬੱਚਿਆਂ ਨੂੰ ਅਜਿਹਾ ਕੁਝ ਨਾ ਲਿਖ ਸਕਿਆ, ਮਤਾਂ ਉਹ ਸਮਝਣ ਕਿ ਉਹ ਸਾਡੇ ਉਤੇ ਭਾਰ ਹਨ। ਮੈਂ ਉਨ੍ਹਾਂ ਨੂੰ ਦਿਲਾਸਾ ਦਿੰਦਿਆਂ ਲਿਖਿਆ ਕਿ ਤੁਸੀਂ ਡੱਟ ਕੇ ਪੜ੍ਹੋ ਤੇ ਚੰਗੇ ਨੰਬਰ ਲੈ ਕੇ ਪਾਸ ਹੋਵੋ। ਆਪਣੀ ਮੰਮੀ ਨੂੰ ਕਿਸੇ ਗੱਲੋਂ ਤੰਗ ਪਰੇਸ਼ਾਨ ਨਹੀਂ ਕਰਨਾ। ਆਪਣੀ ਮੰਮੀ ਨੂੰ ਦੱਸੇ ਤੋਂ ਬਿਨਾਂ ਕਿਤੇ ਨਹੀਂ ਜਾਣਾ।

ਅਸੀਂ ਚਿੱਠੀ ਦਾ ਜੁਆਬ ਵੀ ਉਸੇ ਦਿਨ ਹੀ ਲਿਖ ਕੇ, ਦੂਸਰੇ ਦਿਨ ਡਰਾਫਟ ਬਣਵਾ ਕੇ ਉਸਦੇ ਨਾਲ ਹੀ ਰਜਿਸਟਰੀ ਕਰ ਦਿੰਦੇ ਸਾਂ। ਇਕ ਤਾਂ ਇਹ ਗੱਲ ਹੁੰਦੀ ਸੀ ਕਿ ਹੁਣ ਤਾਂ ਆਏ ਹੋਏ ਹਾਂ ਤੇ ਰਜਿਸਟਰੀ ਕਰਨਾ ਹੀ ਹੈ ਡਰਾਫਟ, ਨਾਲ ਖਤ ਵੀ ਚਲੇ ਜਾਏਗਾ। ਪਿੰਡ ਜਾ ਕੇ ਕਿਸ ਦੀ ਮਿੰਤ ਕਰਾਂਗੇ ਕਿ ਸ਼ਹਿਰ ਜਾ ਕੇ ਸਾਡਾ ਖਤ ਪੋਸਟ ਕਰ ਦੇਵੀਂ।

ਚਿੱਠੀ ਪੜ੍ਹ ਕੇ ਜਦੋਂ ਮੈਂ ਕੱਠੀ ਕਰਨ ਲੱਗਾ ਤਾਂ ਮੈਨੂੰ ਇੰਝ ਲੱਗਾ ਜਿਵੇਂ ਲਫਾਫਾ ਆਟੇ ਨਾਲ ਜੋੜਿਆ ਹੋਵੇ। ਮੈਂ ਮੇਜਰ ਤੇ ਬਲਦੇਵ ਦੇ ਹੱਥਾਂ ਵਿਚ ਫੜੀਆਂ ਚਿੱਠੀਆਂ ਵਲ ਦੇਖਿਆ ਤਾਂ ਉਨ੍ਹਾਂ ਉਤੇ ਵੀ ਆਟਾ ਲਗਾ ਮਹਿਸੂਸ ਹੋਇਆ। ਮੈਂ ਉਨ੍ਹਾਂ ਨੂੰ ਪੁੱਛਿਆ, ਕਿਉਂ ਬਈ ਤੁਹਾਡੀਆਂ ਘਰ ਵਾਲੀਆਂ ਨੇ ਵੀ ਚਿੱਠੀਆਂ ਆਟੇ ਨਾਲ ਹੀ ਜੋੜ ਕੇ ਭੇਜੀਆਂ ਹਨ। ਪਹਿਲਾਂ ਉਨ੍ਹਾਂ ਦਾ ਵੀ ਧਿਆਨ ਇਸ ਗੱਲ ਵਲ ਨਹੀਂ ਸੀ ਗਿਆ, ਕਿਉਂਕਿ ਘਰਵਾਲੀ ਦੀ ਚਿੱਠੀ ਦੇਖ ਕੇ, ਧਿਆਨ ਉਸ ਨੂੰ ਫਟਾਫਟ ਖੋਲ੍ਹ ਕੇ ਪੜ੍ਹਣ ਵਲ ਹੀ ਸੀ ਸਾਰਿਆਂ ਦਾ।

ਆਹੋ ਯਾਰ ਚਿੱਠੀ ਆਟੇ ਨਾਲ ਹੀ ਜੋੜੀ ਹੈ। ਅਸੀਂ ਇਕ ਦੂਜੇ ਵਲ ਦੇਖਿਆ, ਕੀ ਤਿੰਨਾਂ ਚਿੱਠੀਆਂ ਨੂੰ ਹੀ ਗੂੰਦ ਨਹੀਂ ਸੀ ਲੱਗਾ ਹੋਇਆ ਬਲਦੇਵ ਨੇ ਕੈਰੀ ਅੱਖ ਨਾਲ ਮਲਕੀਤ ਵਲ ਦੇਖਿਆ ਜੋ ਆਪਣੇ

ਧਿਆਨ ਕੋਈ ਕੰਮ ਕਰ ਰਿਹਾ ਸੀ।

ਏਦਾਂ ਤਾਂ ਨਹੀਂ ਹੋ ਸਕਦਾ। ਜੇ ਜਲੰਧਰੀਆਂ ਦੇ ਖਤਾਂ ਦਾ ਗੂੰਦ ਮੁੱਕਾ ਹੋਇਆ ਸੀ ਤਾਂ ਲੁਧਿਆਣੇ ਵਾਲੇ ਖਤ ਨੂੰ ਤਾਂ ਚਾਹੀਦਾ ਹੀ ਸੀ। ਮੈਂ ਆਪਣੀ ਰਾਏ ਦਿੱਤੀ।

ਅਸੀਂ ਰੋਟੀ ਪਾਣੀ ਪਾ ਕੇ ਤਿਆਰ ਹੋ ਗਏ। ਵਿਜੇ ਸਾਨੂੰ ਰਾਤੀ ਕਹਿ ਗਿਆ ਸੀ ਕਿ ਸਵੇਰੇ ਅਸੀਂ ਤਿਆਰ ਰਹੀਏ ਉਹ ਸਾਨੂੰ ਖਾਨ ਦੀ ਦੁਕਾਨ ਤੇ ਛੱਡ ਆਏਗਾ ਜਿਥੋਂ ਰਾਸ਼ਣ ਦਾ ਸਾਰਾ ਹੀ ਸਮਾਨ ਮਿਲ ਜਾਂਦਾ ਹੈ ਤੇ ਸਸਤਾ ਵੀ।

ਵਿਜੇ ਨੇ ਆ ਹੋਰਨ ਮਾਰਿਆ। ਮਲਕੀਤ ਚਰਨਜੀਤ ਹੁਰੀਂ ਉਥੇ ਅੱਡੇ ਤੇ ਹੀ ਕੰਮ ਕਰਦੇ ਸਨ। ਜੁੰਮਾ-ਅਧੀ ਦਿਹਾੜੀ ਲੱਗਦਾ ਸੀ। ਅਸੀਂ ਉਨ੍ਹਾਂ ਨੂੰ ਬਾਏ ਕਰਕੇ ਵਿਜੇ ਦੀ ਗੱਡੀ ਵਿਚ ਜਾ ਬੈਠੇ। ਉਹ ਸਾਨੂੰ ਰਸਤੇ ਵਿਚ ਆਲੇ ਦੁਆਲੇ ਵਾਰੇ ਦਸਦਾ ਰਿਹਾ। ਉਸ ਬੈਂਕ ਵਾਰੇ ਵੀ ਉਸਨੇ ਦੱਸ ਦਿੱਤਾ ਜਿਥੋਂ ਡਰਾਫਟ ਬਣਵਾਉਣਾ ਸੀ। ਤੇ ਡਰਾਫਟ ਦਾ ਹਿਸਾਬ ਕਿਤਾਬ ਵੀ। ਉਹ ਹੁਣੇ ਏਧਰੋਂ ਹੀ ਗਿਆ ਸੀ ਤੇ ਰੇਟ ਦਾ ਵੀ ਪਤਾ ਕਰਕੇ ਗਿਆ ਸੀ, ਉਸਨੇ ਸਾਨੂੰ ਦੱਸਿਆ ਕਿ ਇੰਨੇ ਰਿਐਲ ਦਿਉਗੇ ਤਾਂ ਇਕ ਹਜ਼ਾਰ ਰੁਪਿਆ ਬਣੇਗਾ।

ਵਿਜੇ ਮਲਕੀਤ ਦੇ ਚਾਚੇ ਦਾ ਪੁੱਤਰ ਹੈ, ਏਥੇ ਇਕ ਛੋਟੀ ਜਿਹੀ ਕੰਪਨੀ 'ਚ ਡਰਾਇਵਰ ਹੈ। ਕੁਝ ਲੋਕ ਕਹਿੰਦੇ ਹਨ ਕਿ ਉਹ ਬਹੁਤ ਤੇਜ਼ ਅਤੇ ਮੌਕੇ ਦਾ ਫਾਇਦਾ ਲੈਣ ਵਾਲਾ ਬੰਦਾ ਹੈ। ਮੈਂ ਸਮਝਦਾ ਇਸ ਵਿਚ ਹਰਜ ਕੀ ਹੈ। ਹਰ ਕੋਈ ਮੌਕੇ ਦਾ ਲਾਭ ਲੈਣਾ ਹੀ ਚਾਹੁੰਦਾ ਹੈ।

ਉਹ ਜੇ ਕਿਤੇ ਮੌਕੇ ਦਾ ਲਾਭ ਲੈਂਦਾ ਵੀ ਹੈ ਤਾਂ ਕਈ ਸਾਡੇ ਵਰਗਿਆ ਦੀ ਖੁਸ਼ੀ ਨਾਲ ਮੱਦਦ ਕਰਨ ਨੂੰ ਵੀ ਤੱਤਪਰ ਰਹਿੰਦਾ ਹੈ। ਅਸੀਂ ਜਦੋਂ ਵੀ ਰਾਬਣ ਲੈਣ ਗਏ, ਇਸ ਗੱਲ ਨੂੰ ਉਸਨੇ ਆਪਣੀ ਡਿਉਟੀ ਸਮਝ ਲਿਆ ਕਿ ਸਵੇਰੇ ਉਹ ਸਾਨੂੰ ਬਜ਼ਾਰ ਛੱਡ ਕੇ ਆਉਂਦਾ ਅਤੇ ਢਾਈ ਵਜੇ ਉਹ ਸਾਡਾ ਸਮਾਨ ਰਾਸ਼ਣ ਵਾਲੀ ਥਾਂ ਤੋਂ ਚੱਕ ਕੇ ਬੱਸ ਅੱਡੇ ਉਤੇ ਸਾਨੂੰ ਦੇ ਕੇ ਆਉਂਦਾ। ਇਹੋ ਕੰਮ ਜੇ ਸਾਨੂੰ ਖੁਦ ਕਰਨਾ ਪੈਂਦਾ ਤਾਂ ਦੋ-ਤਿੰਨ ਰਿਐਲ ਕਰਾਏ ਦੇ ਲੱਗ ਜਾਂਦੇ। ਪਰਦੇਸ ਵਿਚ ਤਾਂ ਆਦਮੀ ਪੈਸਾ ਪੈਸਾ ਬਚਾਉਣ ਦੀ ਕੋਸ਼ਿਸ਼ ਕਰਦਾ। ਉਸਨੇ ਕਦੇ ਵੀ ਸਾਡਾ ਐਨਾਂ ਕੰਮ ਕਰਕੇ ਨਹੀਂ ਚਿਤਾਰਿਆ ਸੀ ਕਿ ਮੈਂ ਤੁਹਾਡਾ ਕੰਮ ਕੀਤਾ।

ਸਭ ਤੋਂ ਪਹਿਲਾਂ ਖਾਨ ਦੀ ਦੁਕਾਨ ਤੇ ਗਏ। ਅੰਦਰ ਵੜਦਿਆਂ ਹੀ ਵਿਜੇ ਨੇ ਖਾਨ ਨੂੰ ਦੱਸਿਆ ਕਿ ਅਸੀਂ ਨਵੇਂ ਆਏ ਹਾਂ, ਤੇ ਸਾਡਾ ਸਮਾਨ ਪੈਕ ਕਰਕੇ ਇਥੇ ਰੱਖ ਦੇਵੇ, ਉਹ ਤਿੰਨ ਵਜੇ ਤੋਂ ਪਹਿਲਾਂ ਆ ਕੇ ਲੈ ਜਾਏਗਾ। ਫਿਰ ਵਿਜੇ ਨੇ ਇਕ ਇਕ ਠੰਡਾ ਫਰਿਜ ਵਿਚੋਂ ਕੱਢ ਕੇ ਸਾਨੂੰ ਪੀਣ ਲਈ ਦਿੱਤਾ ਤੇ ਇਕ ਆਪ ਲੈ ਲਿਆ। ਇਹ ਖਾਨ ਵਲੋਂ ਨਵੇਂ ਗਾਹਕਾਂ ਨੂੰ ਭੇਂਟ ਹੈ।

ਹੁਣ ਤੁਸੀਂ ਜੋ ਸਮਾਨ ਲੈਣਾ, ਲੈ ਕੇ ਕਾਰਟੂਨ 'ਚ ਪੈਕ ਕਰਵਾ ਕੇ ਇਥੇ ਰੱਖ ਦੇਣਾਂ ਤੇ ਫਿਰ ਤੁਸੀਂ ਡਰਾਫਟ ਬਣਾ ਕੇ, ਡਾਕਖਾਨੇ ਜਾ ਕੇ ਰਜਿਸਟਰੀ ਕਰਵਾ ਦੇਣੀ ਤੇ ਜਿਧਰ ਮਰਜ਼ੀ ਸੈਰ ਕਰਨੀ ਢਾਈ ਵਜੇ ਮਥੁਰਾ, ਜਿਥੇ ਤੁਹਾਨੂੰ ਦੱਸਿਆ ਸੀ, ਉਥੇ ਬਸ ਸਟੈਂਡ ਤੇ ਆ ਜਾਣਾ ਮੈਂ ਤੁਹਾਡਾ ਸਮਾਨ ਉਥੇ ਪਹੁੰਚ ਦਿਆਂਗਾ।

ਸਭ ਕੁਝ ਸਮਝਾ ਕੇ ਉਹ ਆਪਣੇ ਕੰਮ ਉਤੇ ਚਲਾ ਗਿਆ। ਅਸੀਂ ਸਾਰੇ ਸਮਾਨ ਦੀ ਲਿਸਟ ਬਣਾ ਕੇ ਲਿਆਏ ਹੋਏ ਸਾਂ ਸਾਰਾ ਸਮਾਨ ਖਾਨ ਨੂੰ ਲਿਖਾ ਦਿੱਤਾ, ਉਸਨੇ ਉਹ ਲਿਸਟ ਇਕ ਮੁੰਡੇ ਨੂੰ ਦੇ ਦਿੱਤੀ। ਮੁੰਡਾ ਦਸਾ ਕੁ ਮਿੰਟਾਂ 'ਚ ਹੀ ਸਾਰਾ ਸਮਾਨ ਇਕੱਠਾ ਕਰਕੇ ਲੈਆਇਆ। ਉਸਨੇ ਸਾਰਾ ਸਮਾਨ ਸਾਨੂੰ ਦਿਖਾਇਆ। ਹਾਂ ਮਿਤਰੋ ਕੁਝ ਹੋਰ ਤਾਂ ਨਹੀਂ ਲੈਣਾ, ਮੈਂ ਮੇਜਰ ਤੇ ਬਲਦੇਵ ਨੂੰ ਪੁੱਛਿਆ। ਦਾਲਾਂ ਵੀ ਹੋ ਗਈਆਂ, ਆਟਾ ਵੀ ਹੋ ਗਿਆ ਚਾਹ ਪੱਤੀ, ਲੂਣ, ਮਿਰਚ ਮਸਾਲਾ, ਸਾਗ, ਸਬਜ਼ੀ ਦੇ ਡੱਬੇ, ਸਾਬਣ, ਓ ਮਾਸਟਰ ਇਕ ਬੋਤਲ ਰੂਹ ਅਫਜਾ ਵੀ ਰੱਖਦੇ ਮੈਂ ਦੁਕਾਨ ਵਾਲੇ ਮੁੰਡੇ ਨੂੰ ਕਿਹਾ, ਉਸਨੇ ਇਕ ਬੋਤਲ ਰੂਹ ਅਫਜਾ ਲਿਆ ਕੇ ਰੱਖ ਦਿੱਤੀ। ਮੇਜਰ ਬਲਦੇਵ ਨੇ ਕਿਸੇ ਹੋਰ ਚੀਜ਼ ਲਈ ਨਹੀਂ ਕਿਹਾ। ਸਾਰਾ ਸਮਾਨ ਉਸਨੇ ਇਕ ਕਾਰਟੂਨ 'ਚ ਪਾ ਕੇ ਟੇਪ ਲਾ ਕੇ ਚੰਗੀ ਤਰ੍ਹਾਂ ਬੰਨ ਦਿੱਤਾ। ਮੈਂ ਉਸ ਉਪਰ ਆਪਣਾ ਨਾਮ ਲਿਖ ਕੇ ਖਾਨ ਦੇ ਨੇੜੇ, ਪੈਰਾਂ ਵਿਚ ਰੱਖ ਕੇ ਉਸਨੂੰ ਪੈਸੇ ਦਿੱਤੇ ਤੇ ਬੈਂਕ ਚਲੇ ਗਏ।

ਜੁੰਮੇ ਨੂੰ ਵੈਸੇ ਤਾਂ ਛੁੱਟੀ ਹੁੰਦੀ ਹੈ ਪਰ ਇਹ ਲੋਕ ਬੈਂਕ ਤੇ ਪੋਸਟ ਆਫਿਸ ਸਾਡੇ ਲੋਕਾਂ ਕਰਕੇ ਹੀ ਖੋਲਦੇ ਹਨ। ਭਾਰਤ ਵਿਚ ਅਜਿਹੀ ਸਹੂਲਤ ਕਿਤੇ ਵੀ ਦੇਖਣ ਨੂੰ ਨਹੀਂ ਮਿਲਦੀ।

ਰਸ਼ ਬਹੁਤ ਸੀ ਅਸੀਂ ਤਿੰਨੇ ਲਾਇਨ ਵਿਚ ਲੱਗ ਗਏ। ਅਠਾਂ ਦਸਾਂ ਮਿੰਟਾਂ 'ਚ ਹੀ ਸਾਡੀ ਵਾਰੀ ਆ ਗਈ। ਹਿਸਾਬ ਤਾਂ ਵਿਜੇ ਸਾਨੂੰ ਦੱਸ ਹੀ ਗਿਆ ਸੀ । ਅਸੀਂ ਪੈਸੇ ਜਮਾਂ ਕਰਵਾ ਕੇ ਡਰਾਫਟ ਲਿਆ ਤੇ ਬਜ਼ਾਰ ਹੁੰਦੇ ਹੋਏ ਸੁੱਕੀ ਨਦੀ ਦੇ ਵਿਚ ਦੀ ਨਿਕਲ ਕੇ ਡਾਕਘਰ ਜਾ ਪਹੁੰਚੇ। ਉਥੇ ਵੀ ਕਾਫੀ ਭੀੜ ਸੀ। ਚਾਰ ਕਾਉਂਟਰ ਖੁੱਲੇ ਸਨ। ਤਿੰਨ ਬੰਦੇ ਤਾਂ ਅਸੀਂ ਸੀ ਤਿੰਨ ਚਾਰ ਸਾਡੇ ਨਾਲ ਹੋਰ ਅੰਦਰ ਵੜੇ ਤਾਂ ਉਨ੍ਹਾਂ ਨੇ ਪੰਜਵਾਂ ਕਾਉਂਟਰ ਖੋਲ੍ਹ ਦਿੱਤਾ। ਉਨ੍ਹਾਂ ਦਾ ਇਕ ਬੰਦਾ ਹਾਲ ਵਿਚ ਖੜਾ ਇਹ ਚੈਕ ਕਰਦਾ ਰਹਿੰਦਾ ਸੀ ਕਿ ਕਿਸੇ ਵੀ ਕਾਉਂਟਰ ਉਤੇ 10ਸਾਂ ਨਾਲੋਂ ਜ਼ਿਆਦਾ ਬੰਦੇ ਖੜੇ ਨਾਂ ਹੋਣ। ਗਿਆਰਵਾਂ ਬੰਦਾ ਅੰਦਰ ਆਇਆ, ਨਵਾਂ ਕਾਉਂਟਰ ਖੁੱਲ ਗਿਆ। ਇੰਡੀਆ ਵਾਂਗੂੰ ਨਹੀਂ ਕਿ ਲਾਇਨ ਵਿਚ

ਭਾਵੇਂ 100 ਬੰਦਾ ਖੜ੍ਹਾ ਹੈ।

ਜਾਏ ਕੰਮ ਇਕੋ ਹੀ ਕਾਊਂਟਰ ਉਤੇ ਹੋਣਾ, ਦੂਜੇ ਕਾਊਂਟਰ ਵਾਲਾ ਭਾਵੇਂ ਖਾਲੀ ਹੋਵੇ। ਖੈਰ ਇੰਡੀਆ ਦੀਆਂ ਤਾਂ ਬਾਤਾਂ ਹੀ ਨਿਰਾਲੀਆਂ ਹਨ ਤਦੇ ਤਾਂ ਬਹੁਤ ਤਰੱਕੀ ਕਰੀ ਜਾ ਰਿਹਾ ??।

ਸਾਡੀਆਂ ਰਜਿਸਟਰੀਆਂ ਹੋ ਚੁੱਕੀਆਂ ਸਨ ਤੇ ਟਾਇਮ ਵੀ ਗਿਆਰਾਂ ਵਜ ਹਟੇ ਸਨ, ਸੋਚਿਆ ਕਿਤੋਂ ਚਾਹ ਪਾਣੀ ਪੀਈਏ। ਇਕ ਛੋਟੀ ਜਿਹੀ ਦੁਕਾਨ ਦਿਸੀ ਉਥੇ ਹੀ ਚਲੇ ਗਏ। ਉਥੇ ਤਿੰਨ ਕਪ ਚਾਹ ਲਈ ਤੇ ਤਿੰਨ ਬਿਸਕੁਟ ਖਾ ਕੇ ਪੈਸੇ ਦਿੱਤੇ ਤੇ ਮਥੁਰਾ ਜਾਣ ਦੀ ਸਲਾਹ ਬਣਾ ਲਈ।

ਸਵੇਰੇ ਸਾਨੂੰ ਵਿਜੇ ਨੇ ਦੱਸ ਦਿੱਤਾ ਸੀ ਕਿ ਤੁਹਾਨੂੰ ਟਾਇਮ ਕਾਫੀ ਹੋ ਜਾਣਾ ਹੈ, ਵਾਪਸ ਦਾਰਸੈਟ ਔਣ ਦਾ ਟਾਇਮ ਹੋਵੇ ਜਾਂ ਨਾਂ, ਇਸ ਕਰਕੇ ਭਾਜੀ ਹੁਰਾਂ ਨੇ ਤੁਸੀਂ ਹੁਣੇ ਬਾਏ ਕਰ ਜਾਉ। ਜੇ ਤੁਹਾਡਾ ਕੰਮ ਗਿਆਰਾਂ ਕੁ ਵਜੇ ਨਾਲ ਮੁੱਕ ਗਿਆ ਤਾਂ ਵਾਪਸ ਆ ਜਾਇਉਂ, ਫਿਰ ਮੈਂ ਤੁਹਾਨੂੰ ਢਾਈ ਵਜੇ ਮਥੁਰਾ ਛੱਡ ਆਵਾਂਗਾ। ਜੇ ਟਾਇਮ ਜ਼ਿਆਦਾ ਹੈ ਗਿਆ ਫਿਰ ਤਾਂ ਤੁਹਾਨੂੰ ਔਣ ਜਾਣ ਹੀ ਪੈਣਾ। ਜਦੋਂ ਸਾਡਾ ਸਾਰਾ ਕੰਮ ਮੁੱਕਾ ਤਾਂ ਬਾਰਾਂ ਵੱਜਣ ਵਾਲੇ ਸਨ।ਅਸੀਂ ਹੋਲੀ ਹੋਲੀ ਮਥੁਰਾ ਵਲ ਨੂੰ ਤੁਰ ਪਏ।

ਬੋਹੜੀ ਬੋਹੜੀ ਬੱਦਲ ਵਾਈ ਹੋਈ ਸੀ। ਅਸੀਂ ਪੁੱਛਦੇ ਪੁੱਛਦੇ ਮਥੁਰਾ ਬਜ਼ਾਰ ਵਿਚ ਨਿਕਲ ਗਏ। ਅਜਿਹਾ ਬਜ਼ਾਰ ਮੈਨੂੰ ਚੇਤਾ ਨਹੀਂ ਕਿ ਮੈਂ ਹੋਰ ਕਿਤੇ ਦੇਖਿਆ ਹੋਵੇ। ਇਸ ਬਜ਼ਾਰ ਦੀ ਖਾਸੀਅਤ ਇਹ ਸੀ ਕਿ ਇਸ ਸਾਰੇ ਬਜ਼ਾਰ ਦੀ ਛੱਤ ਨੂੰ ਕਲਾਸੀਕਲ ਤਰੀਕੇਨਾਲ ਉਪਰੋਂ ਚੁੱਕ ਕੇ ਰਿਜਾਇਨ ਕੀਤਾ ਹੋਇਆ ਸੀ । ਸਾਰਾ ਕੰਮ ਸਣ ਦੀਆਂ ਚਟਾਈਆਂ ਉੱਤੇ ਕੀਤਾ ਗਿਆ ਸੀ। ਉਹ ਸਭ ਕੁਝ ਦੇਖ ਕੇ ਦਿਲ ਨੂੰ ਬਹੁਤ ਸਕੂਨ ਤੇ ਖੁਸ਼ੀ ਮਿਲੀ, ਜਿਥੇ ਉਹ ਲੋਕਾਂ ਨੂੰ ਧੁੱਪ ਤੋਂ ਬਚਾਉਂਦਾ ਸੀ, ਉਥੇ ਉਹ ਕੰਮ ਗਾਹਕਾਂ ਨੂੰ ਵੀ ਆਪਣੀ ਵਲ ਖਿੱਚਦਾ ਸੀ। ਲੋਕ ਦੁਕਾਨਾਂ ਵਲ ਤਾਂ ਘੱਟ ਨਜ਼ਰ ਕਰਦੇ ਸਨ ਉਸ ਮੀਨਾਕਾਰੀ ਨੂੰ ਦੇਖਣ ਜ਼ਿਆਦਾ ਜਾਂਦੇ ਸਨ। ਵਿਜੇ ਨੇ ਸਾਨੂੰ ਦੱਸਿਆ ਸੀ ਕਿ ਮਥੁਰਾ ਦਾ ਹੁਸਨ ਰਾਤ ਨੂੰ ਜ਼ਿਆਦਾ ਜਗਮਗਾਉਂਦਾ ਹੈ। ਰਾਤ ਨੂੰ ਬਜ਼ਾਰ ਦੀਆਂ ਸਪੈਸ਼ਲ ਲਾਇਟਾਂ ਉਸ ਕੰਮ ਨੂੰ ਹੋਰ ਵੀ ਹੁਸੀਨ ਬਣਾ ਦਿੰਦੀਆਂ ਹਨ।

ਮਥੁਰਾ ਸੋਨੇ ਦਾ ਬਹੁਤ ਵੱਡਾ ਬਜ਼ਾਰ ਹੈ। ਸੋਨੇ ਦੀਆਂ ਦੁਕਾਨਾਂ ਇਸ ਬਜ਼ਾਰ ਦੇ ਨਾਲ ਹੀ ਇਕ ਤੰਗ ਬਜ਼ਾਰ ਵਿਚ ਹਨ। ਉਹ ਸਾਰਾ ਏਰੀਆ, ਮਿੱਟੀ ਦੀਆਂ ਕੱਚੀਆਂ ਇੱਟਾਂ ਨਾਲ ਉਸਰਿਆ ਹੋਇਆ ਹੈ। ਉਨ੍ਹਾਂ ਦੁਕਾਨਾਂ ਦੀਆਂ ਕੰਧਾਂ 3-3, 4-4 ਫੁੱਟ ਚੌੜੀਆਂ ਹਨ। ਤੇ * ਉਨ੍ਹਾਂ ਕੰਧਾਂ ਵਿਚ ਹੀ ਉਨ੍ਹਾਂ ਲੋਕਾਂ ਨੇ ਸੋਨਾ ਤੇ ਪੈਸੇ ਰੱਖਣ ਲਈ ਤਿਜੋਰੀਆਂ ਬਣਾਈਆਂ ਹੋਈਆਂ ਹਨ। ਉਨ੍ਹਾਂ ਕੱਚੀਆਂ ਕੰਧਾਂ ਉਤੇ ਰੰਗ ਰੋਗਨ ਨਾਲ ਮੀਨਾਕਾਰੀ ਦੇ ਕਈ ਫੁੱਲ ਬੂਟੇ ਬਣਾਏ ਹੋਏ ਹਨ ਜੋ ਦੇਖਣ ਨੂੰ ਬਹੁਤ ਸੋਹਣੇ ਲੱਗਦੇ ਹਨ ਤੇ ਮਨ ਨੂੰ ਸ਼ਾਂਤੀ ਤੇ ਖੁਸ਼ੀ ਦਿੰਦੇ ਹਨ। ਉਥੋਂ ਅਸੀਂ ਖਤ ਲਿਖਣ ਵਾਸਤੇ ਦੋ ਲੈਟਰ ਪੈਡ ਲਏ ਜਿਨਾਂ ਉਤੇ ਉਮਰ ਖਿਆਮ ਦਿਆਂ ਸ਼ਿਅਰਾਂ ਨਾਲ ਦਿਲ ਲੁਭਾਵਨੇ ਸਕੈਚ ਬਣੇ ਹੋਏ ਸਨ। ਹੌਲੀ ਹੌਲੀ ਅਸੀਂ ਸਮੁੰਦਰ ਕੰਢੇ ਬਸ ਸਟੈਂਡ ਵਲ ਨੂੰ ਹੋ ਪਏ। ਸੜਕ ਦੇ ਦੋਨੋਂ ਪਾਸੇ ਫੁੱਲ ਬੂਟੇ ਲੱਗੇ ਹੋਏ ਸਨ ਤੇ ਲੋਕਾਂ ਦੇ ਬੈਠਣ ਨੂੰ ਬੜੇ ਸਟਾਇਲ ਵਾਲੇ ਬੈਂਚ ਫਿਟ ਕੀਤੇ ਹੋਏ ਸਨ। ਸਮੁੰਦਰ ਵਿਚ ਪੰਜ ਛੇ ਟੈਂਕਰ ਖੜੇ ਸਨ ਤੇ ਇਕ ਪੰਜ÷ਮੰਜ਼ਿਲਾ ਪੈਸੰਜਰਸ਼ਿਪ ਖੜਾ ਸੀ। ਵਿਜੇ ਨੇ ਦੱਸਿਆ ਸੀ ਕਿ ਇਹ ਨਜ਼ਾਰਾ ਰਾਤ ਨੂੰ ਦੇਖਣ ਵਾਲਾ ਹੁੰਦਾ ਹੈ ਸਮੁੰਦਰ ਦੇ ਦੁਆਲੇ ਘੁੰਮਦੀ ਸੜਕ ਉਤੇ ਲਗੀਆਂ ਲਾਇਟਾਂ ਤੇ ਪਹਾੜੀ ਕਿਲੇ ਦੀਆਂ ਰੌਸ਼ਨੀਆਂ ਅਲੱਗ ਹੀ ਨਜ਼ਾਰਾ ਬੰਨਦੀਆਂ ਸਨ। ਵਿਜੇ ਨੇ ਦੱਸਿਆ ਕਿ ਇਨਾਂ ਕਿਲਿਆਂ ਅੰਦਰ ਖਤਰਨਾਕ ਲੋਕਾਂ ਨੂੰ ਰੱਖਿਆ ਜਾਂਦਾ ਸੀ। ਐਸ ਵੇਲੇ ਵੀ ਬੜਾ ਖੂਬਸੂਰਤ ਨਜ਼ਾਰਾ ਦਿਸ ਰਿਹਾ ਸੀ। ਦਿਲ ਕਰ ਰਿਹਾ ਸੀ ਕਿ ਕੈਮਰਾ ਹੋਵੇ ਤਾਂ ਇਕ ਖੂਬਸੂਰਤੀ ਨੂੰ ਕੈਦ ਕਰ ਲਿਆ ਜਾਏ। ਏਸੇ ਤਮੰਨਾ ਨੇ ਅੱਗੇ ਜਾ ਕੇ ਮੈਨੂੰ ਕੈਮਰਾ ਲੈਣ ਲਈ ਮਜ਼ਬੂਰ ਕਰ ਦਿੱਤਾ।

ਸਾਡੇ ਖੜਿਆ ਖੜਿਆ ਉਥੇ ਪੰਜ ਛੇ ਔਰਤਾਂ ਆ ਗਈਆਂ, ਜਿਨਾਂ ਨੇ ਬੜੇ ਭਾਰੇ ਭਾਰੇ ਗਹਿਣੇ ਪਾਏ ਹੋਏ ਸਨ। ਉਹ ਕਿਸੇ ਪਿੰਡ ਦੀਆਂ ਔਰਤਾਂ ਸਨ, ਉਨਾਂ ਨੇ ਸਾਡੇ ਵਲ ਜਾਣ ਵਾਲੀ ਬੱਸ 'ਚ ਹੀ ਸਵਾਰ ਹੋਣਾ ਸੀ। ਵਿਜੇ ਆ ਚੁੱਕਾ ਸੀ। ਅਸੀਂ ਆਪਣਾ ਸਮਾਨ ਉਸਦੀ ਗੱਡੀ 'ਚੋਂ ਲਾਹ ਕੇ ਇਕ ਬੈਂਚ ਉਤੇ ਰੱਖ ਲਿਆ ਸੀ। ਉਸਨੇ ਹੀ ਸਾਨੂੰ ਉਨ੍ਹਾਂ ਔਰਤਾਂ ਵਾਰੇ ਦੱਸਿਆ ਸੀ। ਦੋਂਹ ਔਰਤਾਂ ਨੇ ਤਾਂ ਆਪਣੇ ਆਪ ਨੂੰ ਪੂਰੀ ਤਰਾਂ ਕੱਜਿਆ ਹੋਇਆ ਸੀ, ਉਨ੍ਹਾਂ ਦੀਆਂ ਸਿਰਫ ਅੱਖਾਂ ਹੀ ਦਿਸ ਰਹੀਆਂ ਸਨ। ਸੂਟ ਕੀਮਤੀ ਤੇ ਸਲੀਕੇ ਵਾਲੇ ਸਨ, ਪੈਰੀਂ ਸਾਰਿਆਂ ਨੇ ਸਲੀਪਰ ਪਾਏ ਹੋਏ ਸਨ। ਪੈਰਾਂ ਵਿਚ ਰਾਜਸਥਾਨੀਆਂ ਵਾਂਗ ਭਾਰੇ ਭਾਰੇ ਚਾਂਦੀ ਦੇ ਕੰਗਣ ਤੇ ਹੱਥਾਂ ਵਿਚ ਸੋਨੇ ਦੇ ਕੰਗਣ ਸਨ ਗੱਲਾਂ ਵਿਚ ਲੰਬੇ ਲੰਬੇ ਹਾਰ ਸਨ। ਸ਼ਾਇਦ ਉਹ ਕਿਤੇ ਵਿਆਹ ਤੇ ਜਾ ਰਹੀਆਂ ਸਨ।

ਬੱਸ ਆ ਚੁੱਕੀ ਸੀ ਤੇ ਅਸੀਂ ਸਮਾਨ ਰੱਖ ਕੇ ਬੈਠ ਗਏ।

ਵਿਜੇ ਵਾਪਸ ਜਾ ਚੁੱਕਾ ਸੀ। ਡਰਾਇਵਰ ਨੇ ਇਕ ਵਾਰ ਆਵਾਜ਼ ਦਿੱਤੀ ਤੇ ਆਪਣੀ ਸੀਟ ਤੇ ਜਾ ਕੇ ਬੈਠ ਗਿਆ, ਸਾਰਿਆਂ ਨੇ ਵਾਰੀ ਵਾਰੀ ਟਿਕਟਾਂ ਲਈਆਂ, ਡਰਾਇਵਰ ਨੇ ਦਰਵਾਜ਼ੇ ਬੰਦ ਕੀਤੇ ਤੇ ਬੱਸ ਸਟਾਰਟ ਕਰਕੇ ਤੋਰ ਲਈ।

ਕੋਈ 200 Km. ਦਾ ਸਫਰ, ਰਸਤੇ ਵਿਚ ਚਾਹ ਪਾਣੀ ਪੀਂਦਿਆਂ ਤਿੰਨ ਘੰਟਿਆਂ ਤੋਂ ਉਪਰ ਮੁਕਿਆ। ਅਸੀਂ ਸੱਤ ਵਜੇ ਨਾਲ ਆਪਣੇ ਰੂਮ ਵਿਚ ਪਹੁੰਚੇ।

ਫਿਰ ਇਹ ਸਫਰ ਸਾਡੇ ਲਈ ਮਹੀਨੇ ਦੇ ਪਹਿਲੇ ਜੁੰਮੇ ਦਾ ਪੱਕਾ ਹੋ ਗਿਆ। ਕਿਉਂਕਿ ਮਹੀਨੇ ਭਰ ਦਾ ਰਾਸ਼ਨ ਤਾਂ ਚਾਹੀਦਾ ਹੀ ਸੀ।

ਦੋ ਢਾਈ ਮਹੀਨੇ ਤਾਂ ਸਾਨੂੰ ਆਪਣਾ ਆਪ ਸੁਆਰਨ ਤੇ ਹੀ ਲੱਗ ਗਏ। ਫਿਰ ਰਬਾਬ ਨੇ ਲੋਕਾਂ ਨੂੰ ਸਾਡੇ ਕੰਮਾਂ ਵਾਰੇ ਦੱਸਿਆ ਤੇ ਕੰਮ ਫੜਨਾ ਸ਼ੁਰੂ ਕੀਤਾ। ਅਸੀਂ ਮਹਿਸੂਸ ਕੀਤਾ ਕਿ ਲੋਕ ਸਾਨੂੰ ਬੜੇ ਹੈਰਾਨ ਹੋ ਕੇ ਦੇਖਦੇ ਹਨ। ਕਈਆਂ ਦੀ ਨਿਗਾਹ ਵਿਚ ਅਸੀਂ ਬਹੁਤ ਨੇਕ ਤੇ ਕਰਾਮਾਤੀ ਹੋ ਗਏ ਸਾਂ। ਇਸ ਦਾ ਕਾਰਣ ਸਾਨੂੰ ਬਾਅਦ 'ਚ ਪਤਾ ਲੱਗਾ ਕਿ ਜਿਸ ਦਿਨ ਅਸੀਂ ਏਸ ਪਿੰਡ ਵਿਚ ਆਏ ਸਾਂ, ਉਸ ਦਿਨ ਇਸ ਪਿੰਡ ਵਿਚ ਚੋਦਾਂ ਸਾਲ ਬਾਅਦ ਮੀਂਹ, ਪਿਆ ਸੀ। ਜਦਕਿ ਮੀਂਹ ਪੈਣ ਦੇ ਕੋਈ ਉਸਾਰ ਨਜ਼ਰ ਨਹੀਂ ਆ ਰਹੇ ਸਨ। ਮੀਂਹ ਔਣ ਦੀ ਖੁਸ਼ੀ ਵਿਚ ਪਿੰਡ ਵਾਲਿਆਂ ਜਸ਼ਨ ਵੀ ਕੀਤਾ ਸੀ। ਇਸ ਕਰਕੇ ਪਿੰਡ ਵਾਲੇ ਸਾਨੂੰ ਸ਼ੁਭ ਮੰਨਦੇ ਸਨ। ਫਿਰ ਅਸੀਂ ਕੰਮ ਵੀ ਸਾਰੇ ਹੀ ਕਰ ਲੈਂਦੇ ਸਾਂ, ਖਡੇ ਪੁੱਟਣ ਤੋਂ ਲੈ ਕੇ ਮਕਾਨ ਬਣਾਉਣ ਤੇ ਮਸ਼ੀਨਾਂ ਠੀਕ ਕਰਨ ਤੱਕ। ਇਸ ਕਰਕੇ ਵੀ ਲੋਕ ਕੁਝ ਹੈਰਾਨ ਸਨ।

ਉਹ ਲੋਕ ਬਿਲਕੁਲ ਅਨਪੜ ਸਨ ਤੇ ਖਜੂਰਾਂ ਦਾ ਹੀ ਕੰਮ ਕਰਦੇ ਸਨ। ਖਜੂਰ ਤੋੜਨਾ ਤੇ ਉਸਨੂੰ ਸਾਂਭਣਾ ਵੀ ਇਕ ਕਲਾ ਹੈ। ਖਜੂਰ ਦੇ ਦਰਖਤ ਉਤੇ ਇਕ ਆਦਮੀ ਬੇਲਟ ਬੰਨ ਕੇ ਚੜਦਾ ਹੈ, ਇਕ ਗੰਢਾਸੀ ਉਸ ਨੇ ਬੇਲਟ ਵਿਚ ਅੜਿੰਗੀ ਹੁੰਦੀ ਹੈ ਤੇ ਇਕ ਰੱਸਾ। ਰੱਸੇ ਨੂੰ ਉਹ ਉਪਰ ਜਾ ਕੇ ਬੰਨ ਦਿੰਦਾ ਹੈ ਤੇ ਗੰਢਾਸੀ ਨਾਲ ਕੱਚੇ ਖਜੂਰਾਂ ਦੇ ਗੁੱਛੇ ਵੱਢ ਵੱਢ ਕੇ ਉਹ ਰੱਸੇ ਉਤੇ ਰੱਖ ਦਿੰਦਾ ਹੈ ਜੋ ਕਿ ਘਿਸਰ ਕੇ ਹੇਠਾਂ ਆ ਜਾਂਦੇ ਹਨ। ਹੇਠਾਂ ਜਿਸ ਆਦਮੀ ਨੇ ਰੱਸਾ ਫੜਿਆ ਹੁੰਦਾ ਹੈ ਉਸਨੂੰ ਇਸ ਗੱਲ ਦਾ ਖਿਆਲ ਰੱਖਣਾ ਪੈਂਦਾ ਹੈ ਕਿ ਉਤੋਂ ਆ ਰਿਹਾ ਗੁੱਛਾ ਨਾ ਤਾਂ ਜ਼ਮੀਨ ਉਤੇ ਟਕਰਾ ਕੇ ਖਰਾਬ ਹੋਵੇ ਤੇ ਨਾ ਹੀ ਉਸ ਦੇ ਹੱਥਾਂ ਪੈਰਾਂ ਨੂੰ ਸੱਟ ਲੱਗੇ। ਫਿਰ ਇਕ ਇਕ ਕਰਕੇ ਖਜੂਰਾਂ ਨੂੰ ਗੁਛੇ ਨਾਲੋਂ ਤੋੜਿਆ ਜਾਂਦਾ ਹੈ ਤੇ ਕੱਚੀਆਂ ਪੱਕੀਆਂ ਖਜੂਰਾਂ ਅਲੱਗ ਕੀਤੀਆਂ ਜਾਂਦੀਆਂ ਹਨ। ਕਚੀਆਂ ਖਜੂਰਾਂ ਨੂੰ ਵਡੇ ਸਾਰੇ ਕੜਾਹੇ 'ਚ ਪਾ ਕੇ ਉਬਾਲਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਸਾਫ ਕੀਤੀ ਹੋਈ ਥਾਂ ਤੇ ਚਿਟਾਈਆਂ ਬਿਛਾ ਕੇ ਸੁੱਕਣੇ ਪਾ ਦਿੱਤਾ ਜਾਂਦਾ ਹੈ । ਉਸ ਵਕਤ ਲੋਕ ਦੁਆ ਕਰਦੇ ਹਨ ਕਿ ਪਾਣੀ ਦੀ ਛਿੱਟ ਉਨ੍ਹਾਂ ਉਤੇ ਨਾਂ ਪੈ ਜਾਏ। ਜਿਵੇਂ ਪੰਜਾਬ ਵਿਚ ਜਦੋਂ ਕਣਕ ਪੱਕਣ ਵਾਲੀ ਹੁੰਦੀ ਹੈ ਤਾਂ ਕਿਸਾਨ ਇਹੋ ਹੱਥ ਜੋੜਦੇ ਹਨ ਕਿ ਮੀਂਹ ਨਾਂ ਪੈ ਜਾਏ ਜਾਂ ਹਨ੍ਹੇਰੀ ਨਾਂ ਆ ਜਾਏ। ਉਸ ਵਕਤ ਆਇਆ ਮੀਹ ਹਨੇਰੀ, ਸਾਰੀ ਕਣਕ ਦੀ ਫਸਲ ਨੂੰ ਬਰਬਾਦ ਕਰਕੇ ਰੱਖ ਦੇਵੇਗਾ। ਅਗਰ ਪਾਣੀ ਦੀ ਛਿੱਟ ਉਨ੍ਹਾਂ ਉਬਾਲੀਆਂ ਖਜੂਰਾਂ ਉਤੇ ਪੈ ਜਾਏਗੀ ਤਾਂ ਉਨ੍ਹਾਂ ਤੋਂ ਬਣੇ ਛੁਹਾਰਿਆਂ 'ਚ ਕੀੜਾ ਪੈ ਜਾਏਗਾ ਇਸ ਕੰਮ ਤੋਂ ਸਿਵਾ ਉਨ੍ਹਾਂ ਲੋਕਾਂ ਨੂੰ ਉਦੋਂ ਹੋਰ ਕੋਈ ਜ਼ਿਆਦਾ ਕੰਮਨਹੀਂ ਸੀ ਆਉਂਦਾ। ਕਿਸੇ ਚੀਜ਼ ਦੀ ਰਿਪੇਅਰ ਕਰਨ ਵਾਲਾ ਉਥੇ ਕੋਈ ਨਹੀਂ ਸੀ । ਕਾਰਾਂ ਤੱਕ ਕਚਰੇ 'ਚ ਸੁੱਟ ਦਿੰਦੇ ਸਨ। ਇਕ ਦਿਨ ਅਸੀਂ ਕਿਸੇ ਦੇ ਘਰ ਕੰਮ ਕਰਨ ਗਏ ਤਾਂ ਦੇਖਿਆ ਉਨ੍ਹਾਂ ਦੇ ਵਿਹੜੇ ਵਿਚ ਤਿੰਨ ਚਾਰ ਟੇਪਾਂ ਸੁਟੀਆਂ ਪਈਆਂ ਸਨ। ਅਸੀਂ ਉਨ੍ਹਾਂ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਖਰਬਾਨ (ਖਰਾਬ) ਹਨ ਚਲਦੀਆਂ ਨਹੀਂ। ਅਸੀਂ ਉਨ੍ਹਾਂ ਤੋਂ ਪੁੱਛ ਕੇ ਇਕ ਟੇਪ ਰਿਕਾਰਡਰ ਲੈ ਆਏ ਤੇ ਕੁਆਟਰ ਆ ਕੇ ਉਸ ਨੂੰ ਚੰਗੀ ਤਰ੍ਹਾਂ ਸਾਫ ਕੀਤਾ ਉਹ ਅੰਦਰੋਂ ਬਾਹਰੋਂ ਰੇਤਾ ਨਾਲ ਭਰੀ ਹੋਈ ਸੀ । ਘਰ ਤਾਂ ਕੱਚੇ ਸਨ ਹੀ ਫਿਰ ਘਰ 'ਚ ਕਮਰੇ ਵੀ ਦੋ ਤਿੰਨ ਹੀ ਹੁੰਦੇ ਸਨ ਬਾਕੀ ਤਾਂ ਬਗੈਰ ਛੱਤਾਂ ਤੋਂ ਕੰਧਾਂ ਹੀ, ਉਹ ਵੀ ਟੁੱਟੀਆਂ ਭਜੀਆਂ ਖੜੀਆਂ ਮਿਲਦੀਆਂ ਸਨ ਤੇ ਉਨ੍ਹਾਂ ਵਿਚ ਰੇਤਾ ਹੀ ਰੇਤਾ ਹੁੰਦਾ ਸੀ। ਉਸੇ ਰੇਤਾ ਵਿਚ ਹੀ ਸਮਾਨ ਪਿਆ ਹੋਇਆ ਸੀ। ਰੋਟੀ ਵਗੈਰਾ ਵੀ ਉਥੇ ਹੀ ਬਹਿ ਕੇ ਖਾਂਦੇ ਸਨ। ਇਕ ਵੱਡੇ ਸਾਰੇ ਥਾਲ ਵਿਚ ਚੋਲ ਪਾ ਕੇ ਸਾਰਾ ਟੱਬਰ ਉਸਨੂੰ ਘੇਰ ਲੈਂਦਾ ਹੈ। ਕਈ ਵਾਰ ਰੋਟੀ ਖਾਂਦਿਆਂ ਅਜਿਹਾ ਹਵਾ ਦਾ ਬੁੱਲਾ ਆਉਂਦਾ ਕਿ ਸਭ ਕੁਝ ਰੇਤਾ ਨਾਲ ਭਰ ਜਾਂਦਾ। ਸਾਡੇ ਨਾਲ ਵੀ ਪਹਿਲਾਂ ਪਹਿਲਾਂ ਇਸ ਤਰ੍ਹਾਂ ਹੋਇਆ ਜਦੋਂ ਕੁਆਟਰ ਬਣਿਆ ਨਹੀਂ ਸੀ। ਫਿਰ ਰੋਟੀ ਖਾਣ ਜੋਗੀ ਨਾਂ ਰਹਿਣੀ ਤੇ ਆਪਣੇ ਆਪ ਨੂੰ ਗਾਲ੍ਹਾ ਕਢਣੀਆ।

ਉਹ ਟੇਪ ਰਿਕਾਰਡਰ ਚਾਲੂ ਹੋ ਗਈ, ਅਸੀਂ ਉਹ ਟੇਪ ਉਨ੍ਹਾਂ ਨੂੰ ਦੇ ਕੇ ਦੂਜੀਆਂ ਲੈ ਆਏ। ਉਹ ਸਾਡੇ ਗੁਣ ਗੋਣੋਂ ਨਾਂ ਹਟਣ। ਉਨ੍ਹਾਂ ਨੇ ਨੇੜੇ ਤੇੜੇ ਦੇ ਪਿੰਡਾਂ ਵਾਲਿਆਂ ਨੂੰ ਵੀ ਇਹ ਖਬਰ ਦੇ ਦਿੱਤੀ ਕਿ ਸਾਡੇ ਪਿੰਡ ਤਿੰਨ ਹਿੰਦੀ ਸਿੰਘ ਆਏ ਹਨ ਜੋ ਸਾਰੇ ਕੰਮ ਕਰ ਲੈਂਦੇ ???।

ਹੁਣ ਤੱਕ ਸਾਡੀ ਕਾਫੀ ਵਾਕਫੀਅਤ ਹੋ ਚੁੱਕੀ ਸੀ। ਜੋ ਲੋਕ ਪਹਿਲਾਂ ਸਾਡੇ ਤੋਂ ਕੁਝ ਡਰਦੇ ਜਾਂ ਗੱਲ ਕਰਨ ਤੋਂ ਹਿਚਕਾਉਂਦੇ ਸਨ, ਉਹ ਹੁਣ ਸਾਡੇ ਕੋਲ ਆ ਕੇ ਬਹਿਣ ਲੱਗ ਪਏ।

ਬਹਿਣ ਹੀ ਨਾਂ ਲੱਗੇ, ਉਹ ਸਾਡੇ ਲਈ ਕੁਝ ਨਾ ਕੁਝ ਖਾਣ ਨੂੰ ਵੀ ਲੈ ਕੇ ਔਂਦੇ। ਹਰੀਆਂ ਮਿਰਚਾਂ ਨਿੰਬੂ-ਗਲਗਲਾਂ-ਖਜੂਰਾਂ ਜਾਂ ਹਲਵਾ। ਇਕ ਦਿਨ ਇਕ ਬੀਬੀ ਕੋਈ ਕੰਮ ਕਰਵਾਉਣ ਆਈ ਤਾਂ ਨਾਲ ਲੱਸੀ ਦਾ ਭਰਿਆ ਗੜਵਾ ਵੀ ਲੈ ਕੇ ਆਈ। ਉਸਦਾ ਕੰਮ ਕਰਕੇ ਤੇ ਉਸਨੂੰ ਤੋਰ ਕੇ ਅਸੀਂ ਲੱਸੀ ਦੁਆਲੇ ਹੋ ਗਏ। ਲੱਸੀ ਸੀ ਤਾਂ ਸੁਆਦ ਪਰ ਉਸ ਵਿਚ ਚਾਟੀ ਦੀ ਮਹਿਕ ਨਹੀਂ ਸੀ। ਕਿਉਂਕਿ ਉਨ੍ਹਾਂ ਲੋਕਾਂ ਦਾ ਲੱਸੀ ਬਣਾਉਣ ਦਾ ਢੰਗ ਤਰੀਕਾ ਬਿਲਕੁਲ ਵੱਖਰਾ ਹੈ। ਉਹ ਦਹੀਂ ਨੂੰ ਇਕ ਡਰੰਮ ਵਿਚ (ਜੋ ਖਾਸ ਤੌਰ ਤੇ ਆਢੇਦਾਅ ਬਣਿਆ ਹੁੰਦਾ ਹੈ। ਉਸਦੇ ਆਢੇਦਾਅ ਵਲ ਦੋਹਾਂ ਸਿਰਿਆਂ ਤੇ ਦੋ ਕੁੰਢੇ ਲੱਗੇ ਹੁੰਦੇ ਹਨ ਤੇ ਵਿਚਕਾਰ ਮੂੰਹ ਹੁੰਦਾ ਹੈ। ਉਸਨੂੰ ਦੋਵੇਂ ਸਿਰੇ ਰੱਸੀ ਨਾਲ ਬੰਨ ਕੇ ਲਟਕਾ ਲਿਆ ਜਾਂਦਾ ਹੈ ਫਿਰ ਉਸਨੂੰ ਆਢੇਦਾਅ ਹੈ ਹਿਲਾਇਆ ਜਾਂਦਾ ਹੈ ਇਸ ਤਰ੍ਹਾਂ ਉਹ ਰਿੜਕ ਹੋ ਜਾਂਦਾ ਹੈ ਉਸ ਵਿਚੋਂ ਮੱਖਣ ਕੱਢ ਲੈਂਦੇ ਸਨ। ਆਪਣੇ ਪੰਜਾਬ ਦੀਆਂ ਸੁਆਣੀਆਂ ਵਾਂਗੂ ਇਹ ਚਾਟੀ ਵਿਚ ਮਧਾਈ ਪਾ ਕੇ ਨਹੀਂ ਰਿੜਕਦੀਆਂ। ਸ਼ਾਇਦ ਇਸ ਕਲਾ ਵਾਰੇ ਇਹ ਲੋਕ ਜਾਣੂ ਨਹੀਂ। ਦੂਜੇ ਦਿਨ ਜਦੋਂ ਅਸੀਂ ਪਿੰਡ ਵਲ ਗਏ ਤਾਂ ਉਸ ਔਰਤ ਦਾ ਧੰਨਵਾਦ ਕਰਨਾ ਨਾ ਭੁਲੇ । ਉਸ ਤੋਂ ਬਾਅਦ ਅਸੀਂ ਜਦੋਂ ਵੀ ਪਿੰਡ ਵਲ ਜਾਂਦੇ ਤਾਂ ਉਨ੍ਹਾਂ ਦੇ ਦਰਵਾਜ਼ੇ 'ਚੋਂ'ਲੱਸੀ ਦੀ ਆਵਾਜ਼ ਸਾਡਾ ਰਾਹ ਰੋਕ ਲੈਂਦੀ। ਮੈਨੂੰ ਇਹ ਸਭ ਕੁਝ ਲਿਖਦਿਆਂ ਉਸ ਲੱਸੀ ਦੀ ਠੰਡਕ ਤੇ ਸੁਆਦ ਹੁਣ ਵੀ ਮਹਿਸੂਸ ਹੋ ਰਿਹਾ ??।

ਹੌਲੀ ਹੌਲੀ ਆਲੇ ਦੁਆਲੇ ਦੇ ਲੋਕ ਵੀ ਸਾਡੇ ਤੱਕ ਪਹੁੰਚਣ ਲੱਗ ਪਏ ਅਤੇ ਸਾਡੇ ਰੂਮ ਦੇ ਨੇੜੇ ਬਹੁਤ ਸਾਰੀਆਂ ਚੀਜ਼ਾਂ, ਟੇਪ ਰਿਕਾਰਡ, ਸਿਲਾਈ ਮਸ਼ੀਨਾਂ, ਰੇਡੀਓ, ਟਾਰਚਾਂ ਤੇ ਅਜਿਹੇ ਹੋਰ ਸਮਾਨ ਦਾ ਢੇਰ ਲੱਗਣਾ ਸ਼ੁਰੂ ਹੋ ਗਿਆ। ਜਿਨ੍ਹਾਂ ਘਰਾਂ 'ਚ ਜਨਰੇਟਰ ਲੱਗੇ ਹੋਏ ਸਨ ਉਨ੍ਹਾਂ ਘਰਾਂ ਦੀਆਂ ਮਿਕਸੀਆਂ ਵਗੈਰਾ ਵੀ ਔਣ ਲੱਗ ਪਈਆਂ।

ਸਾਨੂੰ ਹਰ ਮਹੀਨੇ ਰੂਵੀ (ਮਸਕਟ) ਆਉਣਾ ਪੈਂਦਾ ਸੀ ਘਰ ਪੈਸੇ ਭੇਜਣ ਵਾਸਤੇ ਅਤੇ ਰਾਸ਼ਣ ਲੈਣ ਵਾਸਤੇ। ਪਿੰਡ ਵਿਚ ਸਾਡੇ ਮਤਲਬ ਦਾ ਸਮਾਨ ਨਹੀਂ ਸੀ ਮਿਲਦਾ। ਉਹ ਲੋਕ ਤਾਂ ਜ਼ਿਆਦਾ ਕਰਕੇ ਮੀਟ-ਮੱਛੀ ਚੋਲ ਹੀ ਖਾਂਦੇ ਹਨ। ਜਾਂ ਮੂੰਗੀ ਮਸਰਾਂ ਦੀ ਦਾਲ। ਰੋਟੀ ਵਾਰੇ ਨਾਂ ਉਨ੍ਹਾਂ ਨੂੰ ਪਤਾ ਨਹੀਂ ਸੀ ਤੇ ਨਾਂ ਹੀ ਪਕਾਉਣੀ ਜਾਣਦੇ ਸਨ।

ਇਕ ਵਾਰ ਅਸੀਂ ਰਾਸ਼ਣ ਨਾਲ ਲਾਲ ਮਿਰਚ ਲੈਣੀ ਭੁਲ ਗਏ। ਸਾਨੂੰ ਅੱਠ-ਦਸ ਦਿਨ ਬਗੈਰ ਮਿਰਚ ਤੋਂ ਰੋਟੀ ਖਾਣੀ ਪਈ। ਇਕ ਦਿਨ ਅਸੀਂ ਆਪਣੇ ਬਣੇ ਦੋਸਤ ਹਮੀਦ ਨੂੰ ਆਪਣੀ ਮੁਸ਼ਕਲ ਦੱਸੀ। ਉਹ ਸਾਨੂੰ ਆਪਣੇ ਨਾਲ, ਆਪਣੇ ਖਜੂਰਾਂ ਦੇ ਬਾਗ ਵਿਚ ਲੈ ਗਿਆ। ਉਥੇ ਗਲਗਲਾਂ ਨਿੰਬੂ ਤੇ ਮਿਰਚਾਂ ਦੇ ਬੂਟੇ ਸਨ। ਅਸੀਂ ਇਕ ਬੂਟੇ ਦੇ ਨੇੜੇ ਗਏ ਤਾਂ ਦੇਖਿਆ ਉਸਨੂੰ ਛੋਲਿਆਂ ਦੇ ਦਾਣੇ ਜਿਡੀਆਂ ਮਿਰਚਾਂ ਲਗੀਆਂ ਹੋਈਆਂ ਸਨ। ਦੂਜੇ ਨੂੰ ਪੌਣੀ ਕੁ ਇੰਚੀ ਲੰਬੀਆਂ ਸਨ।

ਹਮੀਦ ਇਨ੍ਹਾਂ ਨਾਲ ਸਾਡਾ ਕੀ ਬਨਣਾ, ਇਹ ਬੂਟਾ ਤਾਂ ਹਫਤੇ 'ਚ ਹੀ ਖਾ ਜਾਵਾਂਗੇ।

ਨਹੀਂ ਨਹੀਂ, ਤੁਹਾਨੂੰ ਬਹਿਮ ਹੈ, ਖਾਉਗੇ ਤਾਂ ਪਤਾ ਲਗੇਗਾ। ਇਕ ਮਿਰਚ ਦੇ ਹਿਸੇ ਦੋ ਦੋ ਆਵੋਗੇ। ਉਸ ਨੇ ਹੱਸਦਿਆਂ ਕਿਹਾ।

ਅਸੀਂ 15-20 ਮਿਰਚਾਂ ਤੋੜ ਲਈਆਂ। ਸਬਜ਼ੀ ਮੈਂ ਹੀ ਬਣਾਉਂਦਾ ਸੀ, ਉਹ ਦੋਵੇਂ ਰੋਟੀ ਦਾ ਕੰਮ ਕਰਦੇ ਸਨ। ਮੈਂ ਇਹ ਸੋਚਦਿਆਂ ਕਿ ਇਹ ਸੱਚ ਹੀ ਬਹੁਤ ਕੌੜੀਆਂ ਨਾਂ ਹੋਣ ਉਨ੍ਹਾਂ ਦੀ ਮਹਿਕ ਤੋਂ ਇਸ ਗੱਲ ਦਾ ਅੰਦਾਜ਼ਾ ਹੁੰਦਾ ਸੀ। ਮੈਂ ਪੰਜ ਛੇ ਮਿਰਚਾਂ ਹੀ ਸਬਜ਼ੀ 'ਚ ਪਾਈਆਂ। ਲੱਗ ਪਏ ਸਾਰੇ ਕਫਾਂ ਨਾਲ ਹੀ ਨੱਕ ਪੂੰਝਣ। ਮੇਜਰ ਸਿੰਘ ਨੂੰ ਤਾਂ ਪਰਨਾ ਹੀ ਲੈਣਾ ਪਿਆ। ਵਾਕਿਆ ਹੀ ਉਹ ਮਿਰਚਾਂ ਦੇ ਦੋ ਨੂੰ ਸਾਂਭਣ ਵਾਲੀਆਂ ਸਨ।

ਹੁਣ ਤਾਂ ਸਾਡੇ ਆਲੇ ਦੁਆਲੇ ਕਾਫੀ ਰੌਣਕ ਹੋ ਗਈ ਸੀ। ਕਿਸੇ ਪਾਸੇ ਰਬਾਬ ਨੇ ਪੱਠੇ ਬੀਜੇ ਹੋਏ ਸਨ ਤੇ ਕਿਸੇ ਪਾਸੇ ਖਰਬੂਜੇ-ਹਦਵਾਣੇ। ਬੀਅ ਸਾਰਾ ਹੀ ਬਹੁਤ ਵਧੀਆ ਸੀ। ਖਰਬੂਜੇ ਹਦਵਾਣੇ ਐਨੇ ਮਿੱਠੇ ਸਨ ਜਿਵੇਂ ਚਾਸ਼ਣੀ ਚੋਂ ਡੁਬੋ ਕੇ ਕੱਢੇ ਹੋਣ। ਤੇ ਪੱਠੇ, ਪੱਠਿਆਂ ਦੀ ਤਾਂ ਪੰਜ-6 ਵਾਰ ਕਟਾਈ ਹੋ ਰਹੀ ਸੀ। ਅਸੀਂ ਵੀ ਆਪਣੇ ਕੁਆਟਰ ਦੇ ਨੇੜੇ ਇਕ ਛੋਟੀ ਜਿਹੀ ਬਗੀਚੀ ਬਣਾ ਲਈ ਸੀ। ਜਿਸ ਵਿਚ ਬੈਂਗਣ-ਟਮਾਟਰ-ਮੂਲੀਆਂ-ਹਰੀਆਂ ਮਿਰਚਾਂ ਦੇ ਨਾਲ ਲਾਲ ਗੁਲਾਬ ਟਹਿਕ ਰਿਹਾ ਸੀ।

ਸਾਡੇ ਰਬਾਬ ਦਾ ਭਰਾ ਕਾਫੀ ਚਿਰ ਤੋਂ ਟੀ ਬੀ ਦਾ ਮਰੀਜ ਸੀ। ਇਕ ਦਿਨ ਉਹ ਮਰ ਗਿਆ। ਇੰਝ ਲੱਗਾ ਜਿਵੇਂ ਸਾਰੇ ਪਿੰਡ ਵਿਚ ਹੀ ਮਾਤਮ ਛਾ ਗਿਆ ਹੋਵੇ। ਹਰ ਬੰਦਾ ਜੋ ਮਿਲਿਆ, ਮਸੋਸਿਆ ਹੀ ਦਿਸ ਰਿਹਾ ਸੀ। ਉਸਨੂੰ ਸਪੁਰਦੇ ਖਾਕ ਕਰਨ ਲਈ ਗਏ ਤਾਂ ਸਾਨੂੰ ਤਿੰਨਾਂ ਨੂੰ ਨੇੜੇ ਨਹੀਂ ਜਾਣ ਦਿੱਤਾ ਗਿਆ। ਪਰ ਇਸ ਦਾ ਕਾਰਣ ਕਿਸੇ ਨੇ ਨਹੀਂ ਦੱਸਿਆ। ਮੈਂ ਮਹਿਸੂਸ ਕੀਤਾ ਕਿ ਸ਼ਾਇਦ ਇਸ ਦਾ ਕਾਰਣ ਅਸੀਂ ਗੈਰ ਮੁਸਲਮ ਹੋਈਏ।

ਜਦੋਂ ਮੁੜ ਕੇ ਪਿੰਡ ਆਏ ਤਾਂ ਸਾਨੂੰ ਪਿੰਡ ਵਿਚ ਸਨ-ਮਸਾਨ ਲੱਗੀ, ਕਿਸੇ ਦੇ ਵੀ ਘਰੋਂ ਕੋਈ ਉੱਚੀ ਆਵਾਜ਼ ਨਹੀਂ ਸੀ ਆ ਰਹੀ। ਪੁੱਛਣ ਤੇ ਪਤਾ ਲੱਗਾ ਕਿ ਪਿੰਡ ਵਿਚ ਮੌਤ ਹੋ ਜਾਣ ਤੇ ਦਸ ਦਿਨ ਦਾ ਸੋਗ ਮਨਾਇਆ ਜਾਂਦਾ ਹੈ। ਰੇਡੀਓ-ਟੇਪ ਰਿਕਾਰਡਰ ਦੀਆਂ ਆਵਾਜ਼ਾਂ ਬੰਦ ਕਰ ਦਿੱਤੀਆਂ ਜਾਂਦੀਆਂ

ਹਨ। ਮਰਨ ਵਾਲੇ ਦੀ ਵਿਧਵਾ ਚਾਲੀ ਦਿਨ ਘਰੋਂ ਵੀ ਬਾਹਰ ਨਹੀਂ ਨਿਕਲਦੀ ਅਤੇ ਮਰਦ ਜਾਤ ਦੇ ਮੱਥੇ ਵੀ ਨਹੀਂ ਲੱਗਦੀ। ਰਿਸ਼ਤੇਦਾਰ ਬੇਸ਼ਕ ਉਹ ਕਿੰਨੀ ਵੀ ਦੂਰ ਹੋਣ ਚਾਲੀਆਂ ਦਿਨਾਂ ਦੇ ਵਿਚ ਵਿਚ ਆ ਕੇ ਅਫਸੋਸ ਕਰ ਜਾਂਦੇ ਹਨ। ਚਾਲੀਆਂ ਦਿਨਾਂ ਤੋਂ ਬਾਅਦ, ਉਸ ਮਰ ਗਏ ਵਿਅਕਤੀ ਵਾਰੇ ਆਮ ਕਰਕੇ ਕੋਈ ਚਰਚਾ ਨਹੀਂ ਹੁੰਦੀ। ਸਾਰੀ ਗੱਲ ਸੁਣ ਕੇ ਅਸੀਂ ਬੜੇ ਹੈਰਾਨ ਹੋਏ। ਪਿੰਡ ਦੇ ਲੋਕਾਂ ਦਾ ਇਹ ਸਬਰ ਜਾਣ ਕੇ ਮੇਰਾ ਸਿਰ ਉਨ੍ਹਾਂ ਅੱਗੇ ਝੁੱਕ ਗਿਆ। ਇਥੇ ਸਾਡੇ ਅਗਰ ਮਹੱਲੇ 'ਚ ਹੀ ਕਿਸੇ ਦੀ ਮੌਤ ਹੋ ਜਾਏ ਤਾਂ ਸਾਰੇ ਮੁਹੱਲੇ ਨੇ ਤਾਂ ਕੀ ਦਸ ਦਿਨ ਸੋਗ ਮਨਾਉਣਾ, ਗੁਆਂਢ ਤੇ ਕਈ ਵਾਰ ਘਰ ਵਿਚੋਂ ਦੂਜੇ ਤੀਜੇ ਦਿਨ ਰੇਡੀਓ, ਟੀ ਵੀ ਦੀਆਂ ਆਵਾਜ਼ਾਂ ਆਉਣ ਲੱਗ ਪੈਂਦੀਆਂ ਹਨ।

ਘਰਾਂ ਵਿਚ ਪਾਣੀ ਇਕ ਕੁਦਰਤੀ ਚਸ਼ਮੇ ਰਾਹੀਂ ਜਾਂਦਾ ਹੈ। ਚਸ਼ਮਾਂ ਕਿਤੇ ਪਿੰਡੋਂ ਬਾਹਰ ਨਿਕਲਦਾ ਹੈ, ਉਥੋਂ ਹੀ ਇਕ ਜ਼ਮੀਨ ਦੋਜ਼ ਨਾਲਾ ਬਣਾ ਕੇ ਪਿੰਡ ਤੱਕ ਲਿਆਂਦਾ ਗਿਆ ਹੈ। ਜਿਸ ਪਾਸੇ ਜ਼ਿਆਦਾ ਘਰ ਸਨ, ਨਾਲਾ ਉਨ੍ਹਾਂ ਘਰਾਂ ਵਿਚ ਦੀ ਹੁੰਦਾ ਹੋਇਆ ਖਜੂਰਾਂ ਦੇ ਬਾਗਾਂ ਵਲ ਨਿਕਲ ਗਿਆ ਹੈ। ਪਿੰਡ ਵੜਣ ਤੋਂ ਪਹਿਲਾਂ ਇਕ ਚਾਰ ਦਿਵਾਰੀ ਕਰਕੇ ਨਾਲੇ ਦਾ ਮੂੰਹ ਉਪਰੋਂ ਖੋਲਿਆ ਗਿਆ ਹੈ, ਬਾਕੀ ਦਾ ਸਾਰਾ ਪਿੰਡ ਉਥੋਂ ਪਾਣੀ ਭਰਦਾ ਹੈ।

ਇਕ ਵਾਰ ਸਾਨੂੰ ਉਹ ਚਸ਼ਮਾ ਦੇਖਣ ਦਾ ਮੌਕਾ ਮਿਲਿਆ। ਉਹ ਜ਼ਮੀਨ ਤੋਂ ਉਸ ਥਾਂ 60-70 ਫੁੱਟ ਹੇਠਾਂ ਸੀ ਤੇ ਉਥੇ ਕੁਝ ਉਮਾਨੀ ਉਸਦੀ ਰਿਪੇਅਰ ਕਰ ਰਹੇ ਸਨ। ਚਸ਼ਮੇ ਵਿਚ ਜਾਣ ਵਾਸਤੇ ਇਕ, ਦੋ-ਢਾਈ ਫੁਟ ਚੋੜੀ ਪੱਕੀ ਖੂਹੀ ਬਣਾਈ ਹੋਈ ਸੀ, ਆਦਮੀ ਨੂੰ ਰੱਸਾ ਫੜ ਕੇ ਉਸ ਵਿਚ ਉਤਰਨਾ ਪੈਂਦਾ ਸੀ। ਜਦੋਂ ਅਸੀਂ ਉਥੇ ਪਹੁੰਚੇ ਤਾਂ ਕੁਝ ਉਮਾਨੀਆਂ ਨੇ ਸਾਨੂੰ ਲਾ ਕੇ ਕੋਈ ਗੱਲ ਕਹੀ, ਫਿਰ ਸਾਨੂੰ ਨਾਂ ਚਾਹੁੰਦਿਆਂ ਹੋਇਆ ਵੀ ਉਸ ਖੂਹੀ ਵਿਚ ਉਤਰਨਾ ਪਿਆ। ਇਹ ਸਾਡਾ ਪਹਿਲਾਂ ਚਾਂਸ ਸੀ ਤੇ ਸੀ ਵੀ ਖਤਰਨਾਕ। ਜਦੋਂ ਅਸੀਂ ਹੇਠਾਂ ਗਏ ਤਾਂ ਇੰਝ ਲੱਗਾ ਜਿਵੇਂ ਸਾਹ ਘੁਟ ਹੋ ਰਿਹਾ ਹੋਵੇ। ਇਕ ਉਮਾਨੀ ਜੋ ਸਾਡਾ ਦੋਸਤ ਸੀ ਉਹ ਸਾਡੇ ਅੱਗੇ-ਅੱਗੇ ਹੋ ਪਿਆ। ਰਸਤਾ ਐਨਾ ਤੰਗ ਸੀ ਕਿ ਮੇਰੇ ਵਰਗਾ ਹਲਕਾ ਜਿਆ ਬੰਦਾ ਵੀ ਵੱਖੀ ਵੱਲ ਹੋ ਕੇ ਹੀ ਜਾ ਸਕਦਾ ਸੀ। ਹੇਠਾਂ ਢਾਈ ਤਿੰਨ ਫੁਟ ਪਾਣੀ ਚਲ ਰਿਹਾ ਸੀ। ਸਾਨੂੰ 25-30 ਫੁੱਟ ਉਸੇ ਹਾਲਤ 'ਚ ਤੁਰਨਾ ਪਿਆ, ਫਿਰ ਅੱਗੇ ਜਾ ਕੇ ਖੁੱਲਾ ਥਾਂ ਆ ਗਿਆ ਜਿਥੇ 6-7 ਆਦਮੀ ਕੰਮ ਕਰ ਰਹੇ ਸਨ ਉਹ ਸਭ ਕੁਝ ਉਸੇ ਪਾਣੀ 'ਚ ਕਰੀ ਜਾ ਰਹੇ ਸਨ ਤੇ ਉਹ ਪਾਣੀ ਨੂੰ ਅੱਗੇ ਘਰਾਂ ਵਾਲੇ ਪੀਂਦੇ ਸਨ। ਸਾਨੂੰ ਇਕ ਮਿੰਟ ਤਾਂ ਉਨ੍ਹਾਂ ਬੰਦਿਆਂ ਤੇ ਬੜਾ ਗੁੱਸਾ ਆਇਆ ਤੇ ਘ੍ਰਿਣਾ ਵੀ ਹੋਈ, ਪਰ ਉਨ੍ਹਾਂ ਦੀ ਵੀ ਮਜ਼ਬੂਰੀ ਸੀ। ਬਾਰ ਬਾਰ ਉਥੇ ਤੱਕ ਪਹੁੰਚਣਾ ਬਹੁਤ ਮੁਸ਼ਕਲ ਸੀ। ਉਹ ਲੋਕ ਸਵੇਰੇ ਆ ਜਾਂਦੇ ਸਨ ਤੇ ਸ਼ਾਮ ਨੂੰ ਹੀ ਨਿਕਲਦੇ ਸਨ। ਅਸੀਂ ਵੀ ਚਲੇ ਤਾਂ ਸੋਖੇ ਗਏ ਸੀ। ਰੱਸੇ ਰਾਹੀਂ ਉਪਰ ਔਣਾ ਬਹੁਤ ਮੁਸ਼ਕਲ ਸੀ। ਪਰ ਆਪਣੀ ਇਜ਼ਤ ਦਾਅ ਤੇ ਲੱਗੀ ਹੋਣ ਕਰਕੇ ਸਾਨੂੰ ਉਸ ਵਿਚ ਜਾਣਾ ਪਿਆ। ਮੈਂ ਤੇ ਮੇਜਰ ਤਾਂ ਠੀਕ ਠਾਕ ਨਿਕਲ ਆਏ, ਪਰ ਬਲਦੇਵ ਸਿੰਘ ਦਾ ਬੁਰਾ ਹਾਲ ਹੋ ਗਿਆ ਖੂਹੀ ਦੀਆਂ ਦਿਵਾਰਾਂ 'ਚ ਲੱਗ ਲੱਗ ਕੇ। ਉਸ ਦੀ ਕਮੀਜ਼ ਵੀ ਫੱਟ ਗਈ ਤੇ ਲਤਾਂ ਬਾਂਹਾਂ ਵੀ ਛਿਲੀਆਂ ਗਈ। ਜਦੋਂ ਰਬਾਬ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਅਸੀ ਖੂਹੀ 'ਚ ਉਤਰੇ ਸਾਂ, ਉਹ ਸਾਨੂੰ ਬਹੁਤ ਗੁੱਸੇ ਹੋਇਆ।

ਜੇ ਤੁਸੀਂ ਉਥੇ ਦਮ ਘੁਟ ਕੇ ਮਰ ਜਾਂਦੇ ਤਾਂ ਮੇਰਾ ਕੀ ਬਣਦਾ। ਅਸੀਂ ਵੀ ਬਹੁਤ ਪਛਤਾਏ, ਪਰ ਅਫਸੋਸ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਹੋ ਸਕਦਾ। ਮਲਕੀਤ ਹੁਰੀਂ ਵੀ ਆ ਕੇ ਸਾਨੂੰ ਗੁੱਸੇ ਹੋਏ। ਉਸ ਤੋਂ ਬਾਅਦ ਅਸੀਂ ਅਜਿਹਾ ਕੋਈ ਪੰਗੇ ਵਾਲਾ ਕੰਮ ਨਹੀਂ ਕੀਤਾ।

ਉਨ੍ਹਾਂ ਦਾ ਆਪਸੀ ਭਾਈਚਾਰਾ ਚੰਗਾ ਹੈ, ਚਾਹੇ ਗਰੀਬ ਹਨ ਜਾਂ ਅਮੀਰ, ਤੁਰੇ ਜਾਂਦੇ ਹਰ ਇਕ ਨੂੰ ਦੁਆ ਸਲਾਮ ਜ਼ਰੂਰ ਕਰਦੇ ਹਨ। ਰਸਤੇ ਜਾਂਦਿਆਂ ਕੋਈ ਬਗਾਨਾ ਵੀ ਮਿਲ ਪੈਂਦਾ ਹੈ ਤਾਂ ਉਹ ਇਕ ਦੂਜੇ ਨੂੰ ਦੁਆ ਸਲਾਮ ਜ਼ਰੂਰ ਕਰਦੇ ਹਨ। ਦੁਆ ਸਲਾਮ ਹੀ ਨਹੀਂ ਇਕ ਦੂਜੇ ਦੇ ਘਰ ਦਾ ਤੇ ਪੂਰੇ ਪਿੰਡ ਦਾ ਹਾਲ ਦੱਸਦੇ ਪੁਛਦੇ ਹਨ। ਇਸ ਤਰ੍ਹਾਂ ਇਕ ਪਿੰਡ ਦਾ ਹਾਲ ਚਾਲ ਜਾਂ ਕੋਈ ਵਾਕਿਆ ਝੱਟ ਹੀ ਹੋਰਨਾਂ ਪਿੰਡਾਂ ਤੱਕ ਪਹੁੰਚ ਜਾਂਦਾ ਹੈ। ਉਹ ਤਾਂ ਜਾਨਵਰਾਂ ਤੱਕ ਦਾ ਹਾਲ ਵੀ ਪੁਛਦੇ ਹਨ ਜਦੋਂ ਕੋਈ ਆਮ ਵਿਅਕਤੀ ਪਿੰਡ ਦੇ ਚੌਧਰੀ, ਜਾਂ ਕਿਸੇ ਖਾਸ, ਅਮੀਰ ਵਿਅਕਤੀ ਨੂੰ ਮਿਲਦਾ ਹੈ ਤਾਂ ਉਹ ਪੰਜ ਕਦਮ ਪਿਛੇ ਹੀ ਆਪਣੀ ਜੁੱਤੀ ਲਾਹ ਦੇਵੇਗਾ। ਝੁਕ ਝੁਕ ਕੇ ਸਲਾਮ ਕਰੇਗਾ ਤੇ ਹਾਲ ਚਾਲ ਦੱਸੇ ਪੁੱਛੇਗਾ।

ਪਿਛਲੇ ਦਿਨੀਂ ਜੋ ਰਬਾਬ ਦਾ ਭਰਾ ਮਰ ਗਿਆ ਸੀ, ਉਸਦਾ ਸੋਗ ਅੱਜ ਖਤਮ ਹੋ ਗਿਆ। ਪਿਛਲੇ ਚਾਰ ਦਿਨ ਵਿਆਹ ਦੀ ਤਰ੍ਹਾਂ ਲੰਗਰ ਚਲਦਾ ਰਿਹਾ। ਚਾਰ ਦਿਨਾਂ ਵਿਚ 12 ਬਕਰੀਆਂ, 2 ਬੋਰੀਆਂ ਚੋਲ, 2 ਪੀਪੇ ਘਿਉ ਦੇਸੀ ਵਰਤੇ ਗਏ ਅਤੇ 16 ਕਿਲੋ ਕਾਹਵਾ ਬਣਾ ਕੇ ਪੀ ਹੋ ਗਿਆ ਤੇ ਹਲਵੇ ਦਾ ਹਿਸਾਬ ਨਹੀਂ ਹੋ ਸਕਿਆ।

# ਉਦਾਸ ਪਲ ਦਰੀਂ ਆਏ ਤਾਂ ਆਪ ਵਿਰਾ ਲੈਣਾ,
# ਲੋਕਾਂ ਕੋਲ ਗਏ ਤਾਂ ਹੰਝੂਆਂ ਦਾ ਵੀ ਮੁੱਲ ਪਾਉਣਗੇ



- ਡਾ ਅਮਰਜੀਤ ਟਾਂਡਾ

ਉਦਾਸ ਪਲਾਂ ਉਤੇ ਹੀ ਕਿਤੇ ਧਰਵਾਸ ਹੌਸਲੇ ਖੁਸ਼ਗਵਾਰ ਘੜੀਆਂ ਦਾ ਸਿਰਨਾਵਾਂ ਤੇ ਸਫ਼ਰਨਾਮਾ ਲਿਖਿਆ ਹੁੰਦਾ ਹੈ।

ਗ਼ਮ ਦੇ ਉਹਲੇ ਹੀ ਕਿਤੇ ਖੁਸ਼ੀ ਬੈਠੀ ਹੁੰਦੀ ਹੈ।

ਉਦਾਸ ਪਲ ਦਰੀਂ ਆਏ ਤਾਂ ਆਪ ਵਿਰਾ ਲੈਣਾ, ਲੋਕਾਂ ਕੋਲ ਗਏ ਤਾਂ ਹੰਝੂਆਂ ਦਾ ਵੀ ਮੁੱਲ ਪਾਉਣਗੇ" ਸਤਰ ਇਕ ਬਹੁਤ ਗਹਿਰੀ ਜੀਵਨ-ਦਰਸ਼ਨਕ ਸੋਚ ਨੂੰ ਛੁਪਾਈ ਬੈਠੀ ਹੈ। ਇਹ ਤਜਰਬੇ ਦੀ ਪੱਕੀ ਸਿਆਣਪ ਅਤੇ ਮਨੁੱਖੀ ਮਨੋਵਿਗਿਆਨ ਦੀ ਝਲਕ ਰੱਖਦੀ ਹੈ।

ਆਪ ਵਿੱਚ ਹੀ ਕਿਤੇ ਸਹਿਣਸ਼ੀਲਤਾ ਸੰਜਮ ਦਾ ਸਹਾਰਾ ਹੁੰਦਾ ਹੈ ਜੀਵਨ ਦੇ ਰਾਹ ਵਿੱਚ ਉਦਾਸੀ ਦੇ ਪਲ ਅਜਿਹੇ ਨਹੀਂ ਜੋ ਕਿਸੇ ਨੇ ਨਹੀਂ ਦੇਖੇ ਹੁੰਦੇ। ਸਾਰੀਆਂ ਰੂਹਾਂ ਹੀ ਪੱਛੀਆਂ ਵਲੂੰਧਰੀਆ ਹੋਈਆਂ ਹੁੰਦੀਆਂ ਹਨ। ਕੋਈ ਘੱਟ ਤੇ ਕੋਈ ਵੱਧ।

ਕਦੇ ਦਿਨਾਂ ਦੀ ਰੌਸ਼ਨੀ ਧੁੰਦਲੀ ਮੰਦ ਪੈ ਜਾਂਦੀ ਹੈ, ਤੇ ਕਦੇ ਮਨ ਦੀਆਂ ਖਿੜਕੀਆਂ ਉੱਤੇ ਉਦਾਸੀ ਦਾ ਪਰਛਾਵਾਂ ਕੁਹਾਸਾ ਧੁੰਦ, ਗੁਬਾਰ, ਅਤੇ ਘਾਰ ਛਾ ਜਾਂਦਾ ਹੈ।

ਅਜਿਹੇ ਵੇਲੇ ਮਨੁੱਖ ਦੀ ਪਹਿਲੀ ਖ਼ਾਹਿਸ਼ ਹੁੰਦੀ ਹੈ ਕਿ ਕੋਈ ਉਸਦੇ ਦੁੱਖ ਨੂੰ ਸੁਣੇ, ਸਮਝੇ ਅਤੇ ਮਿਟਾ ਦੇਵੇ। ਪਰ ਇਹੀ ਥਾਂ ਜੀਵਨ ਦੀ ਸਭ ਤੋਂ ਵੱਡੀ ਸਿੱਖ ਹੈ — "ਆਪ ਵਿਰਾ ਲੈਣਾ"।

ਬਾਹਰਲੇ ਸਹਾਰਿਆਂ ਦੀ ਖੋਜ ਮਨੁੱਖ ਨੂੰ ਕੰਬ ਰਹੇ ਪੱਤੇ ਵਾਂਗ ਝੁਲਾਉਂਦੀ ਬੁਲਾਉਂਦੀ ਹੈ। ਲੋਕ ਤਸੱਲੀ ਵੀ ਦੇਣਗੇ, ਪਰ ਉਸ ਦੇ ਬਦਲੇ ਵਿਚ ਉਮੀਦਾਂ ਦਾ "ਮੁਲ"ਵੀ ਲੈਣਗੇ — ਕਈਆਂ ਵੱਲੋਂ ਸ਼ਬਦਾਂ ਦਾ, ਕਈਆਂ ਵੱਲੋਂ ਕੰਮਾਂ ਦਾ , ਤੇ ਕਈ ਵਾਰੀ ਇੱਜ਼ਤ ਦਾ ਵੀ।

ਜਿੱਥੇ ਦੁੱਖ ਦੀ ਥਾਂ ਆਸਰੇ ਦੀ ਵਪਾਰਿਕ ਭਾਸ਼ਾ ਬਣ ਜਾਵੇ, ਉੱਥੇ ਆਤਮਾ ਹੋਰ ਸੁੰਨੀ ਹੋ ਜਾਂਦੀ ਹੈ।

ਆਪਣੇ ਨਾਲ ਬੈਠਣਾ, ਆਪਣੇ ਆਪ ਨਾਲ ਗੱਲ ਕਰਨਾ, ਕਿਸੇ ਦਰਸ਼ਨ ਦਾ ਉੱਚਾ ਅਭਿਆਸ ਜਿਹਾ ਹੁੰਦਾ ਹੈ।

ਮਨ ਦੀ ਤਲਾਸ਼ ਉੱਥੇ ਹੀ ਸ਼ਾਂਤੀ ਲੱਭਦੀ ਹੈ ਜਿੱਥੇ ਉਹ ਆਪਣੀ ਜੜ੍ਹ ਨਾਲ ਜੁੜਦੀ ਹੈ। ਬਾਹਰ ਦੀ ਦੁਨੀਆ ਰਾਹ ਦੇਵੇਗੀ, ਪਰ ਰਾਹ 'ਤੇ ਤੁਰਨਾ ਆਪਣੇ ਪੈਰਾਂ ਨੂੰ ਹੀ ਸਿਖਣਾ ਪੈਂਦਾ ਹੈ।

ਇਸੇ ਵਿਚਾਰ ਵਿਚ ਇਕ ਹੋਰ ਭੇਦ ਲੁਕਿਆ ਹੋਇਆ ਹੈ — "ਜਿਸ ਨੇ ਆਪਣੀ ਗਹਿਰਾਈ ਵਿੱਚ ਉਤਰਨਾ ਸਿੱਖ ਲਿਆ, ਉਸ ਦਾ ਕੋਈ ਬਾਹਰਲਾ ਤੂਫ਼ਾਨ ਕੁਝ ਨਹੀਂ ਬਿਗਾੜ ਸਕਦਾ।"

ਉਦਾਸੀ ਆ ਸਕਦੀ ਹੈ, ਪਰ ਉਸ ਨੂੰ ਗਲੇ ਲਾ ਕੇ ਸਮਝਣਾ ਹੀ ਉਸ ਉੱਤੇ ਜਿੱਤ ਦਾ ਪਹਿਲਾ ਕਦਮ ਹੁੰਦਾ ਹੈ।

ਹੰਝੂ ਆਪ ਹੀ ਪੂੰਝਣੇ ਪੈਂਦੇ ਹਨ ਸਰੀਰ ਦੇ ਕਿਸੇ ਵੀ ਹਿੱਸੇ ਤੇ ਖਾਰਸ਼ ਆਵੇ ਤਾਂ ਤੁਸੀਂ ਆਪ ਹੀ ਵਧੀਆ ਤਰੀਕੇ ਨਾਲ ਕਰ ਸਕਦੇ ਹੋ. ਕਿਸੇ ਹੋਰ ਕੋਲੋਂ ਕਰਾਓਗੇ ਤਾਂ ਕਈ ਵਾਰ ਦੱਸਣਾ ਪਵੇਗਾ ਨਹੀਂ ਇਥੇ ਨਹੀਂ, ਹੋਰ ਹੇਠ ਹੋਰ ਉੱਪਰ ਕਹਿ ਕੇ।

ਉਦੋਂ ਸੱਜੇ ਖੱਬੇ ਹੱਥ ਦਾ ਪ੍ਰਯੋਗ ਕਰਨ ਦੀ ਲੋੜ ਹੁੰਦੀ ਹੈ।

ਆਪਣੇ ਆਪ ਦੀ ਸੰਗਤ ਸੱਭ ਤੋਂ ਖਰੀ ਸੰਗਤ ਹੁੰਦੀ ਹੈ। ਜੇ ਮਨੁੱਖ ਆਪਣੇ ਦਿਲ ਨਾਲ ਸੱਚੀ ਪ੍ਰੀਤ ਪਾ ਲਵੇ, ਤਾਂ ਲੋਕਾਂ ਦੀਆਂ ਬਾਜ਼ਾਰੀਆਂ ਮੁਲਾਂਕਣਾਂ ਬੇਅਰਥ ਹੋ ਜਾਂਦੀਆਂ ਹਨ। ਇਹੀ ਜੀਵਨ ਦਾ ਅਸਲ ਸੁਖ ਹੈ —

ਆਪੋ-ਆਪ ਵਿੱਚ ਪੂਰਣਤਾ ਲੱਭਣੀ, ਨਾ ਕਿ ਲੋਕਾਂ ਦੀਆਂ ਤਾੜੀਆਂ ਤੇ ਤਲੀਆਂ ਵਿੱਚ।

ਉਦਾਸੀ ਜਦ ਦਰਾਂ 'ਤੇ ਆ ਤੁਰੇ ਕੋਈ ਥੈਲਾ ਲੈਕੇ ਬਾਹਰ ਨਾ ਜਾਇਓ, ਨਾ ਹੀ ਕਿਸੇ ਦਰ ਤੇ ਫ਼ਰਿਆਦ ਕਰਿਓ।

ਆਪਣੇ ਹੀ ਦਿਲ ਦਾ ਦਰ ਖੋਲ੍ਹ ਲੈਣਾ, ਉਥੇ ਬੈਠ ਆਪਣੀਆਂ ਰੀਝਾਂ ਨਾਲ ਸਾਂਝ ਪਾ ਲੈਣਾ। ਰੂਹ ਨੂੰ ਪੁੱਛਿਓ ਦੱਸ ਤੂੰ ਕੀ ਚਾਹੁੰਦੀ ਏਂ। ਉਹ ਆਪ ਦੱਸੇਗੀ ਆਪਣੀ ਕਹਾਣੀ ਦੁੱਖ ਦਰਦ।

ਰੂਹਾਂ ਨੂੰ ਤਾਂ ਆਰਾਮ ਚਾਹੀਦਾ ਹੁੰਦਾ ਹੈ ਇਹ ਨਿਮਾਣੀਆਂ ਤਾਂ ਝੱਟ ਹੀ ਦਿਲਾਸੇ ਨਾਲ ਵਿਰ ਜਾਂਦੀਆਂ ਹਨ।

ਲੋਕ ਸੁਣਨਗੇ ਤੇ ਹੌਲੀ ਹੌਲੀ ਤੋਲਣਗੇ, ਤੂੰ ਜੋ ਕਹੇਂਗਾ, ਉਹ ਮੁਲ ਮੰਗਣਗੇ,ਕਦੇ ਤਾਰੀਫਾਂ ਦੇ ਰੂਪ ਵਿੱਚ, ਕਦੇ ਤਾਜ਼ਾ

ਜ਼ਖਮਾਂ ਦੀ ਚੀਸ ਵਿੱਚ।

ਉਨ੍ਹਾਂ ਦੇ ਹੱਲੇ ਵਿਚ ਤੇਰਾ ਦਰਦ ਖੋ ਜਾਵੇਗਾ,ਤੇ ਤੂੰ ਫਿਰ ਖਾਲੀ ਹੱਥ ਰਹਿ ਜਾਵੇਂਗਾ।

ਪਰ ਜੇ ਤੂੰ ਚੁੱਪੀ ਦੀ ਹਵਾ ਵਿੱਚ ਬੈਠ ਜਾਵੇਂ,ਆਪਣੀ ਧੜਕਣ ਸੁਣ, ਆਪਣੀ ਸਾਹ ਦਾ ਸੁਰ ਲੈ, ਆਪਣਾ ਗੀਤ ਗਾਵੇਂਗਾ ਤਾਂ ਕਈ ਫੁੱਲ ਖਿੜ ਜਾਣਗੇ ਮਹਿਕਾਂ ਵੰਡਣ ਲਈ।

ਉਦਾਸੀ ਇਕ ਦੋਸਤ ਬਣ ਜਾਂਦੀ ਹੈ, ਜੋ ਦਿਲ ਦੀ ਅੰਦਰਲੀ ਡੂੰਘਾਈ ਵਿਖਾ ਦਿੰਦੀ ਹੈ।

ਉੱਥੇ ਕੋਈ ਵਿਉਪਾਰ ਨਹੀਂ, ਕੋਈ ਤਾਲੀਆਂ ਨਹੀਂ, ਨਾ ਕਿਸੇ ਦਾ ਰੌਲਾ, ਨਾ ਕਿਸੇ ਦੀ ਨਿਗਾਹ।

ਸਿਰਫ਼ ਇੱਕ ਤੂੰ — ਤੇ ਤੇਰੀ ਰੂਹ ਦੀ ਅਵਾਜ਼।

ਉਹੀ ਸੰਗਤ, ਜੋ ਸੱਚੀ ਹੈ,ਉਹੀ ਪ੍ਰੀਤ ਜੋ ਅਬਾਦ ਹੈ

ਜੀਵਨ ਦਾ ਇਹੀ ਵਿਸ਼ਵਾਸ ਹੈ —ਜੋ ਆਪਣੇ ਅੰਦਰ ਸਹਾਰਾ ਲੱਭ ਲੈਂਦਾ ਹੈ,

ਉਹ ਕਦੇ ਮੁਲ ਨਹੀਂ ਪਾਉਂਦਾ, ਉਹ ਤਾਂ ਖੁਦ ਹੀ ਅਮੋਲਕ ਹੋ ਜਾਂਦਾ ਹੈ।

ਦਿਲ ਦੇ ਵੱਟੇ ਦਿਲ ਹੋਵੇ ਜੇ, ਸੌਦਾ ਵੀ ਠੀਕ ਵੀ ਲੱਗੇ ਫਿਰ ਵੀ ਨਾ ਕਰਿਓ

ਪਰ ਇਹ ਜ਼ਰੂਰ ਵੇਖ ਲੈਣਾ ਬਾਹਰ ਖੜੇ, ਖਬਰੇ ਕੀ ਕੀ ਰੇਟ ਲਗਾਉਣਗੇ ਇਹ ਵੀ ਜਾਣ ਲੈਣਾ।

ਮਨ ਕਰੇ, ਅਤੇ ਲੈਣ-ਦੇਣ ਵੀ ਠੀਕ ਲੱਗੇ, ਫਿਰ ਵੀ ਜੇ ਉਹ ਕੰਮ ਸਹੀ ਨਹੀਂ ਹੈ, ਤਾਂ ਉਸ ਨੂੰ ਨਾ ਕਰੋ।

ਇਹ ਵੀ ਵੇਖਣਾ ਹੈ ਕਿ ਉਹ ਕੰਮ ਸੱਚਾਈ, ਨੀਤੀ, ਧਰਮ ਜਾਂ ਆਤਮਕ ਸ਼ੁੱਧਤਾ ਦੇ ਅਨੁਕੂਲ ਹੈ ਜਾਂ ਨਹੀਂ।

ਜੇ ਕੋਈ ਝੂਠ ਬੋਲ ਕੇ ਪੈਸਾ ਕਮਾਉਣਾ ਚਾਹੁੰਦੇ ਹੋ, ਅਤੇ ਮਨ ਵੀ ਕਰੇ, ਫਾਇਦਾ ਵੀ ਲੱਗੇ, ਫਿਰ ਵੀ ਝੂਠ ਬੋਲਣਾ ਗਲਤ ਹੈ, ਇਸ ਲਈ ਨਾ ਕਰਿਓ।

ਸਾਹਿਤਕ ਜਾਂ ਸੂਫੀ ਪਰਿਪੇਖ ਵਿਚ ਇਸ ਤਰ੍ਹਾਂ ਦੀ ਸੋਚ ਪੰਜਾਬੀ ਸ਼ਾਇਰੀ, ਸੂਫੀ ਸ਼ਾਇਰੀ ਅਤੇ ਗੁਰਮਤਿ ਵਿੱਚ ਆਮ ਹੈ - ਕਿ ਦਿਲ ਦੀ ਖ਼ਵਾਹਿਸ਼ ਨੂੰ ਸਿਰਫ਼ ਸਿਰ ਨਾਲ ਨਹੀਂ, ਸਗੋਂ ਸਚਾਈ ਅਤੇ ਨੀਤੀ ਨਾਲ ਵੀ ਜਾਚਣਾ ਵਾਚਣਾ ਚਾਹੀਦਾ ਹੈ। ਗੁਰਬਾਣੀ ਵਿੱਚ ਵੀ ਇਹੀ ਸਬਕ ਹੈ: ਮਨ ਕਰੇ, ਪਰ ਜੇ ਕੰਮ ਸੱਚ ਤੋਂ ਉਲਟ ਹੈ, ਤਾਂ ਉਸ ਨੂੰ ਛੱਡ ਦੇਣਾ ਚਾਹੀਦਾ ਹੈ।

ਜਦ ਜਖ਼ਮਾਂ ਨੂੰ ਕਹਾਣੀ ਕਰ ਕੇ, ਬੈਠ ਸੁਣਾਵੇਗਾ ਮੇਲੇ ਨੂੰ ਕੱਲ੍ਹ ਨੂੰ ਓਹੀ ਭੀੜ ਤੇਰੀ ਚੁੱਗਲੀ ਵਾਂਗ ਉਛਾਲਣਗੇ।

ਚੁੱਪ ਦੇ ਵੇਲੀਆ ਬੈਠ ਅਕੇਲਾ, ਰੋ ਲੈ ਜੇ ਰੋਣਾ ਆਵੇ, ਇੱਥੇ ਅੱਖਾਂ ਵੀ ਸੱਚੀਆਂ ਨੇ, ਇੱਥੇ ਹੰਝੂ ਸੌਦੇ ਨਹੀਂ ਕਰਨਗੇ।

ਰੂਹ ਨੂੰ ਆਰਾਮ ਮਿਲੇਗਾ ਆਨੰਦ ਵਿੱਚ ਰਹੇਂਗਾ ਕਿਸੇ ਦਾ ਅਹਿਸਾਨ ਨਹੀਂ ਹੋਵੇਗਾ ਤੇਰੀ ਆਤਮਾ ਤੇਰੇ ਰਾਹਾਂ ਤੇਰੀਆਂ ਪੈੜਾਂ ਉਤੇ।

ਸੰਪਰਕ +61 412 913 021

# ਲੋਹੜੀ 'ਧੀ-ਪੁੱਤਾਂ ਦੀ'



**ਲਖਵਿੰਦਰ ਸਿੰਘ ਲੱਖਾ ਸਲੇਮਪੁਰੀ**
ਸੰਪਰਕ : 09855227530

ਲੋਹੜੀ ਧੀ-ਪੁੱਤਾਂ ਦੀ ਅਸੀਂ ਮਨਾਵਾਂਗੇ
ਧੀਆਂ ਨੂੰ ਵੀ ਅੰਬਰੀਂ ਸੈਰ ਕਰਾਵਾਂਗੇ
ਪੁੱਤਰਾਂ ਨਾਲੋਂ ਵੱਧਕੇ ਧੀਆਂ ਪਿਆਰ ਜਤਾਉਂਦੀਆਂ ਨੇ
ਹਰ ਵੇਲੇ ਹੀ ਬੇਬੇ ਬਾਪੂ ਦੇ ਗੁਣ ਗਾਉਂਦੀਆਂ ਨੇ।

ਇਹ ਹੁੰਦੀਆਂ ਮਾਂ-ਪਿਓ ਦੇ ਗਲ ਦਾ ਗਹਿਣਾ ਬਈ ਲੋਕੋ
ਸਿੱਖਿਆ ਇਨ੍ਹਾਂ ਵਿੱਚ ਨਿਮਰਤਾ ਰਹਿਣਾ ਬਈ ਲੋਕੋ
ਮਾਂ-ਬਾਪੂ ਭੈਣਾਂ ਵੀਰਾਂ ਦੇ ਦੁੱਖ ਵੰਡਾਉਂਦੀਆਂ ਨੇ
ਪੁੱਤਰਾਂ ਨਾਲੋਂ ਵੱਧਕੇ ਧੀਆਂ ਪਿਆਰ ਜਤਾਉਂਦੀਆਂ ਨੇ

ਧੀਆਂ ਦੇ ਮਨ ਵਿੱਚ ਵੀ ਰੀਝਾਂ ਅਤੇ ਉਮੰਗਾਂ ਨੇ
ਉੱਠਦੀਆਂ ਸਾਗਰ ਵਿੱਚੋਂ ਕੋਮਲ ਜਿਵੇਂ ਤਰੰਗਾਂ ਨੇ
ਲੱਗਣ ਬਹੁਤ ਪਿਆਰੀਆਂ ਜਦ ਰਲ ਕਿੱਕਲੀ ਪਾਉਂਦੀਆਂ ਨੇ
ਪੁੱਤਰਾਂ ਨਾਲੋਂ ਵੱਧਕੇ ਧੀਆਂ ਪਿਆਰ ਜਤਾਉਂਦੀਆਂ ਨੇ


ਨਾ ਇਹ ਵੰਡਣ ਜ਼ਮੀਨਾਂ ਨਾ ਘਰ ਬਾਰ ਇਹ ਲੁੱਟਦੀਆਂ
ਲਾਈ ਲੱਗਾਂ ਦੇ ਆਖੇ ਲੱਗ, ਨਾ ਜੜਾਂ ਨੂੰ ਪੁੱਟਦੀਆਂ
ਪਿਓ ਦੀ ਇੱਜ਼ਤ ਖ਼ਾਤਰ ਆਪਣਾ ਦਰਦ ਛੁਪਾਉਂਦੀਆਂ ਨੇ
ਪੁੱਤਰਾਂ ਨਾਲੋਂ ਵੱਧਕੇ ਧੀਆਂ ਪਿਆਰ ਜਤਾਉਂਦੀਆਂ ਨੇ

ਰੱਜ ਰੱਜ ਮਾਣ ਵਧਾਵੋ ਲੋਕੋ ਧੀਆਂ ਧਿਆਣੀਆਂ ਦਾ
ਦਿਲ ਨਾ ਕਦੇ ਦੁਖਾਇਓ ਧੀਆਂ ਸੁੱਘੜ ਸਿਆਣੀਆਂ ਦਾ
'ਲੱਖੇ' ਨੂੰ ਵੀ ਇਹ ਸਭ ਇੱਜ਼ਤ ਨਾਲ ਬੁਲਾਉਂਦੀਆਂ ਨੇ
ਪੁੱਤਰਾਂ ਨਾਲੋਂ ਵੱਧਕੇ ਧੀਆਂ ਪਿਆਰ ਜਤਾਉਂਦੀਆਂ ਨੇ

# ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦਾ ਮੌਲਿਕ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਹੈ : ਪੰਜਾਬੀ ਦਾ ਮੁੱਢ

**ਡਾ. ਰਾਮ ਮੂਰਤੀ**

ਪੰਜਾਬੀ ਦਾ ਮੁੱਢ ਗਿਆਨੀ ਨਾਜਰ ਸਿੰਘ ਹੁਣਾਂ ਦੀ ਲਿਖੀ ਇਹ ਵਿਸ਼ੇਸ਼ ਪੁਸਤਕ ਉਨਾਂ ਦੇ ਜਹਾਨੋ ਤੁਰ ਜਾਣ ਤੋਂ ਬਾਅਦ ਛਪ ਰਹੀ ਹੈ। ਯੂਰਪੀ ਪੰਜਾਬੀ ਸੱਥ ਵਾਲਸਾਲ ਯੂਕੇ ਦੇ ਸੰਚਾਲਕ ਸ. ਮੋਤਾ ਸਿੰਘ ਸਰਾਏ ਹੋਰਾਂ ਨੇ ਇਸ ਪੁਸਤਕ ਦਾ ਖਰੜਾ ਪੜਨ ਵਾਸਤੇ ਮੈਨੂੰ ਦਿੱਤਾ ਇਸ ਲਈ ਮੈਂ ਉਹਨਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਉਹਨਾਂ ਨੇ ਇੰਨਾਂ ਮੌਲਿਕ ਤੇ ਮੁੱਲਵਾਨ ਖੋਜ ਕਾਰਜ ਪੜਨ ਦਾ ਮੈਨੂੰ ਮੌਕਾ ਪ੍ਰਦਾਨ ਕੀਤਾ। ਉਨਾਂ ਦੀ ਇਹ ਕੋਸ਼ਿਸ਼ ਸੀ ਕਿ ਇਹ ਪੁਸਤਕ ਉਹਨਾਂ ਦੇ ਜਿਉਂਦੇ ਜੀ ਛਪ ਜਾਂਦੀ ਲੇਕਿਨ ਜ਼ਿੰਦਗੀ ਮੌਤ ਦਾ ਕੋਈ ਭਰੋਸਾ ਨਹੀਂ ਹੈ। ਇਹ ਪੁਸਤਕ ਛਪਣ ਦੇ ਐਨ ਕਿਨਾਰੇ ਤੇ ਪਹੁੰਚ ਗਈ ਸੀ ਕਿ ਗਿਆਨੀ ਜੀ ਦਾ ਅਕਾਲ ਚਲਾਣਾ ਹੋ ਗਿਆ। ਸਾਨੂੰ ਬਹੁਤ ਅਫਸੋਸ ਹੈ ਕਿ ਉਹ ਜੀਂਦੇ ਜੀ ਇਸ ਪੁਸਤਕ ਦੇ ਛਪਣ ਦੀ ਖੁਸ਼ੀ ਨੂੰ ਮਾਨਣ ਤੋਂ ਬਿਨਾਂ ਹੀ ਜਹਾਨੋ ਕੂਚ ਕਰ ਗਏ। ਗਿਆਨੀ ਨਾਜਰ ਸਿੰਘ ਹੋਣਾਂ ਦੀ ਲਿਖੀ ਇਸ ਪੁਸਤਕ ਦਾ ਮੈਂ ਸ਼ਬਦ ਸ਼ਬਦ ਪੜਿਆ ਹੈ। ਇਸ ਤੋਂ ਇਲਾਵਾ ਮੈਂ ਹੋਰ ਵੀ ਬਹੁਤ ਸਾਰੇ ਪੰਜਾਬੀ ਦੇ ਭਾਸ਼ਾ ਵਿਗਿਆਨੀਆਂ ਦੇ ਕੀਤੇ ਹੋਏ ਖੋਜ ਕਾਰਜਾਂ ਦਾ ਨਿਠ ਕੇ ਅਧਿਅਨ ਵਿਸ਼ਲੇਸ਼ਣ ਕੀਤਾ ਹੈ ਜਿਹਨਾਂ ਵਿੱਚ ਡਾ. ਸੁਖਵਿੰਦਰ ਸਿੰਘ ਸੰਘਾ, ਡਾ. ਜੋਗਾ ਸਿੰਘ ਡਾ. ਵੇਦ ਅਗਨੀ ਹੋਤਰੀ ਦਾ ਕੀਤਾ ਕਾਰਜ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹਨਾਂ ਵਿਦਵਾਨਾਂ ਨੇ ਪੱਛਮ ਵਿੱਚ ਹੋ ਰਹੇ ਭਾਸ਼ਾ ਵਿਗਿਆਨਿਕ ਕਾਰਜਾਂ ਤੋਂ ਪ੍ਰੇਰਿਤ ਹੋ ਕੇ ਪੰਜਾਬੀ ਵਿੱਚ ਵੀ ਬੜਾ ਖੂਬਸੂਰਤ ਭਾਸ਼ਾ ਵਿਗਿਆਨਕ ਵਿਸ਼ਲੇਸ਼ਣ ਅਤੇ ਇਸ ਸਬੰਧੀ ਨਿਠ ਕੇ ਖੋਜ ਵੀ ਕੀਤੀ ਹੈ ਲੇਕਿਨ ਪੂਰਬੀ ਸੰਤਾਂ ਭਗਤਾਂ ਅਤੇ ਗੁਰੂਆਂ ਦਾ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਨੂੰ ਕੜਨ ਸਵਾਰਨ ਵਿੱਚ ਜੋ ਯੋਗਦਾਨ ਹੈ ਉਸ ਵੱਲ ਇਹਨਾਂ ਵਿਦਵਾਨਾਂ ਦਾ ਧਿਆਨ ਘੱਟ ਹੀ ਗਿਆ ਹੈ। ਪੱਛਮੀ ਭਾਸ਼ਾ ਵਿਗਿਆਨ ਅਤੇ ਪੂਰਵੀ ਭਾਸ਼ਾ ਵਿਗਿਆਨ ਵਿੱਚ ਤੁਲਨਾਤਮਕ ਅਧਿਅਨ ਵਿਸ਼ਲੇਸ਼ਣ ਵੀ ਇਹਨਾਂ ਵਿਦਵਾਨਾਂ ਨੇ ਕੀਤਾ ਹੈ । ਇਸ ਤੋਂ ਇਲਾਵਾ ਪ੍ਰੋਫੈਸਰ ਪ੍ਰੇਮ ਪ੍ਰਕਾਸ਼ ਸਿੰਘ ਹੁਣਾਂ ਦਾ ਭਾਸ਼ਾ ਵਿਗਿਆਨਿਕ ਕਾਰਜ ਵੀ ਸਰਾਹੁਣਯੋਗ ਹੈ।



ਗਿਆਨੀ ਨਾਜਰ ਸਿੰਘ ਹੋਣਾਂ ਨੇ ਗੁਰਮੁਖੀ ਲਿਪੀ ਅਤੇ ਪੰਜਾਬੀ ਭਾਸ਼ਾ ਦੇ ਆਰੰਭ ਤੇ ਵਿਕਾਸ ਸਬੰਧੀ ਜੋ ਕਾਰਜ ਕੀਤਾ ਹੈ ਆਪਣੇ ਆਪ ਵਿੱਚ ਮਹੱਤਵਪੂਰਨ ਹੈ। ਇਹ ਪੁਸਤਕ ਉਹਨਾਂ ਦੁਆਰਾ ਵੱਖ-ਵੱਖ ਸਮਿਆਂ ਤੇ ਲਿਖੇ ਗਏ ਭਾਸ਼ਾ ਸਬੰਧੀ ਲੇਖਾਂ ਦਾ ਸੰਗ੍ਰਹਿ ਹੈ ਜੋ ਵੱਖ-ਵੱਖ ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਰਹੇ। ਇਸ ਕਰਕੇ ਇਹਨਾਂ ਸਾਰੇ ਲੇਖਾਂ ਵਿੱਚ ਕਿਤੇ ਕਿਤੇ ਸ਼ਬਦਾਂ , ਵਾਕਾਂ ਅਤੇ ਸਿਧਾਂਤਕਾਰੀ ਦਾ ਦੁਹਰਾਓ ਵੀ ਦੇਖਣ ਨੂੰ ਮਿਲਦਾ ਹੈ। ਅਜਿਹਾ ਹੋਣਾ ਸੁਭਾਵਿਕ ਸੀ ਕਿਉਂਕਿ ਉਹਨਾਂ ਦੁਆਰਾ ਲਿਖੇ ਇਹ ਲੇਖ ਵੱਖੋ ਵੱਖਰੇ ਸਮਿਆਂ ਉੱਪਰ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪਦੇ ਰਹੇ ਹਨ। ਪੁਸਤਕ ਦੀ ਤਿਆਰੀ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਇਹ ਦੁਹਰਾਓ ਘੱਟ ਤੋਂ ਘੱਟ ਹੋ ਸਕੇ । ਗਿਆਨੀ ਜੀ ਅੰਗਰੇਜ਼ੀ ਭਾਸ਼ਾ ਦੇ ਲਫਜ਼ਾਂ ਨੂੰ ਤਤਸਮ ਰੂਪ ਵਿੱਚ ਇੱਥੇ ਵਰਤਦੇ ਹੋਏ ਦਿਖਾਈ ਦੇਣਗੇ ਅਤੇ ਕਈ ਵਾਰ ਤਾਂ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਉਹਨਾਂ ਨੇ ਪੰਜਾਬੀ ਭਾਸ਼ਾ ਵਿੱਚ ਪਰੋ ਕੇ ਇਸ ਕਦਰ ਲਿਖ ਦਿੱਤੇ ਹਨ ਕਿ ਵਾਕ ਦੀ ਕਿਰਿਆ ਵੀ ਉਸ ਅੰਗਰੇਜ਼ੀ ਦੇ ਸ਼ਬਦ ਦੀ ਅਨੁਸਾਰੀ ਹੀ ਹੋ ਜਾਂਦੀ ਹੈ । ਇਸ ਸਮੱਸਿਆ ਨੂੰ ਨਿਪਟਾਉਣ ਲਈ ਅਸੀਂ ਉਨਾਂ ਦੁਆਰਾ ਲਿਖੇ ਅੰਗਰੇਜ਼ੀ ਦੇ ਰੋਮਨ ਲਿਪੀ ਵਿੱਚ ਲਿਖੇ ਗਏ ਸ਼ਬਦਾਂ ਨੂੰ ਬਰੈਕਟਾਂ ਵਿੱਚ ਬੰਦ ਕਰਕੇ ਜਿਉਂ ਦੀ ਤਿਉਂ ਲਿਖ ਦਿੱਤਾ ਹੈ ਅਤੇ ਉਹਨਾਂ ਤੋਂ ਪਹਿਲਾਂ ਉਸ ਸ਼ਬਦ ਦਾ ਜੋ ਢੁਕਵਾਂ ਪੰਜਾਬੀ ਰੂਪ ਬਣਦਾ ਸੀ ਉਹ ਵੀ ਲਿਖ ਦਿੱਤਾ ਗਿਆ ਹੈ।

ਇਹ ਖੋਜ ਕਾਰਜ ਪੰਜਾਬੀ ਦੇ ਅਕਾਦਮਿਕ ਵਿਦਵਾਨਾਂ ਦੁਆਰਾ ਕੀਤੇ ਗਏ ਖੋਜ ਕਾਰਜ ਤੋਂ ਬੜਾ ਭਿੰਨ ਦਿਖਾਈ ਦਿੰਦਾ ਹੈ। ਉਨਾਂ ਨੇ ਗੁਰਮੁਖੀ ਲਿਪੀ ਦੇ ਆਰੰਭ ਅਤੇ ਵਿਕਾਸ ਨੂੰ ਅਤੇ ਪੰਜਾਬੀ ਭਾਸ਼ਾ ਦੇ ਆਰੰਭ ਅਤੇ ਵਿਕਾਸ ਨੂੰ ਪੰਜਾਬ ਵਿੱਚ ਸਮੇਂ ਸਮੇਂ ਤੇ ਚੱਲੀਆਂ ਧਾਰਮਿਕ ਅਤੇ ਰਾਜਨੀਤਕ ਲਹਿਰਾਂ ਨਾਲ ਜੋੜ ਕੇ ਇੰਨੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ ਕਿ ਇਹ ਭਾਸ਼ਾ ਵਿਗਿਆਨਕ ਅਧਿਅਨ ਇੱਕ ਕਿਸਮ ਦਾ ਸੱਭਿਆਚਾਰਕ ਤੇ ਲੋਕ ਧਾਰਕ ਰੰਗ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ। ਇਹ ਇੱਕ ਆਮ ਧਾਰਨਾ ਹੈ ਕਿ ਗੁਰਮੁਖੀ ਲਿਪੀ ਹੀ ਪੰਜਾਬੀ ਭਾਸ਼ਾ ਨੂੰ ਲਿਖਣ ਦੀ ਇੱਕੋ ਇੱਕ ਸਾਰਥਕ ਤੇ ਢੁਕਵੀ ਲਿਪੀ ਹੈ। ਗਿਆਨੀ ਜੀ ਵੀ ਇਸੇ ਗੱਲ ਨਾਲ ਹੂਬਹੂ ਸਹਿਮਤ ਹਨ। ਉਨਾਂ ਨੇ ਪੰਜਾਬੀ ਲਿਪੀ ਨੂੰ ਹੜੱਪਾ ਅਤੇ ਮਹਜਦੜੋ ਦੀਆਂ ਸਭਿਅਤਾਵਾਂ ਦੇ ਹਾਣ ਦੀ ਲਿਪੀ ਖਿਆਲ ਕੀਤਾ ਭਾਵੇਂ ਕਿ ਇਹਨਾਂ ਦੋ ਸਭਿਅਤਾਵਾਂ ਦੀ ਲੱਭਤ ਅਤੇ ਖੁਦਾਈ ਵੇਲੇ ਜੋ ਲਿਪੀਆਂ ਮਿਲੀਆਂ ਹਨ ਉਹ ਹਾਲੇ ਪੜੀਆਂ ਨਹੀਂ ਜਾ ਸਕੀਆਂ।

ਗਿਆਨੀ ਨਾਜਰ ਸਿੰਘ ਗੁਰੂ ਨਾਨਕ ਦੇਵ ਜੀ ਪੰਜਾਬੀ ਦਾ ਪਹਿਲਾ ਲਿਪੀਕਾਰ ਮੰਨਦੇ ਹਨ ਭਾਵੇਂ ਕਿ ਕਈ ਵਿਦਵਾਨਾਂ ਦਾ ਮਤਿ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਲਿਪੀ ਦਾ ਕੋਈ ਵੀ ਨਵਾਂ ਅੱਖਰ ਘੜਿਆ ਨਹੀਂ ਸਗੋਂ ਪਹਿਲਾਂ ਮਿਲਦੇ ਅੱਖਰਾਂ ਦੀ ਹੀ ਉਹਨਾਂ ਨੇ ਵਰਤੋਂ ਕੀਤੀ ਹੈ ਪਰ ਗਿਆਨੀ ਨਾਜਰ ਸਿੰਘ ਦਾ ਮਤਿ ਹੈ ਕਿ ਗੁਰੂ ਨਾਨਕ ਦੇਵ ਜੀ ਗੁਰਮੁਖੀ ਦੇ ਲਿਪੀਕਾਰ ਹਨ ਅਤੇ ਉਨਾਂ ਨੇ ਨਵੇਂ ਸ਼ਬਦਾਂ ਦੀ ਘਾੜਤ ਵੀ ਕੀਤੀ ਹੈ ਅਤੇ ਪੁਰਾਤਨ ਲਿਪੀਆਂ ਵਿੱਚ ਮਿਲਦੇ ਅੱਖਰਾਂ ਦਾ ਰੂਪ ਬਦਲ ਕੇ ਵੀ ਉਹਨਾਂ ਨੇ ਲਿਖਿਆ ਹੈ। ਇਹ ਤਾਂ ਸਵੈ ਸਿੱਧ ਹੈ ਕਿ ਗੁਰਮੁਖੀ ਦੇ ਅੱਖਰ ਬਹੁਤ ਪ੍ਰਾਚੀਨ ਹਨ ਲੇਕਿਨ ਗਿਆਨੀ ਜੀ ਲਿਖਦੇ ਹਨ ਕਿ ਉਹ ਮਹਾਂਪੁਰਸ਼ ਜਿਸ ਨੇ ਦੁਨੀਆਂ ਨੂੰ ੧ਓਦਿ ਦਾ ਚਿੰਨ? ਸੰਸਾਰ ਨੂੰ ਪ੍ਰਦਾਨ ਕੀਤਾ ਉਹ ਲਿਪੀਕਾਰ ਕਿਉਂ ਨਹੀਂ ਹੋ ਸਕਦਾ । ਆਪਣੇ ਤਰਕ ਦੇ ਪੱਖ ਵਿੱਚ ਉਹਨਾਂ ਨੇ ਹੋਰ ਦਲੀਲਾਂ ਵੀ ਦਿੱਤੀਆਂ ਹਨ ਕਿ ਕਿਵੇਂ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਜੋੜਾਂ ਵਿੱਚ ਵਰਤੇ ਜਾਂਦੇ ਅੱਖਰਾਂ ਜਿਵੇਂ ਸ਼ਿਸ਼ ਦੇ ਮਗਰਲੇ ਸ਼ ਨੂੰ ਖ ਵਿੱਚ ਤਬਦੀਲ ਕਰਕੇ ਇੱਕ ਨਵੀਂ ਪਿਰਤ ਪਾਈ ਅਤੇ ਇੱਕ ਨਵਾਂ ਸ਼ਬਦ ਸਿੱਖ ਘੜਿਆ । ਇਸ ਤਰ੍ਹਾਂ ਗੁਰਮੁਖੀ ਲਿਪੀ ਨੂੰ ਨਿਖਾਰਨ ਸਿੰਗਾਰਨ ਤੇ ਸਵਾਰਨ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੀ ਜੋ ਭੂਮਿਕਾ ਹੈ ਉਸਨੂੰ ਵੀ ਸਿੱਧ ਕੀਤਾ ਗਿਆ ਹੈ ।


ਗਿਆਨੀ ਜੀ ਦਾ ਇਹ ਦਾਅਵਾ ਹੈ ਕਿ ਪੰਜਾਬੀ ਭਾਸ਼ਾ ਤੇ ਹੋਰ ਆਧੁਨਿਕ ਕਹੀਆਂ ਜਾਂਦੀਆਂ ਬੋਲੀਆਂ ਸੰਸਕ੍ਰਿਤ ਵਿੱਚੋਂ ਨਹੀਂ ਨਿਕਲੀਆਂ । ਪੰਜਾਬੀ ਆਪਣੇ ਆਪ ਵਿੱਚ ਸੁਤੰਤਰ ਭਾਸ਼ਾ ਹੈ ਅਤੇ ਇਹ ਆਪਣੇ ਆਪ ਤੋਂ ਹੀ ਪੈਦਾ ਹੋਈ ਹੈ । ਗਿਆਨੀ ਨਾਜਰ ਸਿੰਘ ਦਾ ਮਤਿ ਹੈ ਕਿ ਭਾਸ਼ਾਵਾਂ ਉਹ ਹੀ ਤਰੱਕੀ ਕਰਦੀਆਂ ਹਨ ਜਿਨਾਂ ਨੂੰ ਧਾਰਮਿਕ ਅਤੇ ਰਾਜਸੀ ਸਰਪਰਸਤੀ ਮਿਲ ਜਾਂਦੀ ਹੈ । ਜਿਨਾਂ ਭਾਸ਼ਾਵਾਂ ਨੂੰ ਰਾਜਨੀਤਿਕ ਸਰਪਰਸਤੀ

ਨਹੀਂ ਮਿਲਦੀ ਉਹ ਭਾਸ਼ਾਵਾਂ ਵੀ ਪਿੱਛੇ ਰਹਿ ਜਾਂਦੀਆਂ ਹਨ। ਪੰਜਾਬੀ ਭਾਸ਼ਾ ਦੇ ਅੱਜ ਤੱਕ ਜਿਉਂਦੇ ਹੋਣ ਦਾ ਕਾਰਨ ਹੀ ਇਹੋ ਹੈ ਕਿ ਇਸ ਨੂੰ ਧਾਰਮਿਕ ਸਰਪਰਸਤੀ ਤਾਂ ਮਿਲ ਗਈ ਲੇਕਿਨ ਜੇਕਰ ਇਸ ਨੂੰ ਰਾਜਸੀ ਸਰਪਰਸਤੀ ਵੀ ਮਿਲ ਜਾਂਦੀ ਅਤੇ ਇਹ ਪੂਰਨ ਤੌਰ ਤੇ ਪੰਜਾਬ ਦੀ ਦਫਤਰੀ ਭਾਸ਼ਾ ਬਣ ਜਾਂਦੀ ਅਤੇ ਸਿੱਖਿਆ ਦਾ ਮਾਧਿਅਮ ਵੀ ਸੰਪੂਰਨ ਤੌਰ ਤੇ ਬਣ ਜਾਂਦੀ ਤਾਂ ਇਸ ਭਾਸ਼ਾ ਨੇ ਹੋਰ ਵੀ ਬਹੁਤ ਤਰੱਕੀ ਕਰ ਜਾਣੀ ਸੀ। ਇਸ ਪੁਸਤਕ ਰਾਹੀਂ ਗਿਆਨੀ ਜੀ ਪੰਜਾਬ ਦੇ ਲੋਕਾਂ ਨੂੰ ਇੱਕ ਬਹੁਤ ਖ਼ੂਬਸੂਰਤ ਸੁਨੇਹਾ ਵੀ ਦਿੰਦੇ ਹਨ ਕਿ ਸਾਨੂੰ ਧਰਮ ਜਾਤ ਆਦਿ ਦੀ ਸੰਪਰਦਾਇਕਤਾ ਤੋਂ ਉੱਪਰ ਉੱਠ ਕੇ ਪੰਜਾਬੀ ਦੇ ਹੱਕ ਵਿੱਚ ਬੋਲਣਾ ਲਿਖਣਾ ਚਾਹੀਦਾ ਹੈ । ਉਹਨਾਂ ਦਾ ਖਿਆਲ ਹੈ ਕਿ ਸਮੁੱਚੇ ਸੰਸਾਰ ਵਿੱਚ ਵੱਸਦੇ ਹਿੰਦੂ ਸਿੱਖ ਇਸਾਈ ਪੰਜਾਬੀ ਲੋਕਾਂ ਨੂੰ ਪੰਜਾਬੀ ਭਾਸ਼ਾ ਦੇ ਨਾਂ ਤੇ ਹੀ ਇੱਕਜੁੱਟ ਕੀਤਾ ਜਾ ਸਕਦਾ ਹੈ। ਜੇਕਰ ਸਾਰੇ ਧਰਮਾਂ ਦੇ ਪੰਜਾਬੀ ਧਾਰਮਿਕ ਸੰਪਰਦਾਇਕਤਾ ਨੂੰ ਛੱਡ ਕੇ ਪੰਜਾਬੀ ਭਾਸ਼ਾ ਦੇ ਝੰਡਾ ਬਰਦਾਰ ਬਣ ਜਾਣ ਤਾਂ ਇਹਨਾਂ ਦੀ ਸਰਦਾਰੀ ਸਮੁੱਚੇ ਸੰਸਾਰ ਤੇ ਹੋ ਸਕਦੀ ਹੈ।

ਇਹ ਪੁਸਤਕ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਉਹ ਵਿਅਕਤੀ ਜਿਸ ਨੂੰ ਸਕੂਲੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ ਉਸਨੇ ਆਪਣੇ ਯਤਨਾਂ ਨਾਲ ਪੰਜਾਬੀ ਹਿੰਦੀ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਸਿੱਖੀਆਂ ਅਤੇ ਪੰਜਾਬੀ ਭਾਸ਼ਾ ਦੇ ਸਬੰਧ ਵਿੱਚ ਉਹਨਾਂ ਨੇ ਇਨਾ ਮੁਲਵਾਨ ਖੋਜ ਕਾਰਜ ਕੀਤਾ। ਕਨਿੰਗਮ ਤੇ ਹੋਰ ਪੱਛਮੀ ਵਿਦਵਾਨਾਂ ਦੀਆਂ ਕਿਤਾਬਾਂ ਪੜ੍ਹ ਕੇ ਉਹਨਾਂ ਨੇ ਇੱਥੇ ਉਹਨਾਂ ਦਾ ਨਿਚੋੜ ਵੀ ਨਾਲੋ ਨਾਲ ਪੇਸ਼ ਕੀਤਾ ਹੈ ਪਰ ਬਹੁਤ ਸਾਰੀਆਂ ਥਾਵਾਂ ਤੇ ਉਹ ਪੁਸਤਕ ਦਾ ਨਾਮ ਤੇ ਉਸਦੇ ਕਰਤਾ ਦਾ ਨਾਮ ਤਾਂ ਲਿਖਦੇ ਹਨ ਲੇਕਿਨ ਜਿਹੜਾ ਵਿਚਾਰ ਉਸ ਪੁਸਤਕ ਵਿੱਚੋਂ ਦਰਜ ਕਰਦੇ ਹਨ ਉਸ ਦਾ ਪੰਨਾ ਨੰਬਰ ,ਪ੍ਰਕਾਸ਼ਕ , ਛਪਣ ਦੀ ਮਿਤੀ ਆਦਿ ਨਹੀਂ ਦਿੰਦੇ । ਇਹਨਾਂ ਕੁਝ ਘਾਟਾਂ ਕਮਜ਼ੋਰੀਆਂ ਕਰਕੇ ਇਹ ਪੁਸਤਕ ਇੱਕ ਖੋਜ-ਪੁਸਤਕ ਤੇ ਇੱਕ ਹਵਾਲਾ ਪੁਸਤਕ ਹੋਣ ਦੇ ਲਕਬ ਤੋਂ ਤਾਂ ਖੁੰਝ ਜਾਂਦੀ ਹੈ ਤਾਂ ਵੀ ਆਪਣੀਆਂ ਇਹੋ ਜਿਹੀਆਂ ਸੀਮਾਵਾਂ ਸਦਕਾ ਵੀ ਇਹ ਪੁਸਤਕ ਆਪਣੇ ਆਪ ਵਿੱਚ ਮੁੱਲਵਾਨ ਹੈ ਕਿਉਂਕਿ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇਹ ਕੁਝ ਨਵੇਂ ਸਵਾਲ ਵੀ ਪੈਦਾ ਕਰਨ ਵਿੱਚ ਕਾਮਯਾਬ ਨਿਰਸੰਦੇਹ ਰਹਿੰਦੀ ਹੈ। ਗਿਆਨੀ ਜੀ ਦੇ ਮੌਲਿਕ ਕਾਰਜ ਨੂੰ ਸਲਾਉਣਾ ਬਣਦਾ ਹੈ ਭਾਵੇਂ ਕਿ ਕੁਝ ਵਿਚਾਰਧਾਰਕ ਵੱਖਰੇਵੇਂ ਵੀ ਇੱਥੇ ਪੈਦਾ ਹੋ ਸਕਦੇ ਹਨ। ਜਿਵੇਂ ਇੱਕ ਪਾਸੇ ਤਾਂ ਉਹ ਸਾਰੇ ਧਰਮਾਂ ਦੇ ਲੋਕਾਂ ਨੂੰ ਪੰਜਾਬੀਅਤ ਦੇ ਝੰਡੇ ਹੇਠ ਇਕੱਠੇ ਹੋਣ ਦਾ ਸੱਦਾ ਦੇ ਰਹੇ ਹਨ ਲੇਕਿਨ ਦੂਸਰੇ ਪਾਸੇ ਉਹ ਪੰਜਾਬੀ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਸਿੱਖ ਗੁਰੂਆਂ ਦੀ ਭੂਮਿਕਾ ਨੂੰ ਹੀ ਤਸਲੀਮ ਕਰਦੇ ਹਨ ਜਦ ਕਿ ਜੋ ਕਾਰਜ ਪੰਜਾਬੀ ਵਿੱਚ ਬੁੱਲੇ ਸ਼ਾਹ, ਸ਼ਾਹ ਹੁਸੈਨ ਬਾਬਾ ਫਰੀਦ ਵਰਗੇ ਸੂਫੀਆਂ ਤੇ ਭਗਤੀ ਲਹਿਰ ਦੇ ਬਾਣੀਕਾਰਾਂ ਨੇ ਕੀਤਾ ਹੈ ਨੇ ਕੀਤਾ ਹੈ ਉਸ ਦਾ ਨਾਮ ਤੱਕ ਵੀ ਨਹੀਂ ਲੈਂਦੇ। ਉਹ ਇਹ ਸ਼ਾਇਦ ਇਸ ਕਰਕੇ ਕਰਦੇ ਹੋਣਗੇ ਕਿਉਂਕਿ ਸੂਫੀ ਕਵੀਆਂ ਦੀ ਲਿਪੀ ਗੁਰਮੁਖੀ ਨਹੀਂ ਸੀ ਅਤੇ ਭਗਤ ਕਵੀਆਂ ਦੀ ਲਿਪੀ ਵੀ ਕੋਈ ਹੋਰ ਹੋ ਸਕਦੀ ਹੈ ਲੇਕਿਨ ਪੰਜਾਬੀ ਭਾਸ਼ਾ ਦੇ ਪਾਸਾਰ ਵਿੱਚ ਜੋ ਉਹਨਾਂ ਦਾ ਯੋਗਦਾਨ ਹੈ ਉਸ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਮੇਰਾ ਮੰਨਣਾ ਹੈ ਕਿ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇਹ ਪੁਸਤਕ ਇੱਕ ਨਵੀਂ ਚਰਚਾ ਨੂੰ ਜਨਮ ਦੇਵੇਗੀ ਅਤੇ ਅਸੀਂ ਮੁੜ ਤੋਂ ਪੰਜਾਬੀ ਲਿਪੀ ਦੇ ਮੁੱਢ, ਪੰਜਾਬੀ ਭਾਸ਼ਾ ਦੇ ਮੁੱਢ ਅਤੇ ਵਿਕਾਸ ਬਾਰੇ ਸੋਚਣ ਲਈ ਮਜਬੂਰ ਹੋਵਾਂਗੇ।

ਯੂਰਪੀ ਪੰਜਾਬੀ ਸੱਥ ਵਾਲਸਾਲ ਵੱਲੋਂ ਇਹ ਪੁਸਤਕ ਵਿਸ਼ੇਸ਼ ਤੌਰ ਤੇ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ । ਇਸ ਪੁਸਤਕ ਦੀ ਤਿਆਰੀ ਵਿੱਚ ਅਤੇ ਇਸ ਦੇ ਮੁੱਢਲੇ ਖਰੜੇ ਨੂੰ ਸੰਵਾਰਨ ਤੇ ਨਿਖਾਰਨ ਵਿੱਚ ਜਿੱਥੇ ਸ. ਮੋਤਾ ਸਿੰਘ ਸਰਾਏ ਹੋਣਾਂ ਦੀਆਂ ਕੀਮਤੀ ਸਲਾਹਾਂ ਸੋਨੇ ਤੇ ਸੁਹਾਗਾ ਬਣੀਆਂ ਉੱਥੇ ਸਾਬਕਾ ਜ਼ਿਲਾ ਸਿੱਖਿਆ ਅਫਸਰ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ (ਸੰਚਾਲਕ ਮੰਜਕੀ ਪੰਜਾਬੀ ਸਥ ਭੰਗਾਲਾ) ਨਾਲ ਵੀ ਲੰਮੀਆਂ ਵਿਚਾਰ ਚਰਚਾਵਾਂ ਅਤੇ ਬੈਠਕਾਂ ਹੋਈਆਂ ਜਿਸ ਸਦਕਾ ਇਹ ਪੁਸਤਕ ਸੁਧਰੇ ਰੂਪ ਵਿੱਚ ਆਪ ਜੀ ਦੇ ਹੱਥਾਂ ਵਿੱਚ ਹੈ। ਇਸ ਮੌਕੇ ਤੇ ਗਿਆਨੀ ਜੀ ਦੇ ਇਸ ਖੋਜ ਕਾਰਜ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

## ਕੁਲਦੀਪ ਦੁਸਾਂਝ ਦੀਆਂ ਕਵਿਤਾਵਾਂ



**ਕੁਲਦੀਪ ਦੁਸਾਂਝ**

**ਜਲੰਧਰ**

# ਪਤੰਗ ਤੇ ਇੰਨਸਾਨ

**(ਢੇਰ ਸਾਰੇ ਉੜਦੇ ਪਤੰਗਾਂ ਨੂੰ ਦੇਖਦਿਆਂ)**



ਆਸਮਾਨੀਂ ਉੜਦੇ ਪਤੰਗਾਂ ਦਾ ਮੰਜ਼ਰ,
ਰੱਬ ਦੀ ਬਣਾਈ ਦੁਨੀਆਂ ਦੀ ਮਾਨਿੰਦ ਲਗਦੈ,
ਸਾਵੇਂ-ਤੇਜ਼ ਉੜਦੇ, ਪੇਚੇ ਲਾਂਦੇ, ਖਤਮ ਹੁੰਦੇ,
ਇੰਸਾਂਨਾਂ ਦੀ ਚਾਰ ਦਿਨ ਦੀ ਜਿੰਦਗੀ ਮਾਨਿੰਦ ਲਗਦੈ,
ਸਰਦ ਕੋਸੀ-ਕੋਸੀ ਧੁੱਪੇ, ਰੰਗ-ਬਰੰਗੇ,
ਉਚੇ-ਨੀਵੇਂ ਪਤੰਗ, ਅੰਬਰੀਂ ਪਰਿੰਦਿਆਂ ਦਾ ਭੁਲੇਖਾ ਪਾਂਦੇ ,

ਦੋਸਤੋ !ਆਦਮੀ ਦਾ ਆਗਮਨ,
ਜਵਾਨੀ ਤੇ ਫਿਰ ਅਲਵਿਦਾ,
ਪਤੰਗ ਦੀ ਦਾਸਤਾਨ ਲਗਦੈ।

**29 ਦਸੰਬਰ 2025**

# ਅਸੀਂ ਕੁਦਰਤੀ ਮੰਜਰ ਹਾਂ



ਤਾਰਿਆਂ ਭਰੀ ਰਾਤ ਨੂੰ ਨੀਝ ਨਾਲ ਤੱਕਣਾ,
ਕੁੱਦਰਤ ਦੀ ਅਨੰਤਤਾ ਦਾ ਮੰਜ਼ਰ ਹੈ,
ਡੁੱਬਦੇ-ਚੜਦੇ ਸੂਰਜ ਵੇਲੇ ਸ਼ਿਤਿਜ ਨੂੰ ਵੇਖਣਾਂ,
ਕੁੱਦਰਤ ਦੀ ਹੈਰਤ ਦਾ ਮੰਜ਼ਰ ਹੈ,
ਕੁੱਦਰਤ ਨਾਲ ਜੁੜਦਿਆਂ 2 ਇੰਨਸਾਨ ਪਤਾ ਨਹੀਂ
ਕਿਥੇ-ਕਿਥੋਂ ਤੱਕ ਖੋਹ ਜਾਂਦੈ ?
ਪੰਛੀਆਂ ਦੀਆਂ ਅਵਾਜ਼ਾਂ ਨੂੰ ਸੁਨਣਾਂ ਕੁੱਦਰਤੀ
ਆਰਕੈਸਟਰਾ ਦਾ ਮੰਜ਼ਰ ਹੈ।
ਲੰਮ-ਸਲੰਮੇਂ ਦਰੱਖਤਾਂ 'ਚੋਂ ਸੂਰਜ ਦੀਆਂ ਕਿਰਨਾਂ ਦਾ ਝਰਨਾਂ,
ਕੁੱਦਰਤ ਦੇ ਨਸ਼ਿਆ ਦੇਣ ਦਾ ਮੰਜ਼ਰ ਹੈ,
ਫੁੱਲਾਂ ਦੇ ਵੰਨ-ਸੁਵੰਨੇ ਰੰਗਾਂ ਨੂੰ ਵੇਖਣਾ, ਕੁੱਦਰਤ
ਦੀ ਵਿਵਿਧਤਾ ਦਾ ਮੰਜ਼ਰ ਹੈ,
ਅਸਲ 'ਚ ਕੁੱਦਰਤੀ ਕਿਸੇ ਵੀ ਚੀਜ਼ ਨੂੰ ਤੱਕਣਾ,
ਉਸ ਵਿਚ ਗੁੰਮ ਜਾਣਾ ਲਗਦੈ,
ਫੁੱਲਾਂ ਤੇ ਮੰਡਰਾਂਦੀਆਂ ਤਿੱਤਲੀਆਂ ਨਾਲ ਉੜਨਾਂ,
ਕੁੱਦਰਤ ਨਾਲ ਰੁੱਕ ਜਾਣ ਦਾ ਮੰਜ਼ਰ ਹੈ।
ਸੁਭਾਹ-ਸਵੇਰੇ ਖੁੱਲ੍ਹੇ ਖੇਤਾਂ ਦੀ ਹਰਿਆਵਲ ਨੂੰ ਤਕਣਾਂ,
ਕੁੱਦਰਤ 'ਚੋਂ ਅਮ੍ਰਿਤ ਪੀਣ ਦਾ ਮੰਜ਼ਰ ਹੈ,

ਸ਼ਾਤ ਮਈ ਸਮੁੰਦਰੀ ਕੰਢੇ ਬੈਠਿਆਂ,
ਕੁੱਦਰਤ ਦੇ ਆਦਿ ਤੋਂ ਅੰਤ ਤੱਕ ਹੋਣ ਦਾ ਮੰਜ਼ਰ ਹੈ,

ਅਸਲ 'ਚ ਪੂਰੀ ਕਾਇਨਾਤ ਨਾਲ ਜੁੜਨਾਂ
ਜੀਵਨ ਨੂੰ ਸਮਝਣ ਦੀ ਮਾਨਿੰਦ ਹੁੰਦੈ, ਮੁੱਕਦੀ ਗੱਲ,
ਅੰਦਰ ਮਈ ਝਾਤ ਪਾਉਣ ਦਾ ਅਹਿਸਾਸ ਦੱਸਦੈ ,
ਕਿ ਅਸੀਂ ਕੁੱਦਰਤੀ ਮੰਜ਼ਰ ਹਾਂ।

# ਨਵੇਂ ਸਾਲ ਲਈ

**ਬਲਵਿੰਦਰ ਬਾਲਮ ਗੁਰਦਾਸਪੁਰ**
ਉਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ. 98156-25409

ਸੂਰਜ ਨੇ ਘੁੰਡ ਚੁਕ ਕੇ ਜਦ ਕਿਰਣਾਂ ਦਾ ਮੁੱਖ ਵਿਖਾਇਆ।
ਧਰਤੀ ਦੇ ਫਿਰ ਕਣ-ਕਣ ਅੰਦਰ ਨੂਰ ਇਲਾਹੀ ਆਇਆ।
ਫੁੱਲਾਂ ਨੇ ਖ਼ੁਸ਼ਬੂਆਂ ਦਿੱਤੀਆਂ ਘੁਟ ਗਲਵਕੜੀ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭ ਇਛਾਵਾਂ ਆ ਕੇ।

ਰੁੱਤਾਂ ਦੀ ਅੰਗੜਾਈ ਅੰਦਰ ਖੁਸ਼ੀਆਂ ਦੀ ਸ਼ਹਿਨਾਈ।
ਜੰਨਤ ਸੁੰਦਰਤਾ ਨੂੰ ਲੈ ਕੇ ਹਾਸੇ ਵਿਚ ਸ਼ਰਮਾਈ।
ਹਰਿਆਲੀ ਨੇ ਧਰਤੀ ਚੁੰਮੀ ਠੰਡੀਆਂ ਛਾਵਾਂ ਪਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਨਵ ਵਿਗਿਆਨ ਪਰੀਚਿਤ ਹੋਇਆ ਪਾ ਕੇ ਚੰਦਰਯਾਨ।
ਚੰਦਰਮਾ ਦੀ ਧਰਤੀ ਉਤੇ ਜਾ ਬਨਿਆ ਮਹਿਮਾਨ।
ਇਕ ਇਤਿਹਾਸ ਅਨੋਖਾ ਰਚਿਆ ਅੰਬਰ ਦੇ ਵਿਚ ਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿਦਿਆ ਬੁੱਧ ਵਿਵੇਕ ਦਿਸ਼ਾਵਾਂ ਮੰਡਲੀ ਕਰਣ ਬਣਾਏ
ਵਿਸ਼ਵ ਵਿਆਪੀ ਕਾਰਜ ਸਾਰੇ ਮੁੱਠੀ ਦੇ ਵਿਚ ਆਏ।
ਉਨਤੀ ਵਾਲੀ ਮਾਂਗ ਦੇ ਅੰਦਰ ਫਿਰ ਸਿੰਦੂਰ ਸਜਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੁੱਕ ਜਾਣੀਂ ਏਂ ਰਿਸ਼ਵਤ ਖੋਰੀ ਹੇਰਾ ਫੇਰੀ ਠੱਗੀ।
ਸੁਹਿਰਦਤਾ ਅਪਣੇ ਜੋਬਨ ਉਤੇ ਵੇਖੋ ਆਵਣ ਲੱਗੀ।
ਚੰਗਿਆਈ ਵਾਲੀ ਵਹੁਟੀ ਬੈਠੀ ਅਪਣਾ ਘੁੰਡ ਉਠਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇਛਾਵਾਂ ਆ ਕੇ।

ਨਵ ਯੁਵਕਾਂ ਵਿਚ ਚੇਤਨਤਾ ਦੇ ਖੰਭਾਂ 'ਚ ਪਰਵਾਜ਼ ਬੜੀ।
ਖ਼ਾਮੋਸ਼ੀ ਦੇ ਮੰਜ਼ਰ ਵਿਚ ਅੰਦੋਲਨ ਦੀ ਆਵਾਜ਼ ਬੜੀ।
ਪਰਪੱਕਤਾ ਨੂੰ ਆਈ ਹੈ ਫ਼ਿਰ ਸਰਸਵਤੀ ਸਮਝਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਫੁੱਲਾਂ ਉਤੇ ਸ਼ਬਨਮ ਆਈ ਲੈ ਕੇ ਇਕ ਸਿਰਨਾਵਾਂ।
ਸੂਖਮ ਸੁੰਦਰਤਾ ਦੇ ਵਿਚ ਨੇ ਭਾਰਤ ਮਾਂ ਦੀਆਂ ਬਾਂਹਾਂ।
ਉਨਤੀ ਜੋਬਨ ਰੁੱਤੇ ਨਿਕਲੀ ਕਿਰਣਾਂ ਵਿੱਚ ਨਹਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਬਿੱਲੀ ਆਲ੍ਹਣੇ ਵਿਚ ਨਾ ਝਾਕੇ, ਸੱਪ ਨਾ ਮਾਰੇ ਡੰਗ।
ਜੀਵਨ ਵਿੱਚ ਸਲਾਮਤ ਹੋਵੇ ਉਮੰਗ ਤਰੰਗ ਨਿਸੰਗ।
ਕੋਈ ਗਰਮ ਹਵਾ ਨਾ ਲੰਘੇ ਗੁਲਸ਼ਨ ਨੂੰ ਤੜਪਾ ਕੇ
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਗਰਮੀ ਦੀ ਰੁੱਤ ਗੁੰਮ ਗਈ ਏ ਸਰਦੀ ਦੀ ਰੁੱਤ ਆਈ।
ਫਲ ਸਬਜ਼ੀਆਂ ਸਾਗ ਸਰੋਂ ਦਾ ਮੱਖਣ ਨਾਲ ਲਿਆਈ।
ਵਿੱਚ ਬੁਢਾਪੇ ਸਿਹਤ ਬਣਾਓ ਅਪਣਾ ਆਪ ਬਚਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਵਿਚ ਵਿਦੇਸ਼ਾਂ ਸੱਜਣ ਬੈਠੇ ਪਿਆਰੇ ਰਾਜ ਦੁਲਾਰੇ।
ਏਦਾਂ ਜਚਦੇ ਵਿਚ ਵਿਦੇਸ਼ਾਂ ਜਿੱਦਾਂ ਚੰਨ ਸਿਤਾਰੇ।
ਦੋ ਧਰਤੀਆਂ ਉਪਰ ਵੱਸਦੇ ਅਪਣੀ ਅਣਖ ਜਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

ਮੇਰਾ ਭਾਰਤ ਦੇਸ਼ ਪਿਆਰਾ ਜੱਗ ਤੋਂ ਸੋਹਣਾ ਸੁੰਦਰ।
ਏਥੇ ਸ਼ੋਭਿਤ ਸਭ ਧਰਮਾਂ ਦੇ ਸੂਰਜ ਵਰਗੇ ਮੰਦਰ।
'ਬਾਲਮ' ਅਪਣੇ ਗੀਤ 'ਚ ਕਹਿੰਦਾ ਵਿਚ ਤਰਨੁੰਮ ਗਾ ਕੇ।
ਨਵੇਂ ਸਾਲ ਨੇ ਵੰਡ ਦਿੱਤੀਆਂ ਨੇ ਸ਼ੁੱਭਇੱਛਾਵਾਂ ਆ ਕੇ।

# ਡਾ. ਕਿਰਨਦੀਪ ਕੌਰ ਤੇ ਕਸ਼ਮੀਰ ਸਿੰਘ ਭੁਲੱਥ ਦੇ ਕਹਾਣੀ ਸੰਗ੍ਰਹਿ ਰਿਲੀਜ਼



**ਕਹਾਣੀ ਸੰਗ੍ਰਹਿ ਰਿਲੀਜ਼ ਕਰਨ ਮੌਕੇ ਪ੍ਰੋਫੈਸਰ ਡਾ. ਕਿਰਨਦੀਪ ਕੌਰ, ਕਸ਼ਮੀਰ ਸਿੰਘ ਭੁਲੱਥ, ਪ੍ਰੋ. ਗੁਰਨਾਮ ਸਿੰਘ, ਪ੍ਰਿੰ. ਗੁਰਭਜਨ ਸਿੰਘ ਲਾਸਾਨੀ, ਡਾ. ਕਰਮਜੀਤ ਸਿੰਘ ਨਡਾਲਾ ਤੇ ਹੋਰ ਮੈਂਬਰ।**

ਬੀਤੇ ਦਿਨੀਂ ਸਾਹਿਤਕ ਪਿੜ ਨਡ਼ਾਲਾ ਦੀ ਨਵੇਂ ਵਰ੍ਹੇ ਦੀ ਪਹਿਲੀ ਸਾਹਿਤਕ ਇਕੱਤਰਤਾ ਬੜੀ ਹੀ ਸਾਹਿਤਕ ਗਰਿਮਾ ਅਤੇ ਉਤਸ਼ਾਹ ਨਾਲ ਕਰਵਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਗੁਰਨਾਮ ਸਿੰਘ ਅਤੇ ਪ੍ਰਿੰਸੀਪਲ ਗੁਰਭਜਨ ਸਿੰਘ ਲਾਸਾਨੀ (ਡੀ.ਈ.ਓ.) ਨੇ ਕੀਤੀ। ਇਸ ਮੌਕੇ ਡੀ.ਏ.ਵੀ. ਕਾਲਜ ਦੇ ਪ੍ਰੋਫੈਸਰ ਡਾ. ਕਿਰਨਦੀਪ ਕੌਰ ਦੇ ਪਹਿਲੇ ਪਲੇਠੇ ਕਹਾਣੀ ਸੰਗ੍ਰਹਿ 'ਆਪਣੇ ਅਧੂਰੇ' ਅਤੇ ਪ੍ਰਸਿੱਧ ਕਹਾਣੀਕਾਰ ਕਸ਼ਮੀਰ ਸਿੰਘ ਭੁੱਲਥ ਦੇ ਕਹਾਣੀ ਸੰਗ੍ਰਹਿ 'ਜੰਗਾਲ ਖਾਧੇ ਜੰਦਰੇ' ਦੀ ਘੁੰਡ ਚੁਕਾਈ ਕੀਤੀ ਗਈ। ਪੁਸਤਕਾਂ ਬਾਰੇ ਪ੍ਰਸਿੱਧ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਕਿਹਾ ਕਿ ਦੋਵੇਂ ਲੇਖਕ ਸਮਾਜ ਦੀਆਂ ਵਧੀਕੀਆਂ ਨੂੰ ਡੂੰਘਾਈ ਨਾਲ ਸਮਝਦੇ ਹਨ ਅਤੇ ਕਹਾਣੀ ਕਲਾ 'ਤੇ ਪੂਰੀ ਪਕੜ ਰੱਖਦੇ ਹਨ। ਇਸ ਮੌਕੇ ਪ੍ਰਸਿੱਧ ਗ਼ਜ਼ਲਗੋ ਜਨਕਪ੍ਰੀਤ ਬੇਗੋਵਾਲ, ਪ੍ਰਿੰਸੀਪਲ ਗੁਰਭਜਨ ਸਿੰਘ ਲਾਸਾਨੀ ਅਤੇ ਪ੍ਰੋ. ਗੁਰਨਾਮ ਸਿੰਘ ਨੇ ਕਹਾਣੀ ਕਲਾ ਬਾਰੇ ਡੂੰਘੇ ਅਤੇ ਵਿਚਾਰਸ਼ੀਲ ਵਿਚਾਰ ਸਾਂਝੇ ਕੀਤੇ ਅਤੇ ਨਵੇਂ ਕਹਾਣੀਕਾਰਾਂ ਦੀ ਖੁੱਲ੍ਹ ਕੇ ਹੌਸਲਾ ਅਫਜ਼ਾਈ ਕੀਤੀ। ਸਾਹਿਤਕ ਸਮਾਗਮ ਦੌਰਾਨ ਕਵਿਤਾਵਾਂ ਅਤੇ ਕਹਾਣੀਆਂ ਸੁਣਵਾਈ ਦਾ ਦੌਰ ਵੀ ਚੱਲਿਆ, ਜਿਸ ਵਿਚ ਸਵਰਨ ਸਿੰਘ ਰਾਵਾਂ, ਸੁਖਜਿੰਦਰ ਸਿੰਘ ਰਾਵਾਂ, ਜਸਵਿੰਦਰ ਕੌਰ, ਹਰਪ੍ਰੀਤ ਸਿੰਘ ਸਾਹੀ, ਅਮਰਜੀਤ ਸਿੰਘ, ਪ੍ਰਭਜੋਤ ਸਿੰਘ ਰਾਵਾਂ, ਹਰਜੋਤ ਸਿੰਘ ਰਾਵਾਂ, ਮਲਕੀਤ ਸਿੰਘ ਡਾਲਾ, ਨਾਨਕ ਚੰਦ ਵਿਰਲੀ ਸਮੇਤ ਹੋਰ ਸਾਹਿਤਕਾਰਾਂ ਨੇ ਭਾਗ ਲਿਆ। ਪ੍ਰਿੰਸੀਪਲ ਗੁਰਭਜਨ ਸਿੰਘ ਲਾਸਾਨੀ ਨੇ ਆਪਣੀ ਪ੍ਰਸਿੱਧ ਨਜ਼ਮ 'ਦਾਇਰੇ' ਸੁਣਾ ਕੇ ਦਰਸ਼ਕਾਂ ਤੋਂ ਖੂਬ ਦਾਦ ਲਈ। ਸਮਾਗਮ ਦੇ ਅਖੀਰ 'ਚ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਹਾਜ਼ਰ ਸਾਰੇ ਸਾਹਿਤਕ ਸਾਥੀਆਂ ਅਤੇ ਮੈਂਬਰਾਂ ਦਾ ਧੰਨਵਾਦ ਕੀਤਾ।

**(ਰਿਪੋਟ-ਡਾ. ਕਰਮਜੀਤ ਸਿੰਘ ਨਡਾਲਾ)**



# “ਪੁਸਤਕ ਦਾਨ-ਮਹਾਂਦਾਨ”

## ਮੁਹਿੰਮ ਅਧੀਨ ਗ਼ਦਰੀ ਬਾਬੇ ਯਾਦਗਾਰੀ, ਅਮਰ ਪ੍ਰੀਤਮ ਲਾਇਬ੍ਰੇਰੀ, ਕਾਲਾ ਸੰਘਿਆਂ ਨੂੰ ਭੇਂਟ ਕੀਤੀਆਂ ਪੁਸਤਕਾਂ

ਦਫ਼ਤਰ ਜਿਲਾ ਭਾਸ਼ਾ ਅਫ਼ਸਰ, ਕਪੂਰਥਲਾ ਵੱਲੋਂ ਪੰਜਾਬੀ ਮਾਹ ਨਵੰਬਰ 2025 ਨੂੰ ਸਮਰਪਿਤ “ਪੁਸਤਕ ਦਾਨ-ਮਹਾਦਾਨ” ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਮਿਤੀ 13-11-2025 ਨੂੰ ਫਰਜ਼ ਸੇਵਾ ਸੋਸਾਇਟੀ ਦੇ ਕੰਪਲੈਕਸ ਵਿੱਚ ਚੱਲ ਰ ਹੀ ਗ਼ਦਰੀ ਬਾਬੇ ਯਾਦਗਾਰੀ ਅਮਰ ਪ੍ਰੀਤਮ ਲਾਇਬ੍ਰੇਰੀ, ਪਿੰਡ ਕਾਲਾ ਸੰਘਿਆਂ ਵਿਖੇ ਪੁਸਤਕਾਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਉਕਤ ਲਾਇਬ੍ਰੇਰੀ ਦੇ ਸੰਚਾਲਕ ਬਲਜੀਤ ਸਿੰਘ ਸੰਘਾ, ਡਾ. ਰਾਮ ਮੂਰਤੀ ਘਈ, ਸ. ਸੁਰਿੰਦਰ ਸਿੰਘ ਸੁੰਨੜ ਅਤੇ ਲਾਇਬਰੇਰੀ ਵਿਚ ਮੌਜੂਦ ਪਾਠਕ ਅਤੇ ਵਿਦਿਆਰਥੀ ਮੌਜੂਦ ਸਨ।

ਸ਼੍ਰੀਮਤੀ ਜਸਪ੍ਰੀਤ ਨੇ ਇਸ ਮੁਹਿੰਮ ਬਾਰੇ ਦੱਸਦਿਆਂ ਕਿਹਾ ਕਿ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵੱਲੋਂ ਇਸ ਮੁਹਿੰਮ ਤਹਿਤ ਵੱਖ-ਵੱਖ ਪ੍ਰਾਇਮਰੀ ਸਕੂਲਾਂ, ਪੇਂਡੂ ਲਾਇਬ੍ਰੇਰੀ ਅਤੇ ਹੋਰ ਵਿੱਦਿਅਕ ਅਦਾਰਿਆਂ ਨੂੰ ਇਸੇ ਮਹੀਨੇ ਦੇ ਆਖ਼ਰੀ ਹਫ਼ਤੇ ਨੂੰ ਪੁਸਤਕਾਂ ਭੇਂਟ ਕੀਤੀਆਂ ਜਾਣਗੀਆਂ।

(ਰਿਪੋਟ-ਬਲਜੀਤ ਸਿੰਘ ਸੰਘਾ)

# ਹਿੰਦੀ ਕਵਿਤਾ



ਵਿਨੋਦ ਵਿੱਠਲ



ਪ੍ਰੋ. ਨਵ ਸੰਗੀਤ ਸਿੰਘ

ਸੁੰਦਰ ਸੁਪਨੇ ਜਿੰਨਾ ਛੋਟਾ ਹੁੰਦਾ ਹੈ
ਘੱਟ ਰੁਕਦਾ ਹੈ ਕੈਲੰਡਰ ਜਿਸਦੇ ਬਨੇਰੇ ਤੇ
ਜਿਵੇਂ ਸਾਮਰਾਊ ਸਟੇਸ਼ਨ ਤੇ ਦਿੱਲੀ-ਜੈਸਲਮੇਰ ਇੰਟਰਸਿਟੀ।
ਫ਼ਰਵਰੀ ਤੋਂ ਸ਼ੁਰੂ ਹੋ ਜਾਂਦੀ ਸੀ ਰੰਗਬਾਜ਼ੀ
ਹੋਲੀ ਭਾਵੇਂ ਕਿੰਨੀ ਵੀ ਦੂਰ ਹੋਵੇ।
ਸੀਬੀਐੱਸਈ ਨੇ ਸਭ ਤੋਂ ਪਹਿਲਾਂ ਸਕੂਲ ਤੋਂ ਰੰਗਾਂ ਨੂੰ ਬੇਦਖ਼ਲ ਕੀਤਾ ਹੈ।
ਇਸੇ ਮਹੀਨੇ ਤੋਂ ਸ਼ੁਰੂ ਹੁੰਦੀ ਸੀ ਸ਼ੀਤਲਾ ਸਪਤਮੀ ਦੀ ਉਡੀਕ
ਕਾਗ਼ਾ ਵਿੱਚ ਭਰਨ ਵਾਲੇ ਮੇਲੇ ਅਤੇ ਆਉਣ ਵਾਲੇ ਮਹਿਮਾਨਾਂ ਦੀ
ਅਮੇਜ਼ੋਨ ਦੇ ਮੇਲਿਆਂ ਵਿੱਚ ਉਹ ਗੱਲਾਂ ਕਿੱਥੇ?
ਪਰ ਕਾਲਜ ਦੇ ਦਿਨਾਂ ਵਿੱਚ ਬਹੁਤ ਉਦਾਸ ਕਰਦੀ ਸੀ ਫ਼ਰਵਰੀ
ਦਿਨ-ਭਰ ਦੀ ਸਕਰੀਨ ਤੋਂ ਗ਼ਾਇਬ ਹੋ ਜਾਂਦੀਆਂ ਸਨ ਸੀਮਾ ਸੁਰਾਣਾ ਦੀਆਂ ਅੱਖਾਂ
ਪੂਰਾ ਕੈਂਪਸ ਪੀਲੇ ਪੱਤਿਆਂ ਨਾਲ ਭਰ ਜਾਂਦਾ ਸੀ।
ਘਾਟੂ ਦੇ ਉਦਾਸ ਪੱਥਰਾਂ ਨਾਲ ਬਣੀ ਲਾਇਬ੍ਰੇਰੀ
ਬਹੁਤ ਠੰਡੀ, ਬਹੁਤ ਉਦਾਸ ਅਤੇ ਬਹੁਤ ਡਰਾਉਣੀ ਲੱਗਦੀ
ਜਿਵੇਂ ਨੇੜੇ ਦੀ ਹਾਸੇ ਵਾਲੀ ਮਾਸੀ ਅਚਾਨਕ ਹੋ ਜਾਂਦੀ ਹੈ ਵਿਧਵਾ।
ਨੌਕਰੀ ਦੇ ਦਿਨਾਂ ਵਿੱਚ ਇਹ ਮਹੀਨਾ
ਮਾਰਚ ਦਾ ਪਾਏਦਾਰ ਹੁੰਦਾ ਹੈ : ਬਜਟ, ਪੈਸਾ ਅਤੇ ਖਰਚ-ਬਚਿਆ ਪੈਸਾ।
ਇੱਛਾ ਤਾਂ ਇਹ ਹੁੰਦੀ ਹੈ
ਹੈੱਡਫੋਨ ਤੇ ਕਵਿਤਾ ਸ਼ਰਮਾ ਦੀ ਆਵਾਜ਼ ਵਿੱਚ
ਬਾਬੂਸ਼ਾ ਕੋਹਲੀ ਦੀਆਂ ਪ੍ਰੇਮ ਕਵਿਤਾਵਾਂ ਸੁਣਦੇ-ਸੁਣਦੇ
ਟਾਵਰੀ ਦੇ ਫ਼ਾਰੈਸਟ ਗੈੱਸਟ ਹਾਊਸ ਵਾਲੀ ਰੋਡ ਤੇ ਨਿਕਲ ਜਾਵਾਂ
ਪਰ ਉਹ ਰੋਡ ਵੀ ਤਾਂ ਫ਼ਰਵਰੀ ਵਾਂਗ ਛੋਟੀ ਹੈ।
ਕਈ ਵਾਰੀ ਇਹ ਮੈਨੂੰ ਸੁਖ ਦਾ ਹਮਸ਼ਕਲ ਲੱਗਦਾ ਹੈ
ਵੇਖੋ, ਪਹਿਚਾਣੋ, ਗ਼ਾਇਬ।

***


ਮੂਲ : ਵਿਨੋਦ ਵਿੱਠਲ, ਜੋਧਪੁਰ (ਰਾਜਸਥਾਨ)
(8094005345)
ਅਨੁ : ਪ੍ਰੋ. ਨਵ ਸੰਗੀਤ ਸਿੰਘ, ਪਟਿਆਲਾ-147002
(9417692015)

# ਇਕੱਲੀ ਹੀ ਸਵਾ ਲੱਖ ਹਾਂ ਮੈਂ



**ਰਮਿੰਦਰ ਰੰਮੀ**

ਔਰਤ ਹਾਂ
ਕਮਜ਼ੋਰ ਨਹੀਂ ਹਾਂ
ਸ਼ਕਤੀ ਦਾ ਨਾਮ ਹੈ ਔਰਤ।

ਕਦੀ ਕਿਸੇ ਤੋਂ ਰਹਿਮ ਦੀ ਭੀਖ
ਨਹੀਂ ਹੈ ਮੰਗੀ ਮੈਂ।
ਗਿੜਗਿੜਾਉਣਾ ਵੀ ਨਹੀਂ ਆਉਂਦਾ ਮੈਨੂੰ,
ਕਦੀ ਕਿਸੇ ਅੱਗੇ।
ਕਦੀ ਕਿਸੇ ਨੂੰ ਪੌੜੀ ਬਣਾ
ਅੱਗੇ ਨਿਕਲਣ ਦੀ ਕੋਸ਼ਿਸ਼ ਨਹੀਂ ਕੀਤੀ ਮੈਂ।
ਕਿਸੇ ਅੱਗੇ ਹੱਥ ਅੱਡਣਾ ਤੇ
ਕਿਸੇ ਅੱਗੇ ਝੁਕਣਾ ਵੀ ਨਹੀਂ ਆਉਂਦਾ ਮੈਨੂੰ।

ਜੋ ਵੀ ਹਾਂ ਮੈਂ,
ਆਪਣੇ ਬਲਬੂਤੇ ਤੇ ਹਾਂ।
ਕੋਈ ਸਾਥ ਦਏ ਜਾਂ ਨਾਂ
ਮਿਹਨਤ, ਲਗਨ ਤੇ ਸਿਰੜ
ਨਾਲ ਕੰਮ ਕਰਨਾ ਜਾਣਦੀ ਹਾਂ ਮੈਂ।

ਇਕੱਲੀ ਜਾਂ ਕਮਜ਼ੋਰ ਨਾ ਸਮਝਣਾ
ਮੈਨੂੰ,
ਮੈਂ ਸ਼ੀਹਣੀ ਹਾਂ ਪੰਜ ਦਰਿਆਵਾਂ ਦੀ,
ਗੁਰੂ ਗੋਬਿੰਦ ਸਿੰਘ ਦੀ ਜਾਈ ਹਾਂ ਮੈਂ।
ਇਕੱਲੀ ਹੀ ਸਵਾ ਲੱਖ ਹਾਂ ਮੈਂ।

ਔਰਤ ਹਾਂ,
ਕਮਜ਼ੋਰ ਨਹੀਂ ਹਾਂ ਮੈਂ।
ਇਕੱਲੀ ਹੀ ਸਵਾ ਲੱਖ ਹਾਂ ਮੈਂ॥

# 'ਮਿੱਤਰ' ਮਨਜੀਤ ਦੀਆਂ ਦੋ ਕਵਿਤਾਵਾਂ



**'ਮਿੱਤਰ' ਮਨਜੀਤ**
98726-24833

## ਚੰਗਾ ਲੱਗਦਾ ਨਹੀਂ

ਆਪਣੇ ਰੰਡੀ ਰੋਣੇ ਰੋਣਾ, ਚੰਗਾ ਲੱਗਦਾ ਨਹੀਂ।
ਦਰਦ ਦਾ ਦੂਣ ਸਵਾਇਆ ਹੋਣਾ, ਚੰਗਾ ਲੱਗਦਾ ਨਹੀਂ।

ਮੇਰੇ ਨਾਲ ਇੱਕ ਵਾਰ ਬਹਿ ਕੇ ਸਾਰੀ ਗੱਲ ਨਬੇੜ ਲਈਂ
ਰੋਜ਼ ਰੋਜ਼ ਭਲਾ ਇਹ ਰੋਣਾ ਧੋਣਾਂ ਚੰਗਾ ਲੱਗਦਾ ਨਹੀਂ।

ਬਿਨ ਬੁਲਾਏ ਦੇਵਾਂ ਦਰ ਉਹਦੇ ਤੇ ਦੱਸ ਦਸਤਕ ਕਿੱਦਾਂ?
ਬੇਵਫ਼ਾ ਦੇ ਹੱਥੋਂ ਕੱਖੋਂ ਹੌਲ਼ਾ ਹੋਣਾ ਚੰਗਾ ਲੱਗਦਾ ਨਹੀਂ।

ਸ਼ੁਕਰ ਹੈ ਰੱਬ ਦਾ ਉਹਨੇ ਮੈਨੂੰ ਇੰਨੀ ਧੀਰਜ ਦਿੱਤੀ ਹੈ,
ਬੇਵਜ੍ਹਾ ਮੈਨੂੰ ਆਪਾ ਖੋਹਣਾ ਚੰਗਾ ਲੱਗਦਾ ਨਹੀਂ।

ਹੋ ਸਕੇ ਤਾਂ ਸੁਲਾਹ ਸਫ਼ਾਈ ਨਾ' ਝਗੜਾ ਦੇਈਏ ਮਿਟਾ
ਪਰ ਨਾ ਟਿੱਡ ਵਿੱਚ ਕਾਨ੍ਹਾ ਪਾਉਣਾ ਚੰਗਾ ਲੱਗਦਾ ਨਹੀਂ।

'ਮਿੱਤਰ' ਸਰਬਤ ਦਾ ਭਲਾ ਬੰਦਾ ਜੇ ਸੱਚੀ ਮੰਗਦਾ,
ਫਿਰ ਕਿਉਂ ਬੰਦਾ ਬੰਦੇ ਅੱਗੇ ਬੌਨਾ? ਚੰਗਾ ਲੱਗਦ ਨਹੀਂ।

## ਬੰਦ ਮੁੱਠੀ ਵਿੱਚ

ਬੰਦ ਮੁੱਠੀ ਵਿੱਚ ਰਾਹ ਮੁਹੱਬਤ।
ਫ਼ਕਰਾਂ ਦੇ ਸਿਰ ਤਾਜ ਮੁਹੱਬਤ।

ਦਿਲ ਤਲ਼ੀ 'ਤੇ ਧਰਕੇ ਤੁਰਦੀ
ਤੇ ਚੂੰਝਾਂ ਮਾਰੇ ਬਾਜ, ਮੁਹੱਬਤ।

ਲੀਹ ਤੋਂ ਸਰਗਮ ਲਹਿ ਜਾਂਦੀ
ਟੁੱਟਿਆਂ ਹੋਵਾ ਜੇ ਸਾਜ਼ ਮੁਹੱਬਤ।

ਹਾਰ ਕੇ ਵੀ ਇਹ ਜਿੱਤ ਜਾਂਦੀ ਹੈ
ਉਲਟ ਰਸਮੋ-ਰਿਵਾਜ, ਮੁਹੱਬਤ।

ਬਿਨ ਪਰਾਂ ਦੇ ਵੀ ਉੱਡ ਲੈਂਦੀ ਹੈ
ਕਦ ਪਰਾਂ ਦੀ ਮੁਹਤਾਜ਼, ਮੁਹੱਬਤ।

ਨੀਤ ਵਿਚ ਇੱਕ ਕਣੀ ਹਵਸ ਦੀ,
ਕਿੰਝ ਸਭ ਦੇ ਖੋਲ੍ਹੇ ਪਾਜ, ਮੁਹੱਬਤ।

ਜਿੰਦ ਆਪੇ ਫਸ ਕੜਿੱਕੀ ਜਾਂਦੀ
ਪਰ ਕਦੇ ਨਾ ਮਾਰੇ 'ਵਾਜ਼, ਮੁਹੱਬਤ।

ਕਿੰਝ 'ਮਿੱਤਰ' ਤੂੰ ਬਚ ਪਾਏਂਗਾ,
ਬਣ ਕੇ ਡਿੱਗਦੀ ਗਾਜ਼, ਮੁਹੱਬਤ।

# ਕਾਤਲ ਬਣਦੀ ਜਾ ਰਹੀ ਚਾਈਨਾ ਡੋਰ



**ਸੰਜੀਵ ਸਿੰਘ ਸੈਣੀ**

ਪੁਰਾਣੇ ਸਮੇਂ ਵਿਚ ਰਾਜੇ ਮਹਾਰਾਜੇ ਵੀ ਪਤੰਗਬਾਜ਼ੀ ਦਾ ਬਹੁਤ ਸ਼ੌਕ ਰੱਖਦੇ ਸਨ ਤੇ ਸੂਤ ਦੇ ਧਾਗਿਆਂ ਨਾਲ ਪਤੰਗਾਂ ਉਡਾਈਆਂ ਜਾਂਦੀਆਂ ਸਨ। ਲੋਕ ਕੱਚ, ਸਿੰਥੈਟਿਕ ਡੋਰਾਂ ਨਾਲ ਪਤੰਗ ਉਡਾਉਣੀ ਸ਼ੁਰੂ ਕਰ ਦਿੰਦੇ ਹਨ ਅਤੇ ਆਨੰਦ ਮਾਣਦੇ ਹਨ। ਘਰ ਦੀਆਂ ਛੱਤਾਂ ਤੇ ਲੋਕ ਡੀਜੇ ਲਗਾਉਂਦੇ ਹਨ ਤੇ ਭੰਗੜੇ ਪਾਉਂਦੇ ਹਨ। ਪਰ ਅੱਜ ਕੱਲ੍ਹ ਤਾਂ ਚਾਈਨਾ ਡੋਰ ਨਾਲ ਲੋਕ ਪਤੰਗ ਉਡਾਉਂਦੇ ਹਨ, ਜੋ ਬਹੁਤ ਹੀ ਜਿਆਦਾ ਨੁਕਸਾਨਦਾਇਕ ਹੈ। ਹਾਲ ਹੀ ਵਿੱਚ ਸਮਰਾਲਾ ਵਿਖੇ ਸਕੂਲ ਤੋਂ ਵਾਪਸ ਆ ਰਹੇ ਬੱਚੇ ਦੀ ਮੋਟਰਸਾਈਕਲ ਤੇ ਗਰਦਨ ਵੱਢੀ ਗਈ ਤੇ ਉਸਦੀ ਮੌਤ ਹੋ ਗਈ। ਬੱਚਾ ਮਾਪਿਆਂ ਦਾ ਇਕਲੌਤਾ ਪੁੱਤ ਸੀ। ਹੁਸ਼ਿਆਰਪੁਰ ਵਿਖੇ ਵੀ ਰਾਹ ਜਾਂਦੇ ਨੌਜਵਾਨ ਦੀ ਗਰਦਨ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਏ ਤੇ 25 ਟਾਂਕੇ ਲੱਗੇ। ਹਰ ਰੋਜ਼ ਸੂਬੇ ਵਿੱਚ ਕਿਸੇ ਨਾ ਕਿਸੇ ਥਾਂ ਤੇ ਚਾਈਨਾ ਡੋਰ ਕਾਰਨ ਅਜਿਹੀ ਅਣਹੋਣੀ ਘਟਨਾਵਾਂ ਆਮ ਸੁਣਨ ਨੂੰ ਮਿਲ ਰਹੀਆਂ ਹਨ। ਦਹਾਕਿਆਂ ਤੋਂ ਪੰਜਾਬ ਤੇ ਗੁਆਂਢੀ ਸੂਬਿਆਂ ਵਿੱਚ ਪਾਬੰਦੀ ਦੇ ਬਾਵਜੂਦ ਧੜੱਲੇ ਨਾਲ ਚਾਈਨਾ ਡੋਰ ਵਿਕ ਰਹੀ ਹੈ। ਰਾਹਗੀਰਾਂ ਦੇ ਜ਼ਖਮੀ ਹੋਣ ਦਾ ਸਿਲਸਿਲਾ ਲਗਾਤਾਰ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ। ਕੁੱਝ ਕੁ ਦਿਨ ਪਹਿਲਾਂ ਕੁਰਾਲੀ ਵਿਖੇ ਸਬਜ਼ੀ ਲੈ ਕੇ ਮੋਟਰਸਾਈਕਲ ਤੇ ਜਾ ਰਿਹਾ ਨੌਜਵਾਨ ਚਾਈਨਾ ਡੋਰ ਦੀ ਲਪੇਟ ਵਿੱਚ ਆ ਗਿਆ। ਉਸ ਦੀ ਥਾਂ ਤੇ ਹੀ ਮੌਤ ਹੋ ਗਈ। ਜਲੰਧਰ ਦੇ ਇੱਕ ਨੌਜਵਾਨ ਦੀ ਪੀਜੀਆਈ ਵਿੱਚ ਮੌਤ ਹੋਈ ਸੀ। ਅਜਨਾਲਾ ਦੇ 20 ਸਾਲਾਂ ਨੌਜਵਾਨ ਦੀ ਗਰਦਨ ਚਾਈਨਾ ਡੋਰ ਨਾਲ ਬੁਰੀ ਤਰ੍ਹਾਂ ਕੱਟੀ ਗਈ। ਜ਼ਖ਼ਮੀ ਹਾਲਤ ਵਿੱਚ ਉਹ ਮੋਟਰਸਾਈਕਲ ਤੋਂ ਸੜਕ ਤੇ ਡਿੱਗ ਗਿਆ। ਹਸਪਤਾਲ ਵਿੱਚ ਹੀ ਉਸਦੀ ਮੌਤ ਹੋ ਗਈ। ਪਿਛਲੇ ਸਾਲ ਸਮਰਾਲਾ ਦੇ ਚਾਰ ਸਾਲਾ ਬੱਚੇ ਦਾ ਚਿਹਰਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਚੀਰਿਆ ਗਿਆ। ਜਿਸ ਕਾਰਨ ਉਸ ਦੇ 70 ਟਾਂਕੇ ਮੂੰਹ ਤੇ ਲੱਗੇ। ਦੂਜੀ ਖਬਰ ਜਗਰਾਉਂ ਵਿਖੇ ਕਿਸੇ ਪਿੰਡ ਦੀ ਹੈ, ਜਿਥੇ ਇਕ ਵਿਅਕਤੀ ਦਾ ਮੂੰਹ ਚਾਈਨਾ ਡੋਰ ਦੀ ਲਪੇਟ ਵਿੱਚ ਆ ਕੇ ਛਿਲਿਆ ਗਿਆ, ਜਿਸ ਕਾਰਨ 45 ਟਾਂਕੇ ਮੂੰਹ ਤੇ ਲੱਗੇ ਤੇ 11 ਟਾਂਕੇ ਹੱਥ ਤੇ ਲੱਗੇ। ਬਠਿੰਡਾ ਵਿਖੇ ਇਕ ਬੱਚੇ ਦਾ ਕੰਨ ਚਾਇਨਾ ਡੋਰ ਕਰਕੇ ਕੱਟਿਆ ਗਿਆ। ਐਕਟਿਵਾ ਸਵਾਰ ਮਹਿਲਾ ਚਾਈਨਾ ਡੋਰ ਦੀ ਲਪੇਟ ਵਿੱਚ ਆ ਜਾਣ ਕਾਰਨ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਇਹ ਸਿੰਥੈਟਿਕ ਧਾਗਾ, ਮਨੁੱਖ ਤੇ ਪੰਛੀਆਂ ਲਈ ਵਧੇਰੇ ਘਾਤਕ ਹੈ। ਕਈ ਦੱਸਦੇ ਹਨ ਕਿ ਇਹ ਧਾਗਾ ਚੀਨ 'ਚ ਨਹੀਂ ,ਭਾਰਤ ਵਿੱਚ ਹੀ ਵੱਡੀ ਮਾਤਰਾ ਵਿੱਚ ਵਿਕਦਾ ਹੈ। ਇਹ ਪਲਾਸਟਿਕ ਤੇ ਹੋਰ ਕੈਮੀਕਲ ਪਦਾਰਥਾਂ ਤੋਂ ਤਿਆਰ ਕੀਤੀ ਜਾਂਦੀ ਹੈ। ਨਾਈਲੋਨ ਦੀ ਵੀ ਇਸ ਵਿੱਚ ਵਰਤੋਂ ਕੀਤੀ ਜਾਂਦੀ ਹੈ। ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ, ਸੁਣਦੇ ਹਾਂ ਕਿ ਚਾਈਨਾ ਡੋਰ ਨਾਲ ਕਿੰਨੇ ਪੰਛੀਆਂ ਦੀ ਮੌਤ ਹੋ ਗਈ। ਕਈ ਮਨੁੱਖ ਵੀ ਇਸ ਦਾ ਸ਼ਿਕਾਰ ਹੋਏ, ਕਈਆਂ ਨੂੰ ਆਪਣੀ ਜਾਨ ਤੱਕ ਗੁਆਉਣੀ ਪਈ। ਹੁਣ ਤਾਂ ਲੋਕ ਆਨਲਾਈਨ ਵੀ ਚਾਈਨਾ ਡੋਰ ਨੂੰ ਮੰਗਵਾ ਲੈਂਦੇ ਹਨ। ਜੋ ਚਾਈਨਾ ਡੋਰ ਹੁੰਦੀ ਹੈ ਇਹ ਸਿੰਥੈਟਿਕ, ਨਾਈਲੋਨ ਧਾਗੇ ਦੀ ਬਣੀ ਹੁੰਦੀ ਹੈ। ਪਿਛਲੇ ਸਾਲ ਖੰਨਾ ਸ਼ਹਿਰ ਵਿਚ ਅਜਿਹੀ ਵਾਰਦਾਤ ਹੋਈ ਕਿ ਬੱਚੇ ਦੀ ਗਰਦਨ ਵਢੀ ਗਈ। ਹਾਲਾਂਕਿ ਉਸ ਦੀ ਜਾਨ ਬਚ ਗਈ, ਫਿਰ ਵੀ ਉਸਦੀ ਗਰਦਨ ਤੇ 40 ਦੇ ਕਰੀਬ ਟਾਂਕੇ ਲੱਗੇ। ਪੰਛੀਆਂ ਲਈ ਵੀ ਇਹ ਮੌਤ ਦਾ ਕਾਰਨ ਬਣਨ ਲੱਗ ਪਈ ਹੈ। ਲੋਕ ਇਸ ਨੂੰ ਅਜਿਹੀ ਜਗ੍ਹਾ ਸੁੱਟ ਦਿੰਦੇ ਹਨ ਤੇ ਕਈ ਵਾਰ ਪੰਛੀ ਚੋਗਾ ਚੁਗਦੇ ਹੋਏ ਇਸ ਵਿੱਚ ਫਸ ਜਾਂਦੇ ਹਨ ਤੇ ਉਨ੍ਹਾਂ ਦੇ ਪੈਰਾਂ ਤੇ ਗਰਦਨ ਵਿੱਚ ਡੋਰ ਫਸਣ ਕਾਰਨ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਕਈ ਵਾਰ ਅਸੀਂ ਜ਼ਖਮੀ ਹੋਏ ਪੰਛੀ ਵੀ ਦੇਖਦੇ ਹਨ। ਅਕਸਰ ਜਦੋਂ ਸ਼ਾਮ ਦਾ ਵੇਲਾ ਹੁੰਦਾ ਹੈ ਤਾਂ ਪੰਛੀ ਆਪਣੇ ਘਰਾਂ ਨੂੰ ਪਰਤ ਰਹੇ ਹੁੰਦੇ ਹਨ ਤਾਂ ਜਦੋਂ ਪਤੰਗ ਉਡ ਰਹੀ ਹੁੰਦੀ ਹੈ ਤਾਂ ਉਹ ਪੰਛੀ ਡੋਰ ਦੀ ਲਪੇਟ ਵਿੱਚ ਆ ਜਾਂਦੇ ਹਨ। ਜਿਸ ਕਾਰਨ ਉਹ ਝੁਲਸ ਜਾਂਦੇ ਹਨ। ਇਹ ਜੋ ਨਾਈਲੋਨ ਦਾ ਧਾਗਾ ਹੁੰਦਾ ਹੈ ਇਹ ਆਸਾਨੀ ਨਾਲ ਟੁੱਟਦਾ ਵੀ ਨਹੀਂ ਹੈ। ਅਕਸਰ ਜਦੋਂ ਪਤੰਗ ਚੜਾਏ ਜਾਂਦੇ ਹਨ ਤਾਂ ਇੱਕ

ਦੂਜੇ ਨਾਲ ਮੁਕਾਬਲਾ ਹੁੰਦਾ ਹੈ। ਇੱਕ ਦੂਜੇ ਨੂੰ ਇਹ ਹੁੰਦਾ ਹੈ ਕਿ ਮੈਂ ਦੂਜੇ ਦੀ ਪਤੰਗ ਕੱਟਾਂ। ਕੱਚ ਵਰਗੀ ਇਹ ਡੋਰ ਹੁੰਦੀ ਹੈ।

ਪ੍ਰਸ਼ਾਸ਼ਨ ਨੂੰ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ। ਅਜਿਹੇ ਦੁਕਾਨਦਾਰ ਜੋ ਡੋਰ ਵੇਚਦੇ ਹਨ, ਉਨਾਂ ਤੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੇ ਸਾਲ 2016 ਵਿੱਚ ਚਾਈਨਾ ਡੋਰ ਦੇ ਉਤਪਾਦਨ , ਵਿਕਰੀ ਤੇ ਮੁਕੰਮਲ ਪਾਬੰਦੀ ਲਗਾਈ ਸੀ। ਐਨਜੀਟੀ ਮੁਤਾਬਕ ਜੇ ਕੋਈ ਕਾਨੂੰਨ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਪੰਜ ਸਾਲ ਦੀ ਸਜ਼ਾ ਤੇ ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਹੋ ਸਕਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਰਾਹੀਂ ਵੀ ਜੇ ਕੋਈ ਚਾਈਨਾ ਡੋਰ ਦੀ ਵਿਕਰੀ ਕਰਦਾ ਹੈ ਤਾਂ ਉਸ ਖਿਲਾਫ ਵੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਹਾਲਾਂਕਿ ਸੂਬੇ ਦੇ ਮੁੱਖ ਮੰਤਰੀ ਵੱਲੋਂ ਸਾਰੇ ਹੀ ਜਿਲ੍ਹਿਆਂ ਦੇ ਉੱਚ ਅਧਿਕਾਰੀ, ਡਿਪਟੀ ਕਮਿਸ਼ਨਰਾਂ ਨੂੰ ਸਖ਼ਤ ਆਦੇਸ਼ ਦਿੱਤੇ ਹਨ ਕਿ ਜੋ ਹੁਕਮਾਂ ਦੇ ਖ਼ਿਲਾਫ਼ ਚਲਦੇ ਹਨ, ਉਹਨਾਂ ਖ਼ਿਲਾਫ਼ ਕਾਰਵਾਈ ਕਰੋ। ਸਮਾਜਿਕ ਜਥੇਬੰਦੀਆਂ ਵਲੋਂ ਕਾਲੀਆਂ ਪੱਟੀਆਂ ਬੰਨ੍ਹ ਕੇ ਡੋਰ ਵੇਚਣ ਵਾਲਿਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਜਾਂਦਾ ਹੈ। ਅਜਿਹੇ ਦੁਕਾਨਦਾਰਾਂ ਨੂੰ ਬਿਲਕੁਲ ਵੀ ਅਸਰ ਨਹੀਂ ਹੁੰਦਾ। ਜ਼ਿਲ੍ਹਾ ਪੱਧਰ ਤੇ ਜਾਂ ਸਕੂਲਾਂ ਵਿੱਚ ਪ੍ਰਿੰਸੀਪਲਾਂ ਵੱਲੋਂ ਸੈਮੀਨਾਰ ਲਗਾ ਕੇ ਬੱਚਿਆਂ ਨੂੰ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨੁਮਾਇੰਦਿਆਂ ਵੱਲੋਂ ਵੀ ਲੋਕ ਸਭਾ ਵਿੱਚ ਇਹ ਮੁੱਦਾ ਬੜੇ ਹੀ ਜ਼ੋਰ ਸ਼ੋਰ ਨਾਲ ਚੁੱਕਣਾ ਚਾਹੀਦਾ ਹੈ।ਚਾਈਨਾ ਡੋਰ ਪਲਾਸਟਿਕ ਦੀ ਬਣੀ ਹੋਣ ਕਾਰਨ ਟੁੱਟਦੀ ਵੀ ਨਹੀਂ ਹੈਂ ਤੇ ਜਿੱਥੇ ਵੀ ਸਰੀਰ ਨਾਲ ਛੂੰਹਦੀ ਹੈ, ਕੱਟ ਦਿੰਦੀ ਹੈ।ਨਾਲ ਲਗਦੇ ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਦੇ ਲਾਹੌਰ ਵਿੱਚ ਪੂਰਨ ਤੌਰ ਤੇ ਪਤੰਗ ਉਡਾਉਣ ਤੇ ਪਾਬੰਦੀ ਹੈ। ਹਾਲਾਂਕਿ ਚਾਹੇ ਪੰਜਾਬ ਵਿੱਚ ਚਾਈਨਾ ਡੋਰ ਤਿਆਰ ਨਹੀਂ ਕੀਤੀ ਜਾਂਦੀ, ਪਰ ਪਿੰਡਾਂ ਵਿੱਚ ਦੁਕਾਨਾਂ ਤੇ ਆਮ ਵਿਕਦੀ ਦੇਖੀ ਜਾ ਸਕਦੀ ਹੈ। ਬਸੰਤ ਪੰਚਮੀ ਦਾ ਤਿਉਹਾਰ ਖੁਸ਼ੀ ਨਾਲ ਮਨਾਉਣਾ ਚਾਹੀਦਾ ਹੈ। ਪਤੰਗ ਜ਼ਰੂਰ ਉਡਾਓ, ਪਰ ਖ਼ਤਰਨਾਕ ਡੋਰ ਦਾ ਪ੍ਰਯੋਗ ਬਿਲਕੁਲ ਵੀ ਨਾ ਕਰੋ। ਆਓ ਅਸੀਂ ਰਲ-ਮਿਲ ਕੇ ਇਸ ਸਮੱਸਿਆ ਦੇ ਹੱਲ ਲਈ ਯਤਨ ਕਰੀਏ।

## ਸੱਜਣਾ ਵੇ




**ਡਾ. ਆਤਮਾ ਸਿੰਘ ਗਿੱਲ**

9878883680


ਤੇਰੀ ਮੇਰੀ ਪ੍ਰੀਤ ਕਹਾਣੀ ਸੱਜਣਾ ਵੇ।
ਹੁੰਦੇ ਜਿੱਦਾਂ ਅੱਗ ਤੇ ਪਾਣੀ ਸੱਜਣਾ ਵੇ।
ਗੈਰਾਂ ਤੇ ਕੀ ਦੋਸ਼ ਕਿਸੇ ਤੇ ਸ਼ਿਕਵਾ ਕੀ,
ਦੁਸ਼ਮਣ ਤਾਂ ਹੈ ਆਪਣੀ ਢਾਣੀ ਸੱਜਣਾ ਵੇ।
ਪੱਥਰਾਂ ਵਰਗੇ ਸ਼ਹਿਰੀਂ ਅੱਜ ਵੀ ਚੱਲਦੀ ਏ,
ਮਜਨੂੰ ਵਾਲੀ ਰੀਤ ਪੁਰਾਣੀ ਸੱਜਣਾ ਵੇ।
ਕਿਹੜੇ ਕਿਹੜੇ ਮਸਲੇ ਤੂੰ ਸੁਲਝਾਵੇਂਗਾ,
ਹਰ ਪਾਸੇ ਹੈ ਉਲਝੀ ਤਾਣੀ ਸੱਜਣਾ ਵੇ।
ਦੌਲਤ ਸ਼ੁਹਰਤ ਨਾਲ ਕਿਸੇ ਦੇ ਜਾਣੀ ਨਾ,
ਭਾਵੇਂ ਹੋਵੇ ਰਾਜਾ ਰਾਣੀ ਸੱਜਣਾ ਵੇ।
'ਆਤਮ' ਸਾਡੀ ਭਟਕਣ ਕਦੇ ਵੀ ਮੁਕਣੀ ਨਾ,
ਬੇਸ਼ੱਕ ਰਾਹ ਦੀ ਖਾਕ ਵੀ ਛਾਣੀ ਸੱਜਣਾ ਵੇ।


# ਭਾਰਤੀਆਂ ਦੀ ਕਨੇਡਾ ਵਿੱਚ ਆਮਦ

## (ਭਾਗ-2)

ਸੁਰਿੰਦਰ ਸੰਘਾ

**ਇਹ ਕਿਤਾਬ ਉਨ੍ਹਾਂ ਮਹਾਨ ਯੋਧਿਆਂ ਨੂੰ ਸਮਰਪਿਤ ਹੈ, ਜਿਨ੍ਹਾਂ, ਕਨੇਡਾ ਵਿੱਚ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਦੇ ਹੋਏ ਬਰਾਬਰਤਾ ਵਾਲੇ ਹੱਕ ਪ੍ਰਾਪਤ ਕਰਨ ਲਈ ਜੱਦੋ-ਜਹਿਦਾਂ ਕੀਤੀਆਂ ਅਤੇ ਗ਼ਦਰ ਪਾਰਟੀ ਵਿੱਚ ਸ਼ਾਮਿਲ ਹੋ ਕੇ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਪਾਇਆ ਅਤੇ ਅਥਾਹ ਕੁਰਬਾਨੀਆਂ ਦਿੱਤੀਆਂ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਪੁਸਤਕ ਲੜੀਵਾਰ ਛਾਪੀ ਜਾ ਰਹੀ ਹੈ।**

ਪਹਿਲੇ ਸਮਿਆਂ ਤੋਂ ਹੀ ਲੋਕਾਂ ਆਪਣੇ ਦੇਸ਼ ਜਾਂ ਹੋਰ ਇਲਾਕਿਆਂ ਦੇ ਅੰਦਰ ਅਤੇ ਬਾਹਰ ਆਵਾਜਾਈ ਹੁੰਦੀ ਰਹੀ ਹੈ। ਪਰ ਸਰਮਾਏਦਾਰੀ ਦੇ ਆਰੰਭ ਨਾਲ ਅਤੇ ਸਾਮਰਾਜੀਆਂ ਵੱਲੋਂ ਮਜ਼ਦੂਰਾਂ ਤੇ ਗ਼ੁਲਾਮਾਂ ਦੀ ਢੋਅ-ਢੁਆਈ ਨੂੰ ਬਾਕਾਇਦ ਯੋਜਨਾ-ਬੱਧ ਢੰਗ ਨਾਲ ਸ਼ੁਰੂ ਕੀਤਾ ਗਿਆ। ਬਰਤਾਨੀਆਂ ਨੇ ਜਦੋਂ ਬਹੁਤ ਸਾਰਿਆਂ ਦੇਸ਼ਾਂ ਨੂੰ ਗ਼ੁਲਾਮ ਬਣਾ ਲਿਆ, ਤਾਂ ਖੇਤੀਬਾੜੀ ਅਤੇ ਆਪਣੇ ਉਦਯੋਗਿ ਅਦਾਰਿਆਂ ਲਈ ਸਸਤੇ ਮਜ਼ਦੂਰਾਂ ਦੀ ਲੋੜ ਨੂੰ ਪੂਰਾ ਕਰਨ ਲਈ 'ਗ਼ੁਲਾਮ ਪ੍ਰਥਾ ਸ਼ੁਰੂ ਕੀਤੀ ਗਈ ਸੀ। ਇਸ ਪ੍ਰਥਾ ਦੇ ਵਿਰੁੱਧ ਆਪਣੇ ਹੀ ਦੇਸ਼ ਬਰਤਾਨੀਆਂ ਵਿੱਚ ਚਲੀ ਜੱਦੋ-ਜਹਿਦ ਕਾਰਨ ਇਸ 'ਗ਼ੁਲਾਮ ਵਪਾਰ' ਨੂੰ ਖਤਮ ਕਰਨਾ ਪਿਆ ਸੀ ਆਪਣੀ ਹੀ ਪਾਰਲੀਮੈਂਟ ਵਿੱਚ 1833, "ਸਲੇਵਰੀ ਐਵੋਲੂਸ਼ਨ ਐਕਟ" ਪਾ ਕੀਤਾ, ਜੋ ਕਿ 1834 ਵਿੱਚ ਲਾਗੂ ਹੋਇਆ ਸੀ। ਇਸ ਕਾਨੂੰਨ ਨੇ 'ਕੈਰੀਬੀਅਰ ਬਸਤੀਆਂ' ਵਿੱਚੋਂ ਗ਼ੁਲਾਮ ਲੋਕਾਂ ਨੂੰ ਇਸ ਪ੍ਰਥਾ ਤੋਂ ਤੁਰੰਤ ਆਜ਼ਾਦ ਕਰ ਦਿੱਤਾ ਪ੍ਰੰਤੂ ਹੋਰਨਾਂ ਬਸਤੀਆਂ ਦੇ ਲੋਕਾਂ ਨੂੰ ਕੁੱਝ ਦੇਰ ਹੋਰ ਉਡੀਕਣਾ ਪਿਆ ਸੀ ਬਸਤੀਆਂ ਵਿੱਚ ਖੇਤੀਬਾੜੀ ਅਤੇ ਉਦਯੋਗਾਂ ਲਈ ਸਸਤੇ ਮਜ਼ਦੂਰਾਂ ਦੀ ਮੰਗ - ਪੂਰਾ ਕਰਨ ਲਈ ਅੰਗਰੇਜ਼ਾਂ ਨੇ ਗਰੀਬੀ ਦੇ ਮਾਰੇ ਭਾਰਤੀਆਂ ਨੂੰ ਨਵੇਂ ਸਿਸਟਮ ਜਿਸ ਨੂੰ 'ਬੰਧੂਆ' ਲੇਬਰ ਕਿਹਾ ਜਾਂਦਾ ਹੈ, ਨਾਲ ਆਪਣੀਆਂ ਬਸਤੀਆਂ ਵਿੱ ਲਿਜਾਣਾ ਸ਼ੁਰੂ ਕੀਤਾ ਸੀ । ਬਹੁਤ ਸਾਰੇ ਭਾਰਤੀ ਉਨ੍ਹੀਵੀਂ ਸਦੀ ਸਮੇਂ ਭਾਰਤ ਵਿੱ ਫੈਲੀ ਗਰੀਬੀ ਅਤੇ ਕਾਲਾਂ ਤੋਂ ਬਚਣ ਲਈ 'ਬੰਧੂਆ' ਮਜ਼ਦੂਰ ਬਣਨ ਲਈ ਸਹਿਮ ਹੋ ਗਏ ਸਨ ਕਿਉਂਕਿ ਅੱਤ ਦੀ ਗਰੀਬੀ ਨੇ ਉਨ੍ਹਾਂ ਦਾ ਬੁਰਾ ਹਾਲ ਕੀਤਾ ਹੋਇਆ ਸੀ। ਇਸ ਸਿਸਟਮ ਦੇ ਅਨੁਸਾਰ ਮਜ਼ਦੂਰ ਨੂੰ ਆਪਣੇ ਤੇ ਖ਼ਰਚ ਹੋਏ ਕਰਜ਼ੇ ਭੁਗਤਾਨ ਲਈ ਬ਼ਗੈਰ-ਤਨਖ਼ਾਹ ਕੰਮ ਕਰਨਾ ਪੈਂਦਾ ਸੀ, ਇਹ ਸਾਰਾ ਵੇਰ-ਕੰਟਰੈਕਟ ਵਿੱਚ ਲਿਖਿਆ ਹੁੰਦਾ ਸੀ, ਜੋ ਕੇ ਮੋਟੇ ਤੌਰ 'ਤੇ ਪੰਜ ਤੋਂ ਦਸ ਸਾਲ -ਹੁੰਦਾ ਸੀ। ਇਹ ਲੋਕ ਮੁੱਖ ਤੌਰ 'ਤੇ ਉੱਤਰ ਪ੍ਰਦੇਸ਼, ਬਿਹਾਰ, ਤਾਮਿਲਨਾਡੂ ਅ ਪੰਜਾਬ ਤੋਂ ਸਨ। ਇਹ ਸਿਲਸਿਲਾ ਉਨੀਵੀਂ



ਸਦੀ ਦੇ ਸ਼ੁਰੂ ਤੋਂ ਤਿੰਨ ਢੰਗਾਂ ਨਾ ਚਾਲੂ ਹੋਇਆ ਸੀ। "ਸਭ ਤੋਂ ਪਹਿਲਾਂ ਜੋ ਲੋਕ ਭਾਰਤ ਤੋ ਬਾਹਰ ਗਏ ਉਹ" ਬੰਧੂਅ ਮਜ਼ਦੂਰ ਸਨ।ਉਨ੍ਹਾਂ ਦਾ ਪਰਵਾਸ ਇਸ ਤਰ੍ਹਾਂ ਹੋਇਆ :

1838 ਗਿਆਨਾ, 1845 ਟਰਿਨੀਡੈਡ, 1853 ਮਰੀਸ਼ੀਅਸ, 1860 ਦੱਖਣੀ ਅਫ਼ਰੀਕਾ, 1860 ਸੁਰੀਨਾਮ, 1879 ਦੀ ਲੋੜ ਸੀ।" ਦੂਜਾ ਤਰੀਕਾ ਸੀ "ਕੰਗਾਨੀ ਸਿਸਟਮ। ਕੰਗਾਨੀ ਤਾਮਿਲ ਦਾ ਸ਼ਬਦ ਹੈ- ਇਹ ਸਿਸਟਮ ਥੋੜ੍ਹਾ ਬੰਧੂਆ ਮਜ਼ਦੂਰੀ ਸਿਸਟਮ ਤੋਂ ਵੱਖਰਾ ਸੀ। ਇਹ ਇਸ ਸਮੇਂ ਦੌਰਾਨ ਬਰਤਾਨੀਆਂ ਨੇ ਬਸਤੀਆਂ ਵਿੱਚ ਵਪਾਰਕ ਉਦਯੋਗ ਸਥਾਪਿਤ ਕਰ ਲਏ ਸਨ, ਜਿਨਾਂ ਲਈ ਸਸਤੀ ਲੇਬਰ ਹ ਮਜ਼ਦੂਰ ਸਿਰਫ਼ ਬਰਮਾ ਮਲੇਸ਼ੀਆ ਅਤੇ ਲੰਕਾ ਤੱਕ ਹੀ ਸੀਮਤ ਸਨ।"2 ਇਸ ਸਿਸਟਮ ਵਿੱਚ ਲੋਕਾਂ ਦੀ ਭਰਤੀ ਅਤੇ ਮੈਨੇਜਮੈਂਟ ਕਰਨ ਵਾਲਿਆਂ ਨੂੰ 'ਕੰਗਾਨੀ' ਕਿਹਾ ਜਾਂਦਾ ਸੀ (ਇਨ੍ਹਾਂ ਦਾ ਰੋਲ ਫੋਰਮੈਨ ਵਾਲਾ ਸੀ)

ਤੀਜਾ ਤਰੀਕਾ, ਇਹ ਗੈਰ ਬੰਧੂਆ ਇਮੀਗਰੇਸ਼ਨ ਸੀ, ਇਹ ਲੋਕ ਭਾਰਤ ਤੋਂ 1896 ਦੇ ਦੌਰਾਨ ਪੂਰਬੀ ਅਤੇ ਦੱਖਣੀ ਅਫ਼ਰੀਕਾ ਵਿੱਚ ਜਾਣੇ ਸ਼ੁਰੂ ਹੋਏ।

ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਭਾਰਤੀ ਲੋਕਾਂ ਨੂੰ ਬਸਤੀਵਾਦੀਆਂ ਨੇ ਹੋਰ ਬਸਤੀਆਂ ਵਾਂਗ ਇਹਨਾਂ ਦੇਸ਼ਾਂ ਵਿੱਚ ਵੀ ਬੰਧੂਆ ਮਜ਼ਦੂਰਾਂ ਦੇ ਤੌਰ ਤੇ ਲਿਆਂਦਾ। ਇਸ ਸਦੀ ਦੇ ਅਖ਼ੀਰਲੇ ਦਹਾਕਿਆਂ ਦੌਰਾਨ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਸਰਕਾਰਾਂ ਨੇ ਆਪਣੇ ਦੇਸ਼ਾਂ ਨੂੰ 'ਚਿੱਟਿਆਂ' ਦਾ ਦੇਸ਼ ਰੱਖਣ ਦੀ ਨੀਤੀ ਅਧੀਨ ਗ਼ੈਰ- ਯੂਰਪੀ ਅਤੇ ਮੁਖ ਤੌਰ 'ਤੇ ਏਸ਼ੀਆ ਸਮੇਤ ਭਾਰਤ ਤੋਂ ਲੋਕਾਂ ਦੀ ਆਮਦ ਰੋਕਣ ਲਈ "1901 ਵਿੱਚ ਇਮੀਗਰੇਸ਼ਨ ਰਿਸਟਰਿਕਸ਼ਨ ਐਕਟ 1901" ਬਣਾਇਆ। ਇਸ ਐਕਟ ਨੂੰ "ਵਾਈਟ ਆਸਟਰੇਲੀਆ ਪਾਲਸੀ" ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਾਨੂੰਨ ਦੇ ਅਧੀਨ ਗ਼ੈਰ-ਯੂਰਪੀਨ ਇਮੀਗਰਾਂਟਾਂ ਨੂੰ ਜਿਨ੍ਹਾਂ ਵਿੱਚ 'ਬਰਤਾਨਵੀ ਪਰਜਾ' ਜਿਵੇਂ ਭਾਰਤੀ ਆਦਿ ਸਨ। ਨਾਲ ਵੀ ਕੋਈ ਲਿਹਾਜ ਨਾ ਕੀਤਾ ਗਿਆ। ਉਨ੍ਹਾਂ ਦਾ ਵੀ ਦਾਖ਼ਲਾ ਬੰਦ ਕਰ ਦਿੱਤਾ ਗਿਆ।ਇਸ ਕਾਨੂੰਨ ਦੀਆਂ ਮੁੱਖ ਮੱਦਾਂ ਸਨ :

**ਡਿਕਟੇਸ਼ਨ ਟੈਸਟ** : ਅਧਿਕਾਰੀ ਅਵਾਸੀਆਂ ਨੂੰ ਪੰਜਾਹ ਸ਼ਬਦਾਂ ਦੇ ਡਿਕਟੇਸ਼ਨਟੇਸਟ ਪਾਸ ਕਰਨ ਦੀ ਮੰਗ ਕਰਦੇ ਸਨ, ਇਸ ਵਿੱਚ ਅਕਸਰ ਯੂਰਪੀਅਨ ਭਾਸ਼ਾ ਵਰਤੀ ਜਾਂਦੀ ਸੀ, ਜਿਸ ਵਿੱਚ ਅਕਸਰ ਗ਼ੈਰ-ਯੂਰਪੀਅਨ ਅਸਫ਼ਲ ਹੋ ਜਾਂਦੇ ਸਨ ਅਣ-ਇਛੱਤ ਪਰਵਾਸੀਆਂ ਨੂੰ ਬਾਹਰ ਕੱਢਣ ਲਈ ਅਧਿਕਾਰੀਆਂ ਨੂੰ ਨਸਲ, ਰੰਗ ਜਾਂ ਰਾਸ਼ਟਰੀ ਮੂਲ ਦੇ ਆਧਾਰ 'ਤੇ ਅਰਜ਼ੀ ਕਰਨ ਵਾਲਿਆਂ ਨੂੰ ਰੱਦ ਕਰਨ ਦੀ ਇਜਾਜ਼ਤ ਦੇਣਾ।

'ਬ੍ਰਿਟਿਸ਼ ਪਰਜਾ' ਹੋਣ ਦੇ ਬਾਵਜੂਦ ਉਨ੍ਹਾਂ ਦਾ ਦਾਖ਼ਲਾ ਨਾ-ਮਨਜ਼ੂਰ ਕਰਨਾ।

ਇਸ ਕਾਨੂੰਨ ਨਾਲ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਹੋਰ ਆਉਣ ਵਾਲੇ ਗ਼ੈਰ-ਯੂਰਪੀਅਨਾ ਦਾ ਦਾਖ਼ਲਾ ਤਕਰੀਬਨ ਬੰਦ ਹੋ ਗਿਆ ਸੀ। ਜੋ ਪਹਿਲਾਂ ਆਏ ਹੋਏ ਸਨ ਉਨ੍ਹਾਂ ਨੂੰ ਬਹੁਤ ਸੀਮਤ ਰੁਜ਼ਗਾਰ, ਸਿੱਖਿਆ ਅਤੇ ਸਮਾਜਿਕ ਤੌਰ 'ਤੇ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ। ਉਹ ਆਪਣੇ ਪਰਿਵਾਰ ਵੀ ਨਹੀਂ ਮੰਗਵਾ ਸਕਦੇ ਸਨ। ਸੋਚੇ ਸਮਝੇ ਢੰਗ ਨਾਲ ਗ਼ੈਰ-ਯੂਰਪੀਅਨ ਲੋਕ ਜੋ ਪਹਿਲਾਂ ਆਏ ਹੋਏ ਸਨ, ਨੂੰ ਪਰਿਵਾਰਾਂ ਤੋਂ ਵੱਖ ਕਰ ਦਿੱਤਾ ਗਿਆ ਸੀ। ਜੇਕਰ ਉਹ ਆਪਣੇ ਪਰਿਵਾਰਾਂ ਨੂੰ ਵਾਪਸ ਆਪਣੇ ਦੇਸ਼ ਲੈਣ ਜਾਂਦੇ ਤਾਂ ਉਨ੍ਹਾਂ ਦਾ ਮੁੜ ਆਸਟਰੇਲੀਆ ਵਿੱਚ ਦਾਖ਼ਲਾ ਰੋਕ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਇਕੱਲਤਾ ਵਾਲਾ ਜੀਵਨ ਬਤੀਤ ਕਰਨਾ ਪਿਆ ਸੀ। ਮੇਰੇ ਆਪਣੇ ਪਿੰਡ (ਚਾਹਲ ਪੁਰ) ਦੇ ਕਿਸ਼ਨ ਸਿੰਘ ਦੀ ਕਹਾਣੀ ਇਸ ਨਸਲਵਾਦੀ ਨੀਤੀ ਦਾ ਪਰਤੱਖ ਪ੍ਰਮਾਣ ਹੈ। ਉਹ ਆਸਟਰੇਲੀਆ ਵਿੱਚ ਵਿੱਚ ਕਾਫ਼ੀ ਜਾਇਦਾਦ ਦਾ ਮਾਲਕ ਸੀ ਪ੍ਰੰਤੂ ਉਹ ਇਨ੍ਹਾਂ ਨਸਲਵਾਦੀ ਰੁਕਾਵਟਾਂ ਕਾਰਨ ਆਪਣੇ ਪਰਿਵਾਰ ਨੂੰ ਆਪਣੇ ਕੋਲ ਮੰਗਵਾ ਨਾ ਸਕਿਆ।ਉਸ ਦੀ ਮੌਤ ਤੋਂ ਬਾਅਦ ਆਸਟਰੇਲੀਆ ਦੀ ਸਰਕਾਰ ਨੇ ਉਸਦੀ ਸਾਰੀ ਜਾਇਦਾਦ ਵੇਚ ਕੇ ਉਸ ਦੇ ਭਰਾ ਨੂੰ ਸਾਡੇ ਪਿੰਡ ਭੇਜ ਦਿੱਤੀ ਸੀ। ਆਸਟਰੇਲੀਆ ਦੀ ਇਸ ਨਸਲਵਾਦੀ ਨੀਤੀ ਦੇ ਵਿਰੁੱਧ ਆਵਾਜ਼ ਉੱਠਣ ਲੱਗ ਪਈ। ਸਿੱਟੇ ਵੱਜੋਂ ਸਰਕਾਰ ਨੂੰ ਨਸਲਵਾਦੀ ਪਾਬੰਦੀਆਂ ਵਿੱਚ 1947 ਤੋਂ ਕੁਝ ਢਿੱਲ ਦਿੱਤੀ, ਬਹੁਤ ਥੋੜ੍ਹੀ ਗਿਣਤੀ ਵਿੱਚ ਗ਼ੈਰ-ਯੂਰਪੀਅਨ ਇਮੀਗਰੇਸ਼ਨ ਦੀ ਇਜਾਜ਼ਤ ਦੇਣੀ ਸ਼ੁਰੂ ਕੀਤੀ।

**1966** : ਹੋਲਟ ਸਰਕਾਰ ਨੇ 'ਵਾਈਟ ਆਸਟਰੇਲੀਆ' ਨੀਤੀ ਨੂੰ ਖਤਮ ਕਰ ਦਿੱਤਾ।

**1973** : ਵਿਟਲਮ ਸਰਕਾਰ ਨੇ ਬਹੁ-ਸਭਿਆਚਾਰਕ

ਨੀਤੀਆਂ ਪੇਸ਼ ਕਰ ਦਿੱਤੀਆਂ

***1989 :** ਆਸਟਰੇਲੀਆ ਦੀ ਸਰਕਾਰ ਨੇ ਕਾਨੂੰਨੀ ਤੌਰ 'ਤੇ ਪਿਛਲੇ ਨਸਲਵਾਦੀ ਕਾਨੂੰਨਾਂ ਦੀ ਮੁਆਫ਼ੀ ਮੰਗੀ।

ਇਸੇ ਹੀ ਤਰ੍ਹਾਂ ਸਾਊਥ ਅਫ਼ਰੀਕਾ ਅਤੇ ਕੀਨਿਆ ਵਿੱਚ ਵੀ ਭਾਰਤੀਆਂ ਨੂੰ ਮਜ਼ਦੂਰਾਂ ਦੇ ਤੌਰ 'ਤੇ ਰੇਲਵੇ ਲਾਈਨਾ ਬਣਾਉਣ ਅਤੇ ਹੋਰ ਪ੍ਰਾਜੈਕਟਾਂ ਲਈ ਭਰਤੀ ਕਰ ਕੇ ਲਿਜਾਇਆ ਗਿਆ ਸੀ।

ਯੂਰਪੀ ਬਸਤੀਵਾਦੀਆਂ ਖ਼ਾਸ ਤੌਰ 'ਤੇ ਬਰਤਾਨੀਆਂ ਅਤੇ ਫਰਾਂਸ ਨੇ ਕਨੇਡਾ ਵਿੱਚ ਸਦੀਆਂ ਤੋਂ ਰਹਿੰਦੇ 'ਆਦਿ-ਵਾਸੀਆਂ' ਨੂੰ ਆਪਣੇ ਅਧੀਨ ਕਰ ਲਿਆ ਸੀ। ਪਹਿਲਾਂ ਕਨੇਡਾ ਦੀ ਆਰਥਿਕਤਾ ਵਿੱਚ 'ਆਦਿ-ਵਾਸੀਆਂ' ਨੂੰ ਮਜ਼ਦੂਰਾਂ ਦੇ ਤੌਰ 'ਤੇ ਵਰਤਿਆ ਗਿਆ। ਉਨ੍ਹਵੀਂ ਸਦੀ ਦੇ ਅੱਧ ਵਿੱਚ ਜਦੋਂ ਲੱਕੜ ਸੈਕਟਰ, ਖਾਣਾਂ, ਮੱਛੀਆਂ ਫੜ੍ਹਨ, ਸੋਨੇ ਦੀਆਂ ਖਾਣਾਂ ਅਤੇ ਹੋਰ ਅਦਾਰਿਆਂ ਵਿੱਚ ਵਾਧਾ ਹੋਣ ਲੱਗ ਪਿਆ ਤਾਂ ਹੋਰ ਕਾਮਿਆਂ ਦੀ ਲੋੜ ਵੱਧ ਗਈ। ਇਸ ਮੰਗ ਨੂੰ ਪੂਰਾ ਕਰਨ ਲਈ ਚੀਨ ਤੋਂ ਵੱਡੀ ਗਿਣਤੀ ਵਿੱਚ ਲੋਕ ਆਉਣ ਲੱਗ ਪਏ। ਯੂਰਪ ਤੋਂ ਵੀ ਬਹੁਤ ਲੋਕ ਆਏ ਸਨ। ਭਾਰਤੀਆਂ ਦੇ ਆਉਣ ਤੋਂ ਪਹਿਲਾਂ ਕਨੇਡਾ ਦੇ ਅਸਲੀ ਮਾਲਕ ਆਦਿ-ਵਾਸੀਆਂ ਅਤੇ ਏਸ਼ੀਅਨਾਂ ਨਾਲ ਨਸਲੀ ਵਿਤਕਰਾ ਆਮ ਸੀ। ਯੂਰਪੀਅਨ ਕਾਮਿਆਂ ਵੱਲੋਂ ਬਣਾਈਆਂ ਮਜ਼ਦੂਰ ਯੂਨੀਅਨਾਂ ਵੀ ਗ਼ੈਰ-ਚਿੱਟੇ ਕਾਮਿਆਂ ਦੇ ਵਿਰੁੱਧ ਬਣੇ ਨਸਲਵਾਦੀ ਮਾਹੌਲ ਵਿੱਚ ਸ਼ਾਮਲ ਸਨ ।ਸੰਨ 1878 ਨੂੰ ਸਭ ਤੋਂ ਪਹਿਲਾਂ ਬੀ.ਸੀ. ਦੇ ਸ਼ਹਿਰ ਵਿਕਟੋਰੀਆ ਵਿੱਚ ਮਜ਼ਦੂਰਾਂ ਦੀ ਬਣੀ ਯੂਨੀਅਨ, "ਵਰਕਿੰਗਮੈੱਨ ਪਰੋਟੈਕਟਿਵ ਐਸੋਸੀਏਸ਼ਨ" ਦਾ ਮੁਖ ਮਕਸਦ ਗੋਰੇ ਕਾਮਿਆਂ ਨੂੰ ਚੀਨਿਆਂ ਦੀ ਆਮਦ ਵਿਰੁੱਧ ਸੁਰੱਖਿਅਤ ਕਰਵਾਉਣਾ ਸੀ। ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਭਾਰਤੀਆਂ ਦੇ ਕਨੇਡਾ ਪਰਵਾਸ ਕਰਨ ਤੋਂ ਪਹਿਲਾਂ ਹੀ ਏਸ਼ੀਅਨਾਂ ਦੇ ਵਿਰੁੱਧ ਹਾਲਾਤ ਬਣੇ ਹੋਏ ਸਨ। ਨਸਲੀ ਵਿਤਕਰਾ ਆਮ ਸੀ।

ਵੀਹਵੀਂ ਸਦੀ ਦੇ ਆਰੰਭ ਵਿੱਚ ਜੋ ਵੀ ਲੋਕ ਭਾਰਤ ਤੋਂ ਆਏ, ਉਹ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਪੱਛਮੀ ਸਾਹਿਲ 'ਤੇ ਆਏ ਸਨ। ਇਹ ਸਾਰੇ ਪੰਜਾਬ ਤੋਂ ਹੀ ਸਨ। ਇਸ ਸੂਬੇ ਦੀ ਆਬਾਦੀ ਉਸ ਵੇਲੇ ਬਹੁਤ ਹੀ ਘੱਟ ਸੀ। 1881 ਵਿੱਚ ਤਾਂ 49, 000 ਹੀ ਸੀ। ਇਸ ਵਿੱਚ ਅੱਧੇ ਆਦਿ- ਵਾਸੀ ਸਨ। 1885 ਵਿੱਚ ਜਦੋਂ ਇਹ ਸੂਬਾ ਰੇਲਵੇ ਲਾਈਨ ਬਣਨ ਨਾਲ ਕਨੇਡਾ ਦੇ ਪੂਰਬੀ ਹਿੱਸੇ ਨਾਲ ਜੁੜ ਗਿਆ, ਤਾਂ ਇਸ ਦੀ ਆਬਾਦੀ ਵਿੱਚ ਵੱਡਾ ਵਾਧਾ ਹੋਇਆ ਸੀ। 1911 ਤੱਕ ਇਹ 400, 000 ਹੋ ਗਈ। ਇਸ ਵਿੱਚ ਭਾਰੀ ਗਿਣਤੀ ਬਰਤਾਨੀਆਂ ਤੋਂ ਆਉਣ ਵਾਲਿਆਂ ਦੀ ਸੀ। ਯੂਰਪ ਦੇ ਹੋਰ ਹਿੱਸਿਆ ਤੋਂ ਵੀ ਲੋਕ ਆਏ ਸਨ। ਰੇਲਵੇ ਲਾਈਨਆਉਣ ਨਾਲ ਹੋਰ ਉਦਯੋਗਾਂ ਨੂੰ ਵੀ ਹੁਲਾਰਾ ਮਿਲਿਆ ਸੀ । ਜਿਸ ਨਾਲ ਕਾਮਿਆਂ ਦੀ ਲੋੜ ਵੱਧ ਗਈ, ਕਨੇਡਾ ਦੇ ਪੂਰਬੀ ਪਾਸੇ ਤੋਂ ਲੋਕੀ ਆਉਣੇ ਸ਼ੁਰੂ ਹੋ ਗਏ ਸਨ।

ਰੇਲਵੇ ਲਾਈਨ ਦੇ ਮੁਕੰਮਲ ਹੋਣ ਨਾਲ? ਚੀਨੇ ਕਾਮਿਆਂ ਦੀ ਲੋੜ ਨਾ ਰਹੀ, ਉਹਨਾਂ ਨੇ ਹੋਰ ਅਦਾਰਿਆਂ ਵਿੱਚ ਕੰਮਾਂ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ। ਜਿਸ ਨਾਲ ਯੂਰਪੀ ਮਜ਼ਦੂਰਾਂ ਨੂੰ ਆਪਣੀਆਂ ਨੌਕਰੀਆਂ ਖੁਸਣ ਦਾ ਡਰ ਮਹਿਸੂਸ ਹੋਣ ਲੱਗ ਪਿਆ ਸੀ। ਚੀਨਿਆਂ ਅਤੇ ਜਾਪਾਨੀਆਂ ਦੀ ਆਮਦ ਰੋਕਣ ਲਈ ਆਵਾਜ਼ਾਂ ਉਠਣ ਲੱਗ ਪਈਆਂ ਸਨ। ਸੰਨ 1885 ਵਿੱਚ ਕਨੇਡਾ ਸਰਕਾਰ ਨੇ 'ਚਾਈਨੀਜ਼ ਇਮੀਗਰੇਸ਼ਨ ਐਕਟ' ਪਾਸ ਕਰ ਕੇ ਉਨ੍ਹਾਂ ਦੇ ਆਉਣ ਤੇ 50 ਡਾਲਰ ਕੋਲ ਹੋਣ ਦੀ ਸ਼ਰਤ ਲਗਾ ਦਿੱਤੀ ਸੀ। ਇਹ ਪਹਿਲਾ ਮੌਕਾ ਸੀ ਕਿ ਜਦੋਂ ਕਨੇਡੀਅਨ ਸਰਕਾਰ ਨੇ ਕਿਸੇ ਹੋਰ ਦੇਸ਼ ਤੋਂ ਆਉਣ ਵਾਲੇ ਅਵਾਸੀਆਂ 'ਤੇ ਅਜਿਹਾ ਟੈਕਸ ਲਗਾਇਆ ਹੋਵੇ। 1900 ਵਿੱਚ ਇਹ ਵਧਾ ਕੇ 100 ਡਾਲਰ ਅਤੇ ਤਿੰਨਾ ਸਾਲਾਂ ਬਾਅਦ 500 ਡਾਲਰ ਕਰ ਦਿੱਤਾ ਗਿਆ ਸੀ। ਇਨ੍ਹਾਂ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਭਾਰਤੀਆਂ ਦੇ ਕਨੇਡਾ ਆਉਣ ਤੋਂ ਪਹਿਲਾਂ ਹੀ ਗ਼ੈਰ-ਚਿੱਟੇ ਲੋਕਾਂ ਦੇ ਵਿਰੁੱਧ ਨਸਲੀ ਮਾਹੌਲ ਬਣਿਆ ਹੋਇਆ ਸੀ।

### ਕਨੇਡਾ ਵਿੱਚ ਪੰਜਾਬੀਆਂ ਦੇ ਪਰਵਾਸ ਦੇ ਕਾਰਨ

ਅੰਗਰੇਜ਼ ਭਾਰਤ ਵਿੱਚ ਵਪਾਰ ਕਰਨ ਆਏ ਸਨ। ਹੌਲੀ-ਹੌਲੀ ਸਥਾਨਕ ਹਾਲਾਤਾਂ ਦੇਖ ਕੇ ਉਨ੍ਹਾਂ 'ਈਸਟ ਇੰਡੀਆ' ਕੰਪਨੀ ਰਾਹੀਂ ਆਪਣੇ ਆਰਥਿਕ ਲਾਭਾਂ ਨੂੰ ਅੱਗੇ ਵਧਾਉਂਦੇ ਹੋਏ ਆਪਣੀ ਹਕੂਮਤ ਕਾਇਮ ਕਰ ਲਈ । ਪੰਜਾਬ ਵਿੱਚ ਉਨ੍ਹਾਂ ਦਾ ਇਹ ਸੁਫ਼ਨਾ ਮਹਾਰਾਜਾ ਰਣਜੀਤ ਸਿੰਘ ਦੇ ਜਿਉਂਦਿਆਂ ਪੂਰਾ ਨਾ ਹੋਇਆ ਪ੍ਰੰਤੂ ਰਣਜੀਤ ਸਿੰਘ ਦੀ ਮੌਤ (1839) ਤੋਂ ਬਾਅਦ ਇੱਕ ਦਹਾਕੇ ਦੇ ਅੰਦਰ ਹੀ ਉਨ੍ਹਾਂ ਪੰਜਾਬ ਤੇ ਕਬਜ਼ਾ ਕਰ ਕੇ ਅੰਗਰੇਜ਼ੀ ਰਾਜ ਵਿੱਚ ਸ਼ਾਮਿਲ ਕਰ ਲਿਆ।

ਪਹਿਲਾਂ ਚਲ ਰਹੇ ਪ੍ਰਬੰਧ ਨੂੰ ਤੋੜ ਕੇ ਸਰਮਾਏਦਾਰੀ ਪ੍ਰਬੰਧ ਲਾਗੂ ਕਰ ਦਿੱਤਾ। ਕੁਦਰਤੀ ਸਾਧਨਾ ਨੂੰ ਆਪਣੇ ਕਬਜ਼ੇ ਵਿੱਚ ਕਰ ਕੇ ਪਿੰਡਾਂ ਦੀ ਸਵੈ-ਨਿਰਭਰਤਾ ਨੂੰ ਖਤਮ ਕਰਨ ਲਈ 'ਸਾਂਝੀ ਮਾਲਕੀ' ਵਾਲੇ ਮਾਲਕੀ ਦੇ ਨਿਯਮ ਨੂੰ ਤੋੜ ਕੇ ਨਿੱਜੀ ਮਾਲਕੀ ਵਿੱਚ ਤਬਦੀਲ ਕਰ ਦਿੱਤਾ। ਜ਼ਮੀਨ ਦਾ ਮਾਮਲਾ ਪਹਿਲਾਂ ਜੋ ਜਿਨਸ ਦੇ ਰੂਪ ਵਿੱਚ ਲਿਆ ਜਾਂਦਾ ਸੀ ਨੂੰ ਨਕਦੀ ਵਿੱਚ ਬਦਲ ਦਿੱਤਾ। ਜ਼ਮੀਨ ਦੀ ਨਿੱਜੀ ਖਾਤਿਆਂ ਵਿੱਚ ਵੰਡ ਕਰ ਦਿੱਤੀ। ਮਾਮਲੇ ਦੀ ਨਕਦੀ ਦਾ ਅਸਰ ਇਹ ਹੋਇਆ ਕਿ ਕਿਸਾਨ ਨੂੰ ਪੈਸਿਆਂ ਕਰ ਕੇ ਅਨਾਜ ਵੇਚਣ ਲਈ ਮਜਬੂਰ ਹੋਣਾ ਪਿਆ। ਇਸ ਤਰ੍ਹਾਂ ਇਹ ਵੇਚਿਆ ਹੋਇਆ ਅਨਾਜ ਧੜਾ ਧੜ ਬਰਤਾਨੀਆਂ ਨੂੰ ਜਾਣ ਲੱਗ ਪਿਆ। ਗੁਰਚਰਨ ਸਿੰਘ ਸਹਿੰਸਰਾ ਨੇ 'ਗ਼ਦਰ ਪਾਰਟੀ ਦਾ ਇਤਿਹਾਸ (ਪਹਿਲਾ ਭਾਗ) ਦੇ ਸਫ਼ਾ 20 'ਤੇ ਵੇਰਵਾ ਦਿੰਦਿਆਂ, "ਜਿੱਥੇ 1848 ਵਿੱਚ 8.5 ਲੱਖ ਪੌਂਡ ਦਾ ਅਨਾਜ ਇੰਗਲੈਂਡ ਢੋਇਆ ਗਿਆ, ਸੀ ਉੱਥੇ 1901 ਵਿੱਚ 93 ਲੱਖ ਪੌਂਡ ਤੇ 1914 ਵਿੱਚ 194 ਲੱਖ ਪੌਂਡ ਦਾ ਅਨਾਜ ਵਲਾਇਤ ਢੋਇਆ ਗਿਆ ਦੇਸ਼ ਅਨਾਜ ਦੀ ਥੁੜ੍ਹ ਦਾ ਸ਼ਿਕਾਰ ਹੋ ਗਿਆ, ਕਾਲ ਪੈਣ ਲੱਗ ਪਏ। ਕਾਲ ਪੈਣ ਕਾਰਨ ਲੱਖਾਂ ਆਦਮੀ ਭੁੱਖ ਨਾਲ ਮਰ ਗਏ। ਕਿਸਾਨ ਦਾ ਹੱਥ ਤੰਗ ਹੋਣ ਲੱਗ ਪਿਆ। ਤੰਗੀ ਕਾਰਨ ਉਹ ਕਰਜ਼ੇ ਹੇਠ ਆਉਣ ਲੱਗ ਪਿਆ ਤੇ ਕਰਜ਼ਿਆਂ ਨੇ ਉਸ ਨੂੰ ਕੰਗਾਲ ਕਰ ਕੇ ਗਰੀਬੀ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ। ਨਕਦ ਮਾਮਲਾ ਤਾਰਨ ਕਰ ਕੇ ਕਿਸਾਨ ਨੂੰ ਮਜਬੂਰੀ-ਵੱਸ ਸ਼ਾਹੂਕਾਰਾਂ ਕੋਲ ਜ਼ਮੀਨ ਗਹਿਣੇ ਪਾ ਕੇ ਕਰਜ਼ਾ ਲੈਣਾ ਪੈਂਦਾ ਸੀ। ਜਿਸ ਦਾ ਵਿਆਜ਼ ਸ਼ਾਹੂਕਾਰ ਆਪ ਮੁਕੱਰਰ ਕਰਦਾ ਸੀ। ਇਨ੍ਹਾਂ ਸਾਰੀਆਂ ਹਾਲਤਾਂ ਕਾਰਨ ਪਰਿਵਾਰਾਂ ਦੀ ਆਮਦਨ ਘੱਟ ਜਾਣਾ ਸੁਭਾਵਕ ਹੀ ਸੀ।

ਕਿਸਾਨ ਕਰਜ਼ਾ ਮੋੜਨ ਤੋਂ ਅਸਮਰਥ ਹੋਣ ਲੱਗ ਪਏ। ਸ਼ਾਹੂਕਾਰਾਂ ਨੇ ਕਰਜ਼ੇ ਦੀ ਵਸੂਲੀ ਲਈ ਅਦਾਲਤਾਂ ਵਿੱਚ ਜਾ ਕੇ ਵਸੂਲੀ ਦੇ ਫ਼ੈਸਲੇ ਲੈ ਕੇ ਕਿਸਾਨਾਂ ਨੂੰ ਜ਼ਮੀਨਾਂ ਵੇਚਣ ਲਈ ਮਜ਼ਬੂਰ ਕਰ ਦਿੱਤਾ।

ਅੰਗਰੇਜ਼ੀ ਸਰਕਾਰ ਵੱਲੋਂ ਲਿਆਂਦੀਆਂ ਇਨ੍ਹਾਂ ਤਬਦੀਲੀਆਂ ਕਾਰਨ, ਕਿਸਾਨਾਂ, ਪੇਂਡੂ ਦਸਤਕਾਰਾਂ ਅਤੇ ਮਜ਼ਦੂਰਾਂ ਦਾ ਬੁਰਾ ਹਾਲ ਹੋਣ ਲੱਗ ਪਿਆ। ਇਸ ਮੰਦਹਾਲੀ ਤੋਂ ਮਜਬੂਰ ਹੋ ਕੇ ਉਨ੍ਹਾਂ ਨੂੰ ਨਕਦ ਪੈਸਾ ਪ੍ਰਾਪਤ ਕਰਨ ਲਈ 9 ਰੁਪਏ ਪ੍ਰਤੀ ਮਹੀਨਾ ਫ਼ੌਜ ਵਿੱਚ ਭਰਤੀ ਹੋਣ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ।

ਅੰਗਰੇਜ਼ਾਂ ਨੇ ਭਾਰਤ 'ਤੇ ਕਬਜ਼ਾ ਕਰ ਕੇ ਭਾਰਤ ਨੂੰ ਖ਼ੂਬ ਲੁੱਟਣ ਲਈ ਹਰ ਹਰਬਾ ਵਰਤਿਆ। ਉਹ ਆਪਣੀ ਇਸ ਸਕੀਮ ਨੂੰ ਸਿਰੇ ਚਾੜ੍ਹਨ ਲਈ ਪੰਜਾਬ ਨੂੰ ਗਰੀਬ, ਅਨਪੜ੍ਹ ਤੇ ਘੱਟ ਵਿਕਸਤ ਰੱਖ ਰਹੇ ਸਨ ਤਾਂ ਕਿ ਪੰਜਾਬੀ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਫ਼ੌਜ ਵਿੱਚ ਭਰਤੀ ਲਈ ਆਪ ਤਿਆਰ ਹੋਣ। ਉਸ ਸਮੇਂ ਅਨਪੜ੍ਹਾਂ ਨੂੰ ਵੀ ਫ਼ੌਜ ਵਿੱਚ ਭਰਤੀ ਕਰ ਲਿਆ ਜਾਂਦਾ ਸੀ।

ਪੰਜਾਬੀਆਂ ਦੇ ਵਿਦੇਸ਼ਾਂ ਵਿੱਚ ਜਾਣ ਬਾਰੇ ਇਤਿਹਾਸਕਾਰ ਸੋਹਨ ਸਿੰਘ ਜੋਸ਼ ਨੇ 'ਹਿੰਦੁਸਤਾਨ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ (ਸਫ਼ਾ 32) ਵਿੱਚ ਠੀਕ ਹੀ ਲਿਖਿਆ ਹੈ, "ਸੋਹਨ ਸਿੰਘ ਭਕਨਾ, ਹਰਨਾਮ ਸਿੰਘ ਟੁੰਡੀਲਾਟ, ਰਤਨ ਸਿੰਘ ਅਤੇ ਹੋਰ ਗ਼ਦਰੀਆਂ ਦੇ ਬਿਆਨਾਂ ਤੋਂ ਇਹ ਪਤਾ ਲਗਦਾ ਹੈ ਕਿ ਉਹ ਮੁੱਖ ਤੌਰ 'ਤੇ ਹੇਠ ਲਿਖੇ ਤਿੰਨ ਕਾਰਨਾਂ ਕਰ ਕੇ ਵਿਦੇਸ਼ਾਂ ਵਿੱਚ ਜਾਣ ਲਈ ਮਜਬੂਰ ਹੋਏ ਸਨ:

ਉਹ ਜ਼ਮੀਨ ਦਾ ਮਾਲੀਆ ਤੇ ਸਰਕਾਰ ਦੇ ਹੋਰ ਸਿੱਧੇ ਅਸਿੱਧੇ ਕਰ ਅਦਾ ਕਰਨ ਦੇ ਯੋਗ ਨਹੀਂ ਸਨ (2) ਉਹ ਕਾਫ਼ੀ ਧੰਨ ਕਮਾ ਕੇ ਲੋਟੂ ਸ਼ਾਹੂਕਾਰਾਂ ਦੇ ਕਰਜ਼ੇ ਉਤਾਰਨੇ ਚਾਹੁੰਦੇ ਸਨ (3) ਉਹ ਆਪਣੇ ਜੀਵਨ ਦੀਆਂ ਪਛੜੀਆਂ ਹੋਈਆਂ ਆਰਥਿਕ ਹਾਲਤਾਂ ਨੂੰ ਸੁਧਾਰਨ ਦੇ ਇੱਛਕ ਸਨ।"

ਕੁਝ ਦੇਸ਼ ਭਗਤ ਜਿਨ੍ਹਾਂ ਨੇ ਆਜ਼ਾਦੀ ਦੀ ਲਹਿਰ ਵਿੱਚ ਹਿੱਸਾ ਲਿਆ ਸੀ, ਜਿਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ, ਤੋਂ ਬਚਣ ਲਈ ਭਾਰਤ ਤੋਂ ਬਾਹਰ ਚਲੇ ਗਏ ਸਨ।

ਭਾਰਤੀਆਂ ਦੇ ਵੀਹਵੀਂ ਸਦੀ ਦੇ ਆਰੰਭ ਵਿੱਚ ਕਨੇਡਾ ਆਉਣ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਇਸ ਕਰ ਕੇ ਇਸ ਲਿਖਤ ਵਿੱਚ ਇਸ ਦੀ ਬਹੁਤੀ ਡੂੰਘਾਈ ਵਿੱਚ ਨਹੀਂ ਜਾਇਆ ਜਾਵੇਗਾ। ਬਹੁਤ ਸਾਰੇ ਖੋਜੀ ਇਤਿਹਾਸਕਾਰਾਂ ਨੇ ਪ੍ਰਮਾਣ ਦੇ ਕੇ ਪੱਕਾ ਕਰ ਦਿੱਤਾ ਹੈ ਕਿ ਕਨੇਡਾ ਵਿੱਚ ਭਾਰਤੀਆਂ ਦਾ ਆਉਣਾ 1903 ਨੂੰ ਹੀ ਸ਼ੁਰੂ ਹੋਇਆ ਸੀ, ਕਨੇਡਾ ਦੇ

ਸਰਕਾਰੀ ਦਸਤਾਵੇਜ਼ ਵੀ ਇਹ ਹੀ ਦਰਸਾਂਦੇ ਹਨ

**ਟੇਬਲ ਚਾਰਟ**

**ਕਨੇਡਾ ਵਿੱਚ ਸਾਊਥ ਏਸ਼ੀਅਨ ਇੰਮੀਗਰੇਸ਼ਨ ਸਾਲ 1904-07**

| | |
|---|---|
| 1904-05 | 45 |
| 1905-06 | 387 |
| 1906-07 | 2124 |
| 1907-08 | 2623 |
| **ਕੁਲ ਜੋੜ** | **5179** |

ਜੋ ਭਾਰਤੀਆਂ ਦੇ ਕਨੇਡਾ ਆਉਣ ਦੀ ਗਿਣਤੀ ਉੱਪਰਲੇ ਚਾਰਟ ਵਿੱਚ ਦਿੱਤੀ ਗਈ ਹੈ, ਹੋ ਸਕਦਾ ਹੈ ਕਿ ਇਹ ਇਸ ਤੋਂ ਕਿਤੇ ਵੱਧ ਹੋਵੇ। ਬਹੁਤ ਸਾਰੇ ਲੋਕ ਅਮਰੀਕਾ ਦੀਆਂ ਬੰਦਰਗਾਹਾਂ ਤੋਂ ਉਤਰ ਕੇ ਗਲਤ ਤਰੀਕੇ ਨਾਲ ਅਮਰੀਕਾ ਦੀ ਹੱਦ ਪਾਰ ਕਰ ਕੇ ਕਨੇਡਾ ਆਏ ਹੋਣ। ਦੋਹਾਂ ਦੇਸ਼ਾਂ ਦੀਆਂ ਹੱਦਾਂ ਪਾਰ ਕਰ ਕੇ ਆਉਣਾ ਜਾਣਾ ਆਮ ਵਰਤਾਰਾ ਸੀ। ਸਰਹੱਦ ਦੇ ਜਿਸ ਪਾਸੇ ਕੰਮ ਅਤੇ ਵੱਧ ਮਿਹਨਤਾਨਾ ਮਿਲਣ ਦੀ ਸਹੂਲਤ ਹੁੰਦੀ, ਲੋਕ ਉਧਰ ਚਲੇ ਜਾਂਦੇ ਸਨ। ਜੋ ਲੋਕ ਪਹਿਲਾਂ ਆਏ ਇਨ੍ਹਾਂ ਵਿੱਚੋਂ ਭਾਰੀ ਗਿਣਤੀ ਪੰਜਾਬੀਆਂ ਦੀ ਸੀ । ਪੰਜਾਬੀਆਂ ਵਿੱਚੋਂ ਵੀ ਭਾਰੀ ਸੰਖਿਆ ਅੰਗਰੇਜ਼ੀ ਫ਼ੌਜ ਵਿੱਚੋਂ ਫਾਰਗ ਹੋਏ ਸਿੱਖ ਫ਼ੌਜੀਆਂ ਦੀ ਸੀ। ਅੰਗਰੇਜ਼ ਪੰਜਾਬ ਤੋਂ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਅੰਗਰੇਜ਼ੀ ਫ਼ੌਜ ਵਿੱਚ ਭਰਤੀ ਕਰ ਕੇ ਬਾਹਰ ਗ਼ੁਲਾਮ ਬਣਾਈਆਂ ਬਸਤੀਆਂ ਨੂੰ ਕਾਬੂ ਰੱਖਣ ਅਤੇ ਦੂਰ ਦੁਰਾਡੇ ਸ਼ੁਰੂ ਕੀਤੀਆਂ ਜੰਗਾਂ ਵਿੱਚ ਵਿੱਚ ਵਰਤ ਰਹੇ ਸਨ। ਭਾਰਤੀਆਂ ਦੇ ਪਰਦੇਸਾਂ ਵਿੱਚ ਜਾਣ ਦਾ ਮੁੱਖ ਕਾਰਨ ਆਰਥਿਕ ਹੀ ਸੀ। ਦੱਖਣ ਦੇ ਗਰੀਬ ਤਾਮਿਲ ਅਤੇ ਮਲਿਆਲੀ ਕਾਮਿਆਂ ਨੇ ਵੀ ਖੇਤ ਮਜ਼ਦੂਰਾਂ ਦੇ ਤੌਰ 'ਤੇ ਬਰਤਾਨਵੀ ਬਸਤੀਵਾਦੀ ਹਕੂਮਤ ਹੇਠਲੇ ਏਸ਼ੀਆਈ ਤੇ ਅਫ਼ਰੀਕੀ ਦੇਸ਼ਾਂ ਵਿੱਚ ਪਰਵਾਸ ਕੀਤਾ ਸੀ। ਪੰਜਾਬੀ ਪਹਿਲਾਂ ਆਸਟਰੇਲੀਆ ਅਤੇ ਨਿਊਜ਼ੀਲੈਂਡ ਜੋ ਕਿ ਬਰਤਾਨਵੀ ਸਾਮਰਾਜ ਦਾ ਹਿੱਸਾ ਸਨ, 1900 ਤੋਂ ਪਹਿਲਾਂ ਜਾਣੇ ਸ਼ੁਰੂ ਹੋਏ ਸੀ। ਬਾਅਦ ਵਿੱਚ ਉਪਰੋਕਤ ਦੋਹਾਂ ਮੁਲਕਾਂ ਨੇ ਕਾਨੂੰਨ ਪਾਸ ਕਰ ਕੇ ਏਸ਼ੀਆ ਤੋਂ ਲੋਕਾਂ ਦੀ ਆਮਦ ਬੰਦ ਕਰ ਦਿੱਤੀ।

ਇਸ ਤੋਂ ਪਿੱਛੋਂ ਪੰਜਾਬੀਆਂ ਨੇ ਅਮਰੀਕਾ ਕਨੇਡਾ ਜਾਣ ਨੂੰ ਤਰਜੀਹ ਦਿੱਤੀ। ਪਿੰਡਾਂ ਵਿੱਚ ਰਹਿਣ ਵਾਲੇ ਗਰੀਬੀ ਦੇ ਮਾਰੇ ਹੋਏ ਲੋਕ ਨੌਂ ਰੁਪਏ ਪ੍ਰਤੀ ਮਹੀਨੇ ਦੀ ਤਨਖ਼ਾਹ ਤੋਂ ਪ੍ਰਭਾਵਤ ਹੋ ਕੇ ਧੜਾ ਧੜ ਫ਼ੌਜ ਵਿੱਚ ਭਰਤੀ ਹੋ ਗਏ ਸਨ ।ਅੰਗਰੇਜ਼ਾਂ ਨੇ ਇਨ੍ਹਾਂ ਨੂੰ ਆਪਣੇ ਰਾਜ ਦੀ ਰਾਖੀ ਅਤੇ ਵਾਧੇ ਲਈ ਭਾਰਤ ਤੋਂ ਬਾਹਰ ਭੇਜਣਾ ਸ਼ੁਰੂ ਕਰਦਿੱਤਾ। ਫ਼ੌਜ ਵਿੱਚੋਂ ਫਾਰਗ ਹੋਣ ਤੋਂ ਬਾਅਦ ਇਹਨਾਂ ਫ਼ੌਜੀਆਂ ਨੂੰ ਬਰਤਾਨਵੀ ਹਾਕਮ ਬਰਮਾ, ਸਿੰਘਾਪੁਰ, ਹਾਂਗਕਾਂਗ ਅਤੇ ਮਲਾਇਆ, ਸ਼ੰਘਈ ਆਦਿ ਬਸਤੀਆਂ ਵਿੱਚ ਆਪਣੇ ਅਦਾਰਿਆਂ ਅਤੇ ਰਿਹਾਇਸ਼ਾਂ ਦੀ ਰਾਖੀ ਲਈ ਪੁਲਿਸੀਏ, ਚੌਕੀਦਾਰ ਤੇ ਦਰਬਾਨ ਬਣਾ ਕੇ ਰੱਖ ਲੈਂਦੇ ਸਨ। ਇਹਨਾ ਕੰਮਾਂ ਵਿੱਚ ਇਵਜ਼ਾਨਾ ਫ਼ੌਜ ਤੋਂ ਵੱਧ ਮਿਲਦਾ ਸੀ। ਬਹੁਤ ਸਾਰਿਆਂ ਨੇ ਆਪਣੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਮੇਲੀਆਂ ਨੂੰ ਵੀ ਆਪਣੇ ਕੋਲ ਬੁਲਾ ਕੇ ਇਹਨਾ ਕੰਮਾਂ ਵਿੱਚ ਹੀ ਲਗਾ ਲਿਆ ਸੀ। ਨਿਧੜਕ ਅਤੇ ਸਾਹਸੀ ਪੰਜਾਬੀਆਂ ਲਈ ਇਹ ਟਾਪੂ ਛੇਤੀ ਹੀ ਖਿੱਚ ਦਾ ਕੇਂਦਰ ਬਣ ਗਏ।

ਇਨ੍ਹਾਂ ਬਸਤੀਆਂ ਵਿੱਚ ਕੰਮ ਕਰਦਿਆਂ ਉਨ੍ਹਾਂ ਦਾ ਵਾਹ ਅਤੇ ਮੇਲ ਮਿਲਾਪ ਜੋ ਲੋਕ ਸਟੀਮਰ ਜਹਾਜਾਂ ਰਾਹੀਂ ਕਨੇਡਾ ਅਮਰੀਕਾ ਦੇ ਪੱਛਮੀ ਸਾਹਿਲ ਤੋਂ ਆਉਂਦੇ ਸਨ, ਨਾਲ ਪੈਣਾ ਸ਼ੁਰੂ ਹੋ ਗਿਆ। ਉਨ੍ਹਾਂ ਤੋਂ ਪਤਾ ਲੱਗਣ ਲੱਗ ਪਿਆ ਕਿ ਕਨੇਡਾ ਅਤੇ ਅਮਰੀਕਾ ਦੇ ਪੱਛਮੀ ਸਾਹਿਲ ਦੇ ਇਲਾਕਿਆਂ ਵਿੱਚ ਕੰਮ ਕਰਨ ਦੇ ਕਾਫ਼ੀ ਮੌਕੇ ਮੌਜੂਦ ਹਨ। ਕੰਮ ਦਾ ਇਵਜ਼ਾਨਾ ਵੀ ਕਾਫ਼ੀ ਵੱਧ ਹੈ। ਕਨੇਡਾ, ਅਮਰੀਕਾ ਦੀਆਂ ਸਟੀਮਰ ਜਹਾਜ਼ਾਂ ਵਾਲੀਆਂ ਕੰਪਨੀਆਂ ਵੀ ਇਹਨਾਂ ਬਸਤੀਆਂ ਵਿੱਚ ਕਾਮਿਆਂ ਦੀ ਜ਼ਰੂਰਤ ਵਾਲੇ ਇਸ਼ਤਿਹਾਰ ਦੇਣ ਲੱਗ ਪਈਆਂ ਸਨ। ਜਦੋਂ ਕਨੇਡਾ ਦੇ ਪੂਰਬੀ ਹਿੱਸੇ ਤੋਂ ਪੱਛਮੀ ਸਿਰੇ ਤੀਕ ਰੇਲਵੇ ਲਾਈਨ ਮੁਕੰਮਲ ਹੋ ਗਈ ਤਾਂ ਇਸ ਵਿੱਚ ਲੱਗੇ ਚੀਨੀ ਕਾਮੇ ਵਿਹਲੇ ਹੋਣੇ ਸ਼ੁਰੂ ਗਏ ਸਨ। ਉਨ੍ਹਾਂ ਨੇ ਹੋਰ ਖੇਤਰਾਂ ਵਿੱਚ ਕੰਮ ਦੀ ਭਾਲ ਸ਼ੁਰੂ ਕਰ ਦਿੱਤੀ। ਗੋਰੇ ਕਾਮਿਆਂ ਵਿੱਚ ਆਪਣੀਆਂ ਨੌਕਰੀਆਂ ਖੁੱਸਣ ਦਾ ਖ਼ਤਰਾ ਪੈਦਾ ਹੋ ਗਿਆ। ਇਸ ਨਾਲ ਚੀਨੀਆਂ ਅਤੇ ਜਾਪਾਨੀ ਕਾਮਿਆਂ ਦੀ ਆਮਦ ਵਿਰੁੱਧ ਅਵਾਜ਼ ਉਠਣ ਲੱਗ ਪਈ ਸੀ। "ਅਪਰੈਲ 1885 ਨੂੰ ਕਨੇਡਾ ਦੀ ਫੈਡਰਲ ਸਰਕਾਰ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕਹਿਣ 'ਤੇ ਚੀਨ ਤੋਂ ਆਉਣ ਵਾਲੇ ਹਰ ਵਿਅਕਤੀ ਦੀ ਆਮਦ ਤੇ 50 ਡਾਲਰ ਟੈਕਸ ਲਗਾ ਦਿੱਤਾ ਜੋ ਕਿ ਬਾਅਦ ਵਿੱਚ 100 ਡਾਲਰ ਕਰ ਦਿੱਤਾ ਗਿਆ।"4

ਇਸ ਨਾਲ ਚੀਨ ਤੋਂ ਆਉਣ ਵਾਲੇ ਲੋਕਾਂ ਦੀ ਗਿਣਤੀ ਕੁਝ ਘਟ ਗਈ। ਜਾਪਾਨੀ ਕਾਮਿਆਂ ਦੀ ਆਮਦ ਲਈ ਜਾਪਾਨ

ਦੀ ਸਰਕਾਰ ਨਾਲ ਸਮਝੌਤੇ ਅਧੀਨ 400 ਕਾਮਿਆਂ ਨੂੰ ਹਰ ਸਾਲ ਆਉਣ ਦੀ ਇਜਾਜ਼ਤ ਮਿਲ ਗਈ । ਚੀਨੀ ਕਾਮਿਆਂ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ ਸੀ । ਇਹਨਾਂ ਰੁਕਾਵਟਾਂ ਕਾਰਨ ਕਾਰਖਾਨੇਦਾਰਾਂ ਲਈ ਸਸਤੇ ਮਜ਼ਦੂਰ ਮਿਲਣੇ ਘਟ ਗਏ । ਚੀਨ ਅਤੇ ਜਪਾਨ ਤੋਂ ਲੋਕਾਂ ਦੀ ਆਮਦ ਘਟਣ ਕਾਰਨ ਸਟੀਮਰ ਜਹਾਜ਼ੀ ਕੰਪਨੀਆਂ ਨੂੰ ਮੁਸਾਫ਼?ਰ ਵੀ ਮਿਲਣੇ ਘੱਟ ਗਏ, ਜਿਸ ਕਰ ਕੇ ਉਨ੍ਹਾਂ ਦੇ ਮੁਨਾਫ਼?ਆਂ ਵਿੱਚ ਕਮੀ ਹੋਣ ਲੱਗ ਪਈ। ਸਟੀਮਰਕੰਪਨੀਆਂ ਹਾਂਗਕਾਂਗ, ਸ਼ੰਘਈ ਅਤੇ ਕਲਕੱਤੇ ਆਦਿ ਥਾਵਾਂ 'ਤੇ ਕਨੇਡਾ ਵਿੱਚ ਕਾਮਿਆਂ ਦੀ ਲੋੜ ਬਾਰੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣ ਲੱਗ ਪਈਆਂ ਸਨ। ਮੁਸਾਫ਼ਿਰਾਂ ਦੀ ਘਾਟ ਦੀ ਪੂਰਤੀ ਕਰਨ ਲਈ ਇਹਨਾਂ ਸਟੀਮਰ ਜਹਾਜ਼ੀ ਕੰਪਨੀਆਂ ਨੇ ਸ਼ੰਘਈ, ਹਾਂਗਕਾਂਗ ਆਦਿ ਵਿੱਚ ਰਹਿੰਦੇ ਭਾਰਤੀਆਂ ਨੂੰ ਵੀ ਕਨੇਡਾ ਅਮਰੀਕਾ ਵਿੱਚ ਆਉਣ ਲਈ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਸੀ।

ਇੱਕ ਹੋਰ ਕਾਰਨ, ਜਿਸ ਨੇ ਭਾਰਤੀਆਂ ਨੂੰ ਕਨੇਡਾ ਆਉਣ ਲਈ ਉਤਸ਼ਾਹਿਤ ਕੀਤਾ, ਉਹ 1857 ਦੇ ਗ਼ਦਰ ਦੇ ਅਸਫ਼ਲ ਹੋਣ ਤੋਂ ਬਾਅਦ, ਜਦੋਂ ਬਰਤਾਨੀਆਂ ਨੇ ਭਾਰਤ ਨੂੰ ਬਰਤਾਨਵੀ ਸਲਤਨਤ ਵਿੱਚ ਸਿੱਧਾ ਸ਼ਾਮਿਲ ਕਰ ਲਿਆ ਸੀ, ਉਸ ਸਮੇਂ ਬਰਤਾਨੀਆਂ ਦੀ ਮਲਕਾ ਵਿਕਟੋਰੀਆ ਨੇ ਸਪਸ਼ਟ ਕੀਤਾ ਸੀ, ਕਿ "ਭਾਰਤ ਨੂੰ ਬ੍ਰਿਟਿਸ਼ ਪਰਜਾ ਵੱਜੋਂ ਮਾਨਤਾ ਦੇ ਕੇ ਅਤੇ ਉਹਨਾਂ ਨੂੰ ਉਸ ਦਰਜੇ ਦੇ ਅਨੁਸਾਰ ਅਧਿਕਾਰਾਂ ਦਾ ਵਿਸਥਾਰ ਕਰ ਕੇ ਭਾਰਤੀ ਪਰਜਾ ਹੋਣ ਦਾ ਰੁਤਬਾ ਹਾਸਿਲ ਹੋਵੇਗਾ।" ਭਾਰਤ ਵਾਸੀ ਬ੍ਰਿਟਿਸ਼ ਪਰਜਾ ਹਨ, ਉਹ ਬਗ਼ੈਰ ਕਿਸੇ ਭਿੰਨ ਭੇਦ ਦੇ ਅੰਗਰੇਜੀ ਸਲਤਨਤ ਵਿੱਚ ਕਿਤੇ ਵੀ ਵਸ ਸਕਦੇ ਹਨ। ਇਸ ਕਰ ਕੇ ਭਾਰਤੀਆਂ ਨੂੰ ਆਸ ਸੀ ਕਿ ਕਨੇਡਾ ਦਾ ਦਰਜਾ ਭਾਵੇਂ ਡੁਮੀਨੀਅਨ ਸਟੇਟਸ ਵਾਲਾ ਹੀ ਸੀ, ਫਿਰ ਵੀ ਕਨੇਡਾ ਅੰਗਰੇਜ਼ੀ ਸਲਤਨਤ ਦਾ ਹਿੱਸਾ ਹੋਣ ਕਰ ਕੇ ਉਹਨਾਂ ਨੂੰ ਇਸ ਦੇਸ਼ ਵਿੱਚ ਵੱਸਣ ਦੀ ਕੋਈ ਮੁਸ਼ਕਿਲ ਨਹੀਂ ਆਵੇਗੀ। ਭਾਰਤੀਆਂ ਨੂੰ ਅੰਗਰੇਜ਼ੀ ਸਿਸਟਮ 'ਤੇ ਵੀ ਪੂਰਾ ਯਕੀਨ ਸੀ, ਉਹ ਅੰਗਰੇਜ਼ੀ ਰਾਜ ਦੇ ਵਿਰੁੱਧ ਵੀ ਨਹੀਂ ਸਨ। ਭਾਰਤੀ ਲੋਕਾਂ ਨੂੰ ਬਰਤਾਨੀਆਂ ਦੀ ਇਸ ਗੱਲ ਦਾ ਪੂਰਾ ਪਤਾ ਨਹੀਂ ਸੀ ਕਿ ਇਹ ਐਲਾਨ ਇੱਕ ਫਰੇਬ ਹੀ ਸੀ। ਇਹ ਸਿਰਫ਼ ਉਨ੍ਹਾਂ ਦਾ ਧਿਆਨ ਹੋਰ ਪਾਸੇ ਲਾਉਣ ਦਾ ਯਤਨ ਸੀ ਤਾਂ ਜੋ ਆਜ਼ਾਦੀ ਦੀ ਲਹਿਰ ਨੂੰ ਮੱਠਾ ਕੀਤਾ ਜਾ ਸਕੇ। ਇੱਥੇ ਭਾਰਤ ਦੇ ਇੱਕ ਵਾਇਸਰਾਏ ਲਾਰਡ ਲਿਟਨ ਦੇ ਉਸ ਗੁਪਤ ਦਸਤਾਵੇਜ਼ ਦਾ ਵੇਰਵਾ ਜੋ ਸੋਹਨ ਸਿੰਘ ਜੋਸ਼ ਹੁਰੀਂ ਆਪਣੀ ਕਿਤਾਬ, "ਹਿੰਦੁਸਤਾਨੀ ਗ਼ਦਰ ਪਾਰਟੀ ਦਾ ਸੰਖੇਪ ਇਤਿਹਾਸ" ਵਿੱਚ ਦਿੱਤਾ ਹੈ ਦੇ ਅਨੁਸਾਰ, 'ਸਾਨੂੰ ਸਭ ਨੂੰ ਪਤਾ ਹੈ ਕਿ ਇਹ ਆਸਾਂ ਤੇ ਦਾਅਵੇ ਨਾ ਕਦੇ ਪੂਰੇ ਕੀਤੇ ਜਾ ਸਕਦੇ ਹਨ, ਨਾ ਕਦੇ ਪੂਰੇ ਹੋਣੇ ਹਨ। ਸਾਨੂੰ (ਭਾਰਤ ਵਾਸੀਆਂ) ਨੂੰ ਮਨ੍ਹਾਂ ਕਰਨ 'ਤੇ ਉਨ੍ਹਾਂ ਨੂੰ ਧੋਖਾ ਦੇਣ ਵਿੱਚੋਂ ਇੱਕ ਗੱਲ ਦੀ ਚੋਣ ਕਰਨੀ ਪੈਣੀ ਸੀ, ਅਸੀਂ ਸਭ ਤੋਂ ਘੱਟ ਸਿੱਧਾ ਰਾਹ ਚੁਣਿਆ ਹੈ। ਅਗਾਂਹ, "ਕਿਉਂ ਕਿ ਮੈਂ ਇਹ ਗੁਪਤ ਤੌਰ 'ਤੇ ਲਿਖ ਰਿਹਾ ਹਾਂ, ਇਸ ਲਈ ਮੈਨੂੰ ਇਹ ਕਹਿਣ ਵਿੱਚ ਝਿਜਕ ਨਹੀਂ ਕਿ ਇੰਗਲੈਂਡ ਅਤੇ ਭਾਰਤ ਦੀਆਂ ਸਰਕਾਰਾਂ, ਮੈਨੂੰ ਹੁਣ ਦੀ ਘੜੀ ਤੱਕ, ਲੋਕਾਂ ਦੇ ਕੰਨਾਂ ਤੀਕ ਪਹੁੰਚਾਏ ਵਾਅਦਿਆਂ ਨੂੰ ਦਿਲੋਂ ਹਰਹਰਬਾ ਵਰਤ ਕੇ ਤੋੜਨ ਦੇ ਦੋਸ਼ ਦਾ ਕਦੇ ਤਸੱਲੀਬਖਸ਼ ਜਵਾਬ ਨਹੀਂ ਦੇ ਸਕੀਆਂ।" ਪੰਜਾਬੀਆਂ ਨੂੰ ਪਤਾ ਲੱਗ ਗਿਆ ਸੀ ਕਿ ਕਨੇਡਾ ਦੇ ਪੱਛਮੀ ਇਲਾਕੇ ਖ਼ਾਸ ਕਰ ਵੈਨਕੂਵਰ ਦਾ ਪੌਣ-ਪਾਣੀ ਤਕਰੀਬਨ ਪੰਜਾਬ ਵਰਗਾ ਹੀ ਹੈ। ਚੰਗੀ ਤਨਖ਼ਾਹ ਅਤੇ ਕੰਮਾਂ ਦੀਆਂ ਆਸਾਂ ਨੂੰ ਲੈ ਕੇ ਉਹਨਾਂ ਨੇ ਕਨੇਡਾ ਆਉਣਾ ਸ਼ੁਰੂ ਕਰ ਦਿੱਤਾ। ਪੰਦੇ ਪਿੰਡਾਂ ਵਿੱਚ ਪ੍ਰਚਾਰ ਵੀ ਹੋ ਗਿਆ ਸੀ ਕਿ ਕਨੇਡਾ ਬ੍ਰਿਟਿਸ਼ ਸਲਤਨਤ ਦਾ ਹਿੱਸਾ ਹੋਣ ਕਾਰਨ ਉਹ ਅਸਾਨੀ ਨਾਲ ਉੱਥੇ ਜਾ ਸਕਦੇ ਹਨ। ਇਸੇ ਕਰ ਕੇ ਬਹੁਤ ਸਾਰੇ ਪੇਂਡੂ ਕਿਸਾਨ ਆਪਣੇ ਪਰਿਵਾਰਾਂ ਦੀ ਜ਼ਿੰਦਗੀ ਨੂੰ ਵਧੀਆ ਬਨਾਉਣ ਲਈ ਕਨੇਡਾ ਆਉਣ ਖਾਤਿਰ ਆਪਣੀਆਂ ਜ਼ਮੀਨਾਂ ਗਹਿਣੇ ਕਰ ਕੇ ਕਨੇਡਾ ਨੂੰ ਆਉਣ ਲਈ ਤਿਆਰ ਹੋਣ ਲਗ ਪਏ।

'ਅਮਰੀਕਾ ਵਿੱਚ ਹਿੰਦੁਸਤਾਨੀ' ਡਾ. ਗੰਡਾ ਸਿੰਘ ਦੀ ਸੰਪਾਦਿਤ ਕਿਤਾਬ ਵਿੱਚ ਕਰਤਾਰ ਸਿੰਘ ਚੰਦ ਦਾ ਬਿਆਨ ਦਰਜ ਹੈ, ਕਿ ਆਮ ਪੇਂਡੂ ਲੋਕ ਕਨੇਡਾ ਵਿੱਚ ਕਿਵੇਂ ਪੁੱਜੇ। ਉਸ ਦੀ ਆਪਣੀ ਜ਼ੁਬਾਨੀ, "ਇਹ 1907 ਦੀ ਗੱਲ ਹੈ। ਕਈ ਦਿਨ ਪਿੰਡ ਵਿੱਚ ਸਲਾਹਾਂ ਹੁੰਦੀਆਂ ਰਹੀਆਂ ਕਿ ਅਮਰੀਕਾ ਦਾ ਰਾਹ ਖੁੱਲ੍ਹ ਗਿਆ ਹੈ। ਫੇਰ ਕੁਝ ਬੰਦੇ ਤਿਆਰ ਹੋ ਗਏ ਤੇ ਉਨ੍ਹਾਂ ਨੇ ਪੈਸੇ ਤੇ ਲੋੜੀਂਦਾ ਸਮਾਨ ਇਕੱਠਾ ਕੀਤਾ। ਉਹ ਦਸ ਜਣੇ ਲੁਧਿਆਣੇ ਸਟੇਸ਼ਨ 'ਤੇ ਪੁੱਜ ਗਏ। ਉਨ੍ਹਾਂ 'ਚੋਂ 3 ਸਟੇਸ਼ਨ ਤੋਂ ਹੀ ਮੁੜ ਗਏ।

ਉਹ ਵਿਛੋੜਾ ਨਹੀਂ ਝੱਲ ਸਕਦੇ ਸਨ।ਘਰੋਂ ਪਰਦੇਸ ਨੂੰ ਤੁਰਨ ਵੇਲੇ ਉਹ ਸਾਰੇ ਉਦਾਸ ਸਨ। ਲੁਧਿਆਣੇ ਤੋਂ ਕਲਕੱਤੇ ਤੱਕ ਤਿੰਨ ਤਿੰਨ ਰਾਤਾਂ ਰੇਲ ਗੱਡੀ ਵਿੱਚ ਸਫ਼ਰ ਕੀਤਾ। ਕਲਕੱਤੇ ਤੋਂ ਸਿੰਘਾਪੁਰ ਜਾਣ ਲਈ ਪਾਣੀ ਦੇ ਜਹਾਜ਼ ਦੀਆਂ ਟਿਕਟਾਂ ਖਰੀਦੀਆਂ। ਪਹਿਲਾਂ ਕੋਇਲਾ ਘਾਟ ਦੇ ਨਜ਼ਦੀਕ ਸਾਡੀ ਡਾਕਟਰੀ ਹੋਈ।ਕੁਝ ਫੇਲ੍ਹ ਹੋ ਗਏ।ਉਥੋਂ ਹੀ ਮੁੜ ਗਏ।ਸਿੰਘਾਪੁਰੋਂ ਤੁਰਨ ਵਾਲੇ ਪਾਣੀ ਦੇ ਵੱਡੇ ਸਾਰੇ ਜਹਾਜ਼ ਵਿੱਚ 900 ਪੰਜਾਬੀ ਸਨ। ਜਹਾਜ਼ ਵਿੱਚ ਵੀ ਜੱਥਿਆਂ ਦੀ ਸ਼ਕਲ ਵਿੱਚ ਖਾਣਾ ਆਪ ਤਿਆਰ ਕੀਤਾ ਜਾਂਦਾ ਸੀ।ਸਿੰਘਾਪੁਰ ਤੋਂ ਸ਼ੰਘਾਈ ਪੁੱਜੇ।ਸ਼ੰਘਾਈ ਤੋਂ ਜਾਪਾਨ ਹੁੰਦੇ ਹੋਏ ਕਨੇਡਾ ਦੇ ਪਹਿਲੇ ਘਾਟ ਵਿਕਟੋਰੀਆ ਦੇ ਨੇੜੇ ਪੁੱਜ ਗਏ। ਜਹਾਜ਼ ਵਿਕਟੋਰੀਆ ਦੇ ਨੇੜੇ ਸਾਰੀ ਰਾਤ ਖੜ੍ਹਾ ਰਿਹਾ।ਉੱਥੇ ਹੀ ਮਜ਼ਦੂਰਾਂ ਨੂੰ ਕੰਮ ’ਤੇ ਲਾਉਣ ਵਾਲੇ ਠੇਕੇਦਾਰ ਵੀ ਜਹਾਜ਼ ਵਿੱਚ ਆਏ।ਸਵੇਰੇ ਜਹਾਜ਼ ਵੈਨਕੂਵਰ ਨੂੰ ਤੁਰਿਆ।ਇੱਕ ਡਾਕਟਰ ਉੱਥੋਂ ਹੀ ਜਹਾਜ਼ ਵਿੱਚ ਚੜ੍ਹ ਆਇਆ ਸੀ।ਡਾਕਟਰ ਨੇ ਜਹਾਜ਼ ਵਿੱਚ ਹੀ ਡਾਕਟਰੀ ਕਰਨੀ ਸ਼ੁਰੂ ਕਰ ਦਿੱਤੀ ਸੀ। 108 ਮੁਸਾਫ਼ਿਰ ਡਾਕਟਰੀ ਵਿੱਚ ਫੇਲ੍ਹ ਹੋ ਗਏ।ਜੋ ਪਾਸ ਹੋਏ ਉਹ ਜਹਾਜ਼ ਤੋਂ ਉਤਰ ਕੇ ਜਾਂਦੇ ਬਣੇ।ਇੱਕ ਬੰਗਾਲੀ ਬਾਬੂ ਦੋਭਾਸ਼ੀਏ ਦੇ ਤੌਰ ’ਤੇ ਜਹਾਜ਼ ਵਿੱਚਆ ਗਿਆ। ਉਹ ਸਭ ਨੂੰ ਧੀਰਜ ਦੇਣ ਲੱਗਾ। ਉਸਦਾ ਨਾਂ ਤਾਂ ਨਹੀਂ ਲਿਖਿਆ ਪਰ ਉਹ ਤਾਰਕ ਨਾਥ ਦਾਸ ਹੋ ਸਕਦਾ ਹੈ। ਉਸ ਨੇ ਦੱਸਿਆ ਕਿ ਮੈਂ ਗੁਰਦਵਾਰੇ ਵਾਲੇ ਸਿੰਘਾਂ ਵੱਲੋਂ ਆਇਆ ਹਾਂ। ਕਿਸੇ ਨੂੰ ਵੱਢੀ ਨਾ ਦਿਓ। ਕੋਈ ਫ਼ਿਕਰ ਨਾ ਕਰੋ। ਸਭ ਕੁਝ ਠੀਕ ਹੋ ਜਾਵੇਗਾ। ਤੁਹਾਡੇ ਉਤਾਰਨ ਦੀ ਪੂਰੀ ਵਾਹ ਲਾਵਾਂਗੇ। ਕੋਈ ਪੈਸਾ ਨਹੀਂ ਲੱਗੇਗਾ। ਇਹ ਜਹਾਜ਼ 1 ਸਤੰਬਰ, 1907 ਨੂੰ ਵੈਨਕੂਵਰ ਪੁੱਜਾ ਸੀ। 14 ਅਕਤੂਬਰ ਨੂੰ ਕੁਰਾਟੀਨ ਤੋਂ ਖੁਲਾਸੀ ਹੋਈ ਸੀ।ਇੱਕ ਦਿਨ ਮੁਸਾਫ਼ਿਰ ਖਾਨੇ ਰਹਿ ਕੇ ਸ਼ਹਿਰ ਵਿੱਚ ਕੋਈ ਗੁਰਦਵਾਰੇ, ਕੋਈ ਆਪਣੇ ਜਾਣਦੇ ਸਾਥੀਆਂ ਪਾਸ ਪੁੱਜ ਗਿਆ ਤੇ ਸਾਰੇ ਕੰਮ ਦੀ ਭਾਲ ਵਿੱਚ ਜੁੱਟ ਗਏ।”

ਉਸ ਸਮੇਂ ਕਨੇਡਾ ਅਤੇ ਅਮਰੀਕਾ ਦਾ ਪੱਛਮੀ ਭਾਗ ਹਾਲੇ ਆਬਾਦ ਹੋ ਰਿਹਾ ਸੀ। ਜੰਗਲਾਂ ਦੀ ਸਫ਼ਾਈ ਕਰ ਕੇ ਆਬਾਦੀ ਅਤੇ ਖੇਤੀ ਲਈ ਜ਼ਮੀਨ ਵਿਹਲੀ ਕਰਨ ਦਾ ਕੰਮ ਚੱਲ ਰਿਹਾ ਸੀ।ਨਵੀਆਂ ਰੇਲਾਂ ਅਤੇ ਸੜਕਾਂ ਬਣਾਈਆਂ ਜਾ ਰਹੀਆਂ ਸਨ।ਲੱਕੜ ਮਿੱਲਾਂ ਅਤੇ ਲੌਗਿੰਗ ਕੈਂਪਾਂ ਦੇ ਕੰਮ ਜੋ ਬਹੁਤ ਗੰਦੇ, ਅਤੇ ਖ਼ਤਰਨਾਕ ਸਨ, ਵਿੱਚ ਵੀ ਕਾਮਿਆਂ ਦੀ ਲੋੜ ਵੱਧ ਰਹੀ ਸੀ। ਇਹਨਾਂ ਕੰਮਾਂ ਵਿੱਚ ਸਰੀਰਕ ਪੱਖੋਂ ਮਜ਼ਬੂਤ ਅਤੇ ਸਸਤੇ ਕਾਮਿਆਂ ਦੀ ਜ਼ਰੂਰਤ ਸੀ । ਇਸ ਨੂੰ ਜਾਪਾਨੀਆਂ, ਚੀਨਿਆਂ ਅਤੇ ਪੰਜਾਬੀਆਂ ਨੇ ਪੂਰਾ ਕਰ ਦਿੱਤਾ।ਜੋ ਭਾਰਤੀ ਪਹਿਲਾਂ ਆਏ ਉਹ ‘ਨੌਜਵਾਨ ਆਦਮੀ’ ਅਤੇ ਮੋਟੇ ਤੌਰ ’ਤੇ ਕਿਸਾਨੀ ਨਾਲ ਸੰਬੰਧਤ ਸਨ।ਇਹ ਲੋਕ ਕੋਈ ਮਸ਼ੀਨੀ ਕੰਮ ਜਾਂ ਕਾਰੀਗਰੀ ਤਾਂ ਜਾਣਦੇ ਨਹੀਂ ਸਨ, ਇਸ ਲਈ ਉਹ ਕਨੇਡਾ ਦੇ ਪੂਰਬੀ ਪਾਸੇ ਨਹੀਂ ਗਏ । ਉਸ ਪਾਸੇ ਕਾਰਖਾਨਿਆਂ ਦੀ ਪ੍ਰਧਾਨਤਾ ਸੀ ਤੇ ਕੰਮ ਮਸ਼ੀਨਾ ਤੇ ਕਰਨਾ ਪੈਂਦਾ ਸੀ। ਇਹ ਲੋਕ ਨਵੇਂ ਆਬਾਦ ਹੋ ਰਹੇ ਪੱਛਮੀ ਸਾਹਿਲ ਦੇ ਇਲਾਕਿਆਂ ਵਿੱਚ ਹੀ ਟਿਕ ਗਏ।ਉਹ ਇਸ ਨਵੇਂ ਦੇਸ਼ ਦੀਆਂ ਜ਼ਮੀਨੀ ਹਕੀਕਤਾਂ ਤੋਂ ਬਿਲਕੁਲ ਜਾਣੂੰ ਨਹੀਂ ਸਨ।ਉਹਨਾ ਦੀ ਸ਼ਕਲ, ਰੰਗ, ਪਹਿਰਾਵਾ ਬਿਲਕੁਲ ਵੱਖਰਾ ਸੀ। ਅੰਗਰੇਜ਼ੀ ਬੋਲੀ ਦਾ ਕੁਝ ਕੁ ਨੂੰ ਛੱਡ ਕੇ ਬਹੁਤਿਆਂ ਨੂੰ ਬਿਲਕੁਲ ਗਿਆਨ ਨਹੀਂ ਸੀ। ਪਹਿਲਾਂ ਆਏ ਕਰਤਾਰ ਸਿੰਘ ਘੱਗ ਅਨੁਸਾਰ, “ਅੰਗਰੇਜ਼ੀ ਨਾ ਆਉਣ ਕਾਰਨ ਸਾਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਅਸੀਂ ਕੀ ਮਹਿਸੂਸ ਕਰਦੇ ਸਾਂ ਦੇ ਬਾਰੇ ਕਿਸੇ ਨੂੰ ਦੱਸ ਵੀ ਨਹੀਂ ਸਕਦੇ ਸਾਂ।

ਬਹੁਤ ਸਾਰਿਆਂ ਨੂੰ ਪੰਜਾਬ ਤੋਂ ਆਈ ਚਿੱਠੀ ਨੂੰ ਪੜ੍ਹਾਉਣ ਅਤੇ ਉਸਦਾ ਉਤਰ ਦੇਣ ਲਈ ਕਿਸੇ ਪੜ੍ਹੇ ਲਿੱਖੇ ਕੋਲ ਜਾਣ ਲਈ ਮੀਲਾਂ ਬੱਧੀ ਤੁਰ ਕੇ ਜਾਣਾ ਪੈਂਦਾ ਸੀ।” ਸੁਰਜੀਤ ਸਿੰਘ ਜਗਪਾਲ ਆਪਣੀ ਕਿਤਾਬ ‘ਬੀਕਮਿੰਗ ਕਨੇਡੀਅਨ’ ਦੇ ਸਫ਼ਾ 103 ’ਤੇ ’ਮੰਗਾ ਸਿੰਘ ਜਗਪਾਲ ਦੇ ਹਵਾਲੇ ਨਾਲ ਲਿਖਦਾ ਹੈ, “ਪਹਿਲਾਂਆਏ ਕੁਝ ਜਣੇ ਫਰੇਜ਼ਰ ਵੈਲੀ ਵਿੱਚੋਂ ਦੁਧ ਅਤੇ ਆਂਡੇ ਲੈਣ ਲਈ ਇੱਕ ਗੋਰਿਆਂ ਦੇ ਫਾਰਮ ਵਿੱਚ ਗਏ। ਦੁਧ ਤਾਂ ਉਨ੍ਹਾਂ ਲੈ ਲਿਆ ਪ੍ਰੰਤੂ ਆਂਡਿਆ ਬਾਰੇ ਉਨ੍ਹਾਂ ਨੂੰ ਪਤਾ ਨਾ ਲੱਗੇ ਕਿ ਉਹ ਗੋਰੀ ਨੂੰ ਕਿਵੇਂ ਸਮਝਾਉਣ। ਫਿਰ ਉਨ੍ਹਾਂ ਮੁਰਗੀ ਵਾਂਗ ਕੋਡੇ ਹੋ ਕੇ ਕੁੜ ਕੁੜ ਕਰ ਕੇ ਦੱਸਿਆ। ਇਸ ਨਾਲ ਗੋਰੀ ਬਹੁਤ ਹੱਸੀ ਅਤੇ ਉਸ ਨੇ ਅੰਦਰੋਂ ਜਾ ਕੇ ਆਂਡੇ ਮੁਫ਼ਤ ਵਿੱਚ ਹੀ ਦੇ ਦਿੱਤੇ।” ਉਹਨਾਂ ਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਨਵੇਂ ਥਾਂ ਆ ਕੇ ਕਿਥੇ ਰਹਿਣਾ ਹੈ, ਕੰਮ ਕਿਵੇਂ ਲੱਭਣਾ ਹੈ। ਦਸਤਕਾਰੀ ਕੰਮਾਂ ਦਾ ਵੀ ਕੋਈ ਤਜਰਬਾ ਨਹੀਂ ਸੀ ਪ੍ਰੰਤੂ ਸਾਰੇ ਹਾਲਤਾਂ ਨਾਲ ਜੂਝਣ ਲਈ ਉਹਨਾਂ ਵਿੱਚ ਪੰਜਾਬੀਆਂ ਵਾਲਾ ਅਥਾਹ ਹੌਂਸਲਾ ਅਤੇ ਜਜ਼ਬਾ ਸੀ ਜੋ ਉਹਨਾਂ ਨੂੰ ਡੋਲਣ ਨਹੀਂ ਸੀ ਦਿੰਦਾ।

# ਹਰਦੀਪ ਸੱਭਰਵਾਲ ਦੀਆਂ ਦੋ ਕਵਿਤਾਵਾਂ




**ਹਰਦੀਪ ਸੱਭਰਵਾਲ**

**ਪਟਿਆਲਾ, ਪੰਜਾਬ**


## 1. ਧੂੜ

ਦਰਬਾਰ ਸਾਹਿਬ ਮੱਥਾ ਟੇਕ ਲਿਆ
ਕੀਰਤਨ ਸਰਵਣ ਕਰਦੇ ਹੋਏ
ਪਵਿੱਤਰ ਸਰੋਵਰ ਦੀ ਪਰਿਕਰਮਾ ਵੀ ਕਰ ਲਈ
ਕੜਾਹ-ਪ੍ਰਸ਼ਾਦਿ ਛਕਣ ਤੋਂ ਬਾਅਦ ਜੋੜੇ ਘਰ ਪਹੁੰਚ ਗਿਆ
ਸੇਵਾਦਾਰ ਤੋਂ ਆਪਣਾ ਚਮੜੇ ਦਾ ਬੂਟ ਫੜਦੇ ਹੀ
ਇਕ ਦਮ ਨਜ਼ਰ ਬੂਟਾਂ 'ਤੇ ਰੁਕ ਗਈ

ਜਦੋਂ ਆਇਆ ਸੀ ਤਾਂ ਇਹ ਬੂਟ ਧੂੜ ਦੇ ਭਰੇ ਹੋਏ ਸਨ
ਬਿਲਕੁਲ ਮੈਲੇ ਕੁਚੇਲੇ ਤੇ ਪੁਰਾਣੇ ਲੱਗ ਰਹੇ
ਹੁਣ ਪਾਲਿਸ਼ ਕੀਤੇ ਹੋਏ ਬਿਲਕੁਲ ਨਵੇਂ ਨਕੋਰ ਚਮਕ ਰਹੇ

ਬੂਟਾਂ ਤੇ ਪਈ ਧੂੜ ਨੂੰ ਯਾਦ ਕਰਦਿਆਂ ਹੀ
ਮੈਨੂੰ ਮਨ ਉਤੇ ਪਈ ਵਿਕਾਰਾ ਦੀ ਧੂੜ ਸਹਿਜ ਸਾਹਮਣੇ ਨਜ਼ਰ ਆਈ
ਜਦੋਂ ਆਇਆ ਸੀ ਤਾਂ ਮਨ ਕਿੰਨੀਆ ਧੂੜਾਂ ਨਾਲ ਭਰਿਆ ਹੋਇਆ ਸੀ
ਹੁਣ ਜਾਣ ਵੇਲੇ ਵੀ ਉਨਾ ਹੀ ਮੈਲਾ ਕੁਚੈਲਾ ਮਹਿਸੂਸ ਹੋ ਰਿਹਾ

ਕਾਸ਼ ਕਿ ਮਨ 'ਤੇ ਜੰਮੀ ਹੋਈ ਧੂੜ ਨੂੰ ਵੀ ਸਾਫ਼ ਕਰਨਾ
ਬੂਟਾਂ 'ਤੇ ਪਈ ਧੂੜ ਨੂੰ ਸਾਫ ਕਰਨ ਜਿੰਨਾ ਸੌਖਾ ਹੁੰਦਾ...

## 2. ਮਨ

ਮਾਚਿਸ ਦੀ ਇਕ ਡੱਬੀ
ਕੋਨੇ ਵਿਚ ਪਈ ਸ਼ਾਂਤ ਜਿਹੀ
ਉਸ ਨੂੰ ਨਹੀਂ ਪਤਾ ਕਿ ਉਸ ਵਿਚ ਕਿੰਨੀ ਅੱਗ ਹੈ
ਜਦੋਂ ਤੱਕ ਕੋਈ ਆ ਕੇ ਉਸ ਨੂੰ ਜਲਾ ਨਹੀਂ ਦਿੰਦਾ
ਮਨ ਵੀ ਆਪਣੇ ਆਪ ਕਿੱਥੇ ਜਾਣ ਪਾਉਂਦਾ
ਆਪਣੀ ਅੱਗ ਨੂੰ

ਲੁਹਾਰ ਜਾਣਦਾ
ਉਸਦੇ ਹੱਥ ਅਤੇ ਹਥੌੜੇ ਦੀ ਤਾਕਤ ਨੂੰ
ਇੱਕ ਦੌੜਾਕ ਆਪਣੀਆਂ ਲੱਤਾਂ ਦੀ ਤਾਕਤ ਨੂੰ ਪਛਾਣਦਾ
ਪਰ ਲੁਹਾਰ ਪੈਰਾਂ ਦੀ ਤਾਕਤ ਤੋਂ ਅਣਜਾਣ ਹੈ
ਦੌੜਾਕ ਹਥੌੜੇ ਤੇ ਹੱਥ ਦੀ ਤਾਕਤ ਤੋਂ

ਮਨ ਨੇ ਵੀ ਅਜੇ ਬਹੁਤ ਕੁਝ ਜਾਣਨਾ ...

# ਜਸਵੀਰ ਸਿੰਘ ਸ਼ਾਇਰ ਦੀਆਂ ਦੋ ਕਾਵਿ-ਰਚਨਾਵਾਂ




ਜਸਵੀਰ ਸਿੰਘ ਸ਼ਾਇਰ
ਪਿੰਡ ਤੇ ਡਾਕ : ਬਾੜਾ ਸਿੱਧਪੁਰ
ਪਿੰਨ-144040, (ਜਲੰਧਰ)
ਮੋ.-77430-29901


## 1. ਰੁੱਖ ਦੇ ਹੇਠਾਂ

ਓਸੇ ਰੁੱਖ ਦੇ ਹੇਠਾਂ ਬਹਿ ਕੇ
ਸਾਰੀ ਉਮਰ ਗੁਜ਼ਾਰੀ।
ਜਿਸ ਦੇ ਹੇਠਾਂ ਦੋਚਿੱਤੀ ਵਿੱਚ
ਸਾਹਿਬਾਂ ਗਈ ਸੀ ਮਾਰੀ।
ਮਿਰਜ਼ੇ ਨੇ ਵੀ ਗ਼ਫਲਤ ਨੀਂਦੇ
ਕੋਈ ਨ' ਗੱਲ ਵਿਚਾਰੀ।
ਇੱਕ ਬੇਫ਼ਿਕਰੀ ਮਾਰ ਗਈ ਤੇ
ਦੂਜੀ ਹੋਣੀ ਭਾਰੀ।

ਨਾ ਸੱਸੀ ਨੂੰ ਸਾਰ ਸੀ ਕੋਈ
ਕਿਹੜੇ ਪਾਸੇ ਜਾਂਵਾਂ?
ਕਿਹੜੇ ਪਾਸੇ ਪੁੰਨਣ ਟੁਰਿਆ
ਕਿਧਰ ਨਜ਼ਰ ਘੁਮਾਂਵਾਂ?
ਚੁੰਹ ਪਾਸੇ ਹੀ ਰੇਤਾ ਰੇਤਾ
ਕਿੱਥੋਂ ਪੈੜ ਥਿਆਵਾਂ?
ਤਪਦੀ ਰੇਤਾ, ਅੰਦਰ ਸੱਸੀ
ਬੁੱਝ ਗਈ ਇੱਕ ਚੰਗਿਆੜੀ।

ਵੇ ਘੜਿਆ ਤੂੰ ਪਾਰ ਲੰਘਾ ਦੇ
ਸੋਹਣੀ ਹਾਕਾਂ ਦੇਵੇ।
ਇੱਕ ਪਾਸੇ ਤਾਂ ਯਾਰ ਉਡੀਕੇ
ਮਹਿਲਾਂ ਦੇ ਵਿੱਚ ਮੇਵੇ।
ਜਿੱਥੇ ਅੱਖਾਂ ਲੜੀਆਂ ਹੋਵਣ
ਕੰਮ ਨ੍ਹੀਂ ਆਉਂਦੇ ਟੇਵੇ।
ਕੱਚਿਆਂ ਉੱਪਰ ਤਰ ਗਏ ਆਸ਼ਕ
ਜੱਗ ਨੇ ਗੱਲ ਵਿਚਾਰੀ।

ਨੀਂ ਬੇਗੋ ਤੂੰ ਧਿਆਨ ਨਾ ਧਰਦੀ
ਤੇਰੇ ਉੱਤੇ ਮਰਸਾਂ।
ਜੋ ਤੂੰ ਆਖੇਂ ਪਲ ਨਾ ਲਾਂਵਾਂ
ਓਸੇ ਵੇਲੇ ਕਰਸਾਂ।
ਇੱਕੋ ਤੇਰੀ ਦੀਦ ਨੂੰ ਬੀਬਾ
ਸ਼ਾਇਰ ਬਣ ਕੇ ਤਰਸਾਂ।
ਕਿਹੜਾ ਬਾਜ਼ੀ ਜਿੱਤਿਆ ਇੱਥੇ
ਕਿਸ ਨੇ ਬਾਜ਼ੀ ਹਾਰੀ?

---

## 2. ਹਾਕ

ਏਸ ਨਗਰ ਦੇ ਲੋਕਾਂ
ਸੁਤਿਆਂ ਉਮਰ ਲੰਘਾਈ।
ਇਹ ਨਾ ਜਾਗਣ,
ਊਂਘੀ ਜਾਵਣ,
ਨਾ ਦੇਵੇ ਹਾਕ ਸੁਣਾਈ।

ਵੇ ਭਾਈ!
ਉੱਠ ਖੜ੍ਹ ਹੁਣ ਤਾਂ...
ਵੇਲੇ 'ਵਾਜ਼ ਲਗਾਈ।
ਅੰਮ੍ਰਿਤ ਵੇਲੇ
ਜੀਉੜਾ ਉੱਠੇ,
ਚੇਤੇ ਰੱਖ ਖ਼ੁਦਾਈ।

ਵਾਂਙ ਫ਼ਕੀਰਾਂ
ਕਿਹੜਾ ਜੀਵੇ?
ਕਹਿ-ਕੇ ਗੱਲ ਮੁਕਾਈ।
ਇੱਕੋ ਸ਼ਾਇਰ
ਇਹ ਜੋ ਦੁਨੀਆਂ
ਓਸੇ ਦੀ ਪਰਛਾਈ।

ਮੇਰੀ ਮੈਂ ਨੂੰ
ਬਹੁਤ ਭੁਲੇਖੇ,
ਡਿੱਗੀ ਏਸੇ ਖਾਈ।
ਓਹਦੇ ਕਦਮੀਂ
ਜਾ ਪਾਈ ਮੁੜ ਕੇ,
ਜਿਸ ਦੀ ਜੰਮੀਂ ਜਾਈ।

ਉੱਠ ਨੀਂ ਬੀਬਾ
ਆਥਣ ਹੋਈ,
ਵਾ' ਵਿਹੜੇ ਵਿੱਚ ਆਈ।
ਕੈਸੇ ਹੋਏ
ਯਾਰ ਜ਼ਮਾਨੇ,
ਸਮਝ ਨਾ ਆਵੇ ਕਾਈ।

ਚੰਨ ਸੂਰਜ ਦੀ
ਟਿੱਕੀ ਮੱਥੇ,
ਧਰਤੀ ਅੰਮਾਂ ਲਾਈ।
ਏਸੇ ਵਰਗੇ
ਮੇਰੇ ਜਾਏ,
ਦਿੱਤੀ ਲੋਅ ਪ੍ਰਤਾਈ।

ਨਹੀਂ ਜਾ ਹੋਣਾ
ਹੁਣ ਅਸਾਂ ਤੋਂ,
ਕਹਿ ਕੇ ਰੋਈ ਤਾਈ।
ਖੋਹ ਲਿਆ ਜਿਸ ਤੋਂ
ਸੰਤਾਲ਼ੀ ਨੇ,
ਧੱਕੇ ਨਾਲ ਸੀ ਭਾਈ।

ਹਾਏ ਓਏ
ਇਹ ਕੀ ਕਹਿਰ ਖ਼ੁਦਾ ਦਾ,
ਲੂੰ ਲੂੰ ਹੈ ਕਰਜ਼ਾਈ।
ਉਹ ਕਿੰਝ ਉੱਠੇ
ਸੁਤਿਆਂ ਜਿਸ ਨੇ
ਸਾਰੀ ਉਮਰ ਲੰਘਾਈ।

# ਮਾਈਕਲ ਫੈਰਾਡੇ

ਡਾ. ਹਰੀਸ਼ ਮਲਹੋਤਰਾ

ਮਾਈਕਲ ਫੈਰਾਡੇ (MICHAL FARADAY) ਦਾ ਜਨਮ ਇੰਗਲੈਂਡ ਦੇ ਸ਼ਹਿਰ ਨਵਿੰਗਟਨ ਬਟਸ (NEWINGTON BUTTS) ਵਿਚ 22 ਸਤੰਬਰ 1791 ਨੂੰ ਹੋਇਆ।

ਇਹ ਸ਼ਹਿਰ ਹੁਣ ਲੰਡਨ ਬੋਰੋ ਔਫ ਸਦਕ (LONDON BOROUGH OF SOUTHWARK) ਦਾ ਹਿੱਸਾ ਹੈ। ਉਹ ਆਪਣੇ ਬਾਪ ਦੇ ਚਾਰ ਬੱਚਿਆਂ ਵਿਚੋਂ ਤੀਜੇ ਥਾਂ ਸੀ। ਮਾਈਕਲ ਫੈਰਾਡੇ ਦਾ ਬਾਪ ਜੇਮਜ਼ ਫੈਰਾਡੇ, ਲੁਹਾਰਾ ਕੰਮ ਕਰਦਾ ਸੀ ਅਤੇ ਯੌਰਕ ਛੱਡ ਕੇ ਲੰਡਨ ਆ ਵਸਿਆ ਸੀ। ਮਾਈਕਲ ਫੈਰਾਡੇ ਦਾ ਬਚਪਨ ਬਹੁਤ ਹੀ ਗਰੀਬੀ ਵਿਚ ਬੀਤਿਆ। ਉਹਦਾ ਬਾਪ ਇਸਾਈਅਤ ਦੇ ਗਲਾਸਾਈਟ ਫਿਰਕੇ (GLASSITE SECT OF CHRISTIANITY) ਨੂੰ ਸੰਬੰਧ ਰੱਖਦਾ ਸੀ। ਜਦ ਮਾਈਕਲ ਫੈਰਾਡੇ ਪੰਜ ਸਾਲ ਦਾ ਹੋਇਆ ਤਾਂ ਉਹਨੂੰ ਸਕੂਲ ਵਿਚ ਪੜ੍ਹਨ ਲਈ ਭੇਜਿਆ ਗਿਆ। ਅੱਠ ਸਾਲ ਉਹ ਸਕੂਲ ਵਿਚ ਪੜ੍ਹਦਾ ਰਿਹਾ ਅਤੇ ਇਸ ਅਰਸੇ ਵਿਚ ਉਸ ਇਨ੍ਹੀਂ ਕੁ ਵਿਦਿਆ ਪ੍ਰਾਪਤ ਕੀਤੀ, ਜਿੰਨੀ ਕੁ ਭਾਰਤ ਵਿਚ ਇਕ ਅੱਠਵੀਂ ਪਾਸ ਮੁੰਡਾ ਕਰਦਾ ਹੈ। ਮਾਮੂਲੀ ਪੜ੍ਹਾਈ ਲਿਖਾਈ ਅਤੇ ਥੋੜ੍ਹਾ ਬਹੁਤ ਹਿਸਾਬ ਬਸ ਐਨੀ ਹੀ ਉਸ ਦੀ ਸਿੱਖਿਆ ਸੀ।

1963 ਵਿਚ ਨਿਊਯੌਰਕ ਯੂਨੀਵਰਸਿਟੀ ਵਿੱਚ (EDUCATION FOR CRE ATIVITY IN THE SCIENCES) ਦੇ ਭਾਸ਼ਣ ਵਿਚ ਜੋਇਲ ਐਚ. ਹਿਲਡੇਬਰਾਂਡ (JOEL H. HILDEBRAND) :

"HOW FORTUNATE FOR CIVILIZATION, THAT BEETHOVEN, MICHELANGELO, GALILEO AND FARADAY WERE NOT REQUIRED BY LAW TO ATTEND SCHOOLS WHERE THEIR TOTAL PERSONALI-TIES WOULD HAVE BEEN OPERATED UPON TO MAKE THEM LEARN ACCEPTABLE WAYS OF PARTICIPATING AS MEMBERS OF "THE GROUP

ਇਹਦਾ ਪੰਜਾਬੀ ਵਿਚ ਅਨੁਵਾਦ ਮੈਂ ਇਸ ਤਰ੍ਹਾਂ ਕਰ ਸਕਦਾ ਹਾਂ:

"ਇਹ ਸੱਭਿਅਤਾ ਲਈ ਖ਼ੁਸ਼ਕਿਸਮਤੀ ਵਾਲੀ ਗੱਲ ਹੈ ਕਿ ਬੀਥੋਵਿਨ, ਮਾਈਕਲਐਂਜਲੋ, ਗੈਲੀਲੀਓ ਅਤੇ ਫੈਰਾਡੇ ਨੂੰ ਕਾਨੂੰਨੀ ਤੌਰ ਤੇ ਸਕੂਲੀ ਪੜ੍ਹਾਈ ਨਹੀਂ ਕਰਨੀ ਪਈ ਜਿਥੇ ਉਹਨਾਂ ਦੀਆਂ ਸ਼ਖਸੀਅਤਾਂ, ਉਹ ਕਬੂਲਿਆ ਹੋਇਆ ਗਿਆਨ ਹੀ ਇਕ ਪੜ੍ਹਾਕੂਆਂ ਦੇ ਸਮੂਹ ਦਾ ਅੰਗ ਬਣ ਕੇ ਹੀ ਪ੍ਰਾਪਤ ਕਰ ਸਕਣਾ ਸੀ।" ਅਲਬਰਟ ਆਇਨਸਟਾਇਨ ਨੇ ਆਪਣੇ ਪੜ੍ਹਾਈ ਵਾਲੇ ਕਮਰੇ ਵਿਚ ਆਈਜੈਕ ਨਿਊਟਨ, ਜ਼ੈਮਜ਼ ਕਲਿੱਰਕ ਮੈਕਸਵਿਲ ਦੀਆਂ ਤਸਵੀਰਾਂ ਕੰਧ ਉਪਰ ਲਾਈਆਂ ਹੋਈਆਂ ਸਨ। ਇਹਨਾਂ ਮਹਾਨ ਵਿਗਿਆਨੀਆਂ ਦੇ ਨਾਲ ਉਹਨੇ ਮਾਈਕਲ ਫੈਰਾਡੇ ਦੀ ਵੀ ਤਸਵੀਰ ਕੰਧ ਉਪਰ ਲਾਈ ਹੋਈ ਸੀ।

ਪ੍ਰਸਿੱਧ ਭੌਤਿਕ ਵਿਗਿਆਨੀ ਇਹਨੇਸਟ ਰਦਰਫੋਰਡ ਦਾ ਕਹਿਣਾ ਹੈ: "WHEN WE CONSIDER THE MAGNITUDE AND EXTENT OF HIS DISCOVER-IES AND THEIR INNELUENCE ON THE PROGRESS OF SCIENCE AND OF INDUSTRY, THERE IS NO HONOUR TOO GREAT TO PAY TO THE MEMORY OF FARADAY, ONE OF THE GREATEST SCIENTIFIC DISSCOVERIES OF ALL TIME"

"ਜਦੋਂ ਅਸੀਂ ਉਹਦੀਆਂ ਖੋਜਾਂ ਦਾ ਲੇਖਾ ਜੋਖਾ ਕਰਦੇ ਹਾਂ ਅਤੇ ਉਨ੍ਹਾਂ ਖੋਜਾਂ ਦੇ ਪ੍ਰਭਾਵ ਨੂੰ ਸਾਇੰਸ ਅਤੇ ਸਨਅਤ ਦੀ ਉੱਨਤੀ ਲਈ ਦੇਖਦੇ ਹਾਂ, ਤਾਂ ਫੈਰਾਡੇ ਦੀ ਯਾਦ ਨੂੰ ਕੋਈ ਵੀ ਮਾਨ ਸਨਮਾਨ ਸਮਰਪਤ ਦਿੱਤਾ ਜਾਣਾ ਥੋੜ੍ਹਾ ਹੈ। ਉਹਦੀਆਂ ਕੀਤੀਆਂ ਖੋਜਾਂ ਸਾਇੰਸ ਵਿਚ ਕਿਸੇ ਵੀ ਸਮੇਂ ਦੀਆਂ ਕੀਤੀਆਂ ਮਹਾਨ ਖੋਜਾਂ ਵਿਚੋਂ ਇਕ ਹਨ।"

ਅੱਜ ਭੌਤਿਕ ਅਤੇ ਰਸਾਇਣਿਕ ਵਿਗਿਆਨੀ ਉਸ ਦਾ ਲੋਹਾ ਮੰਨਦੇ ਹਨ। 1831 ਤੋਂ 1835 ਤੱਕ ਬਿਜਲਈ ਅਤੇ ਚੁੰਬਕੀ ਵਰਤਾਰਿਆ ਬਾਰੇ ਉਸਦੀਆਂ ਖੋਜਾਂ ਨੇ ਵਿਗਿਆਨੀ ਤਰੱਕੀ ਦੇ ਨਵੇਂ ਰਾਹ ਖੋਲ੍ਹੇ।

ਘਰ ਵਿਚ ਗ਼ਰੀਬੀ ਹੋਣ ਕਰਕੇ ਫੈਰਾਡੇ 13 ਸਾਲ ਦੀ ਉਮਰ ਵਿਚ ਇਕ ਕਿਤਾਬਾਂ ਵੇਚਣ ਵਾਲੇ ਦੁਕਾਨਦਾਰ ਪਾਸ ਨੌਕਰ ਹੋ ਗਿਆ। ਉਸ ਦਾ ਕੰਮ ਅਖਬਾਰਾਂ ਲੈ ਕੇ ਲੋਕਾਂ ਦੇ ਘਰੋ ਘਰੀ ਪਹੁੰਚਾਣਾ ਹੁੰਦਾ ਸੀ। ਇਸ ਨੌਕਰੀ ਵਿਚ ਫੈਰਾਡੇ ਨੂੰ ਅਖ਼ਬਾਰਾਂ ਅਤੇ ਕਿਤਾਬਾਂ ਪੜ੍ਹਨ ਦਾ ਅਵਸਰ ਮਿਲਿਆ। ਉਹਨੂੰ ਪੜ੍ਹਨ ਦਾ ਇਨਾਂ ਸ਼ੌਕ ਹੋ ਗਿਆ ਕਿ ਰਾਤ ਨੂੰ ਉਹ ਸੜਕ ਉਤੇ ਲੱਗੀਆਂ ਬੱਤੀਆਂ ਹੇਠ ਖੜੋ ਕੇ ਵੀ ਪੜ੍ਹਦਾ ਰਹਿੰਦਾ ਸੀ। ਕਿਤਾਬਾਂ ਵਾਲੀ ਇਸ ਦੁਕਾਨ ਵਿਚ ਉਹ ਕਿਤਾਬਾਂ ਦੀਆਂ ਜਿਲਦਾਂ ਵੀ ਬੰਨ੍ਹਦਾ ਸੀ। ਦੁਕਾਨ ਦਾ ਮਾਲਕ ਜਾਰਜ ਰਿਬੇਉ ਇਕ ਨੇਕ ਇਨਸਾਨ ਸੀ। ਇਸੇ ਕਰਕੇ ਉਸਨੇ ਫੈਰਾਡੇ ਨੂੰ ਇਕ ਸਾਲ ਬਾਅਦ ਤਰੱਕੀ ਦੇ ਦਿੱਤੀ। ਫੈਰਾਡੇ ਨੇ ਆਪਣੀਆਂ ਲਿਖਤਾਂ ਦੇ ਕਈ ਖਰੜਿਆਂ ਦੀਆਂ ਜਿਲਦਾਂ ਵੀ ਆਪ ਹੀ ਬੰਨ੍ਹੀਆਂ ਸਨ, ਜਿਹਨਾਂ ਵਿਚੋਂ ਕਈ ਅਜੇ ਵੀ ਸੰਭਾਲੀਆਂ ਪਈਆਂ ਹਨ। ਫੈਰਾਡੇ ਜਾਰਜ਼ ਰਿਬੇਊ ਕੋਲ ਹੀ ਰਹਿੰਦਾ ਸੀ। ਫੈਰਾਡੇ ਜਿਲਦਾਂ ਬੰਨ੍ਹਣ ਲਈ ਆਈਆਂ ਕਈ ਕਿਤਾਬਾਂ ਨੂੰ ਆਪ ਵੀ ਪੜ੍ਹਦਾ ਸੀ । ਇਹ ਦੁਕਾਨ ਬਲੈਂਡਫੋਰਡ ਸਟਰੀਟ ਵਿਖੇ ਸੀ ਅਤੇ ਜਾਰਜ ਰਿਬੇਉ (GEORGE RIEBAU) ਕੋਲ ਉਹਨੇ ਸੱਤ ਸਾਲ ਕੰਮ ਕੀਤਾ ਸੀ। ਫੈਰਾਡੇ ਨੇ ਬਹੁਤ ਕਿਤਾਬਾਂ ਪੜ੍ਹੀਆਂ ਜਿਹਨਾਂ ਵਿਚ ਆਈਜ਼ਕ ਵਾਟ (ISAAC WATT) ਦੀ ਕਿਤਾਬ (THE IMPROVE-MENT OF MIND) ਵੀ ਸੀ। ਇਸ ਵਿਚਲੇ ਸਿਧਾਂਤਾਂ ਨੂੰ ਸਲਾਹ-ਮਸ਼ਵਰਿਆਂ ਨੂੰ ਉਹਨੇਚੋਰਾਂ ਸ਼ੋਰਾਂ ਨਾਲ ਅਪਣਾਇਆ। ਉਹਦੀ ਸਾਇੰਸ ਵਿਚ ਵੀ ਦਿਲਚਸਪੀ ਵੱਧ ਗਈ, ਖਾਸ ਕਰਕੇ ਬਿਜਲੀ ਵਿਚ ਉਹਨੇ ਜੈਨ ਮਾਰਸੇਟ (JANE MARCET) ਦੀ ਕਿਤਾਬ-ਬਨਜ਼ਰਵੇਸ਼ਨ ਔਨ ਕੈਮਿਸਟਰੀ (CONSERVATION ON CHEMISTRY) ਨੇ ਖਾਸ ਕਰਕੇ ਪ੍ਰਭਾਵਿਤ ਕੀਤਾ। ਇਹ ਹੀ ਉਹ ਕਿਤਾਬ ਸੀ ਜਿਹਨੇ ਉਹਦੇ ਲਈ ਸਾਇੰਸ ਦੀ ਬੁਨਿਆਦ ਰੱਖੀ ਸੀ। ਉਹ ਲਿਖਦਾ ਹੈ ਕਿ ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵਿਚੋਂ ਮੈਨੂੰ ਬਿਜਲੀ ਬਾਰੇ ਪਹਿਲਾ ਵਿਚਾਰ ਮਿਲਿਆ ਸੀ।

ਜਾਰਜ ਰਿਬੇਊ ਨੇ ਫੈਰਾਡੇ ਦੀ ਵਿਗਿਆਨ ਵਿੱਚ ਦਿਲਚਸਪੀ ਨੂੰ ਉਤਸ਼ਾਹਿਤ ਕੀਤਾ। ਇਹ ਜਾਰਜ ਰਿਬੇਊ ਹੀ ਸੀ ਜੋ ਫੈਰਾਡੇ ਦੇ ਖਰੜੇ ਆਪਣੇ ਗਾਹਕਾਂ ਨੂੰ ਪੜ੍ਹਾਉਂਦਾ।

ਰਿਬੋਊ ਦੇ ਗਾਹਕਾਂ ਵਿੱਚੋਂ ਇਕ ਗਾਹਕ ਐਨਾਂ ਪ੍ਰਭਾਵਿਤ ਹੋਇਆ ਕਿ ਉਹ ਇਹ ਖਰੜੇ ਆਪਣੇ ਪਿਤਾ ਜੀ ਨੂੰ ਪੜ੍ਹਾਉਣ ਲਈ ਉਧਾਰ ਲੈ ਗਿਆ। ਖਰੜੇ ਪੜ੍ਹ ਕੇ ਉਹਦਾ ਪਿਤਾ ਐਨਾਂ ਜ਼ਿਆਦਾ ਪ੍ਰਭਾਵਿਤ ਹੋਇਆ ਕਿ ਉਹਨੇ ਫੈਰਾਡੇ ਲਈ ਸੋਸਾਇਟੀ ਵਿਖੇ ਹੋਣ ਵਾਲੇ ਹੰਫਰੀ ਡੇਵੀ ਦੇ ਭਾਸ਼ਣਾਂ ਦੇ ਟਿਕਟ ਭੇਜ ਦਿੱਤੇ। ਇਹ ਟਿਕਟਾਂ ਦੇਣ ਵਾਲਾ ਇਨਸਾਨ ਵਿਲੀਅਮ ਡਾਂਸ (William Dance) ਸੀ ਜੋ ਕਿ ਰੋਆਇਲ ਫਿਲਹਾਰਮੋਨਿਕ ਸੋਸਾਇਟੀ (Royal Philharmonic Society) ਦਾ ਮੁੱਢਲਾ ਮੈਂਬਰ ਸੀ। ਫੈਰਾਡੇ ਨੇ ਡੇਵੀ ਦੇ ਭਾਸ਼ਣਾਂ ਤੋਂ ਬਿਨਾਂ ਜੌਹਨ ਟੈਟੂਮ (John Tetum) ਦੇ ਭਾਸ਼ਣ ਵੀ ਸੁਣੇ।

ਜ਼ਿੰਦਗੀ ਵਿੱਚ ਕਈ ਵਾਰ ਮੌਕਾ-ਮੇਲ ਐਹੋ ਜਿਹਾ ਬਣਦਾ ਹੈ ਕਿ ਉਹ ਤੁਹਾਡੀ ਜ਼ਿੰਦਗੀ ਦਾ ਵਹਾ ਹੀ ਬਦਲ ਦਿੰਦਾ ਹੈ। ਆਪਣੇ ਇਕੱਵੇਂ ਜਨਮ ਦਿਨ ਤੋਂ ਕੁਝ ਦਿਨ ਪਹਿਲਾਂ ਜਾਰਜ ਰਿਬੇਊ ਨਾਲ ਉਸ ਦੇ ਕੰਮ ਵਿੱਚ ਤਾਰੀਖ਼ ਪੂਰੀ ਹੋ ਗਈ। ਫੈਰਾਡੇ ਚਾਹੁੰਦਾ ਸੀ ਕਿ ਅਗਲਾ ਕੰਮ ਵਿਗਿਆਨ ਦੇ ਖੇਤਰ ਵਿੱਚ ਕੀਤਾ ਜਾਵੇ ਪਰ ਵਿਦਿਅਕ ਯੋਗਤਾ ਦੀ ਘਾਟ ਕਾਰਨ ਇਹ ਕੰਮ ਅਸੰਭਵ ਜਾਪਦਾ ਸੀ। ਉਹਨੇ ਹਿੰਮਤ ਕਰਕੇ ਰੋਆਇਲ ਸੋਸਾਇਟੀ ਦੇ ਪ੍ਰਧਾਨ ਸਰ ਜੋਸਫ ਹੰਫਰੀ ਡੇਵੀ ਨੂੰ ਚਿੱਠੀ ਰਾਹੀਂ ਆਪਣੀ ਇੱਛਾ ਜਤਾਈ ਪਰ ਉਹਨੂੰ ਅੱਗੋਂ ਕੋਈ ਜਵਾਬ ਨਾ ਆਇਆ। ਹਾਰ ਕੇ ਫੈਰਾਡੇ ਨੇ ਇਕ ਹੋਰ ਜ਼ਿਲਦਾਂ ਬੰਨ੍ਹਣ ਵਾਲੇ ਕੋਲ ਨੌਕਰੀ ਕਰ ਲਈ। ਉਸ ਤੋਂ ਬਾਅਦ ਉਹਨੇ ਇਕ ਦਿਨ ਫਿਰ ਹੰਫਰੀ ਡੇਵੀ ਨੂੰ ਇੱਕ ਚਿੱਠੀ ਲਿਖੀ ਅਤੇ ਨਾਲ ਭਾਸ਼ਣਾਂ ਦਾ ਤਿੰਨ ਸਫ਼ਿਆਂ ਦਾ ਖਰੜਾ ਭੇਜ ਦਿੱਤਾ। ਹੰਫਰੀ ਡੇਵੀ ਨੇ ਫੈਰਾਡੇ ਨਾਲ ਮੀਟਿੰਗ ਤੈਅ ਕਰ ਲਈ। ਪਰ ਇਸ ਮੀਟਿੰਗ ਨੇ ਵੀ ਫੈਰਾਡੇ ਨੂੰ ਨਿਰਾਸ਼ ਹੀ ਕੀਤਾ। ਡੇਵੀ ਨੇ ਫੈਰਾਡੇ ਨੂੰ ਜ਼ਿਲਦਾਂ ਦਾ ਕੰਮ ਕਰੀ ਜਾਣ ਦੀ ਸਲਾਹ ਦਿੱਤੀ। ਕਿਉਂਕਿ ਵਿਗਿਆਨ ਇਕ ਅਜਿਹਾ ਖੇਤਰ ਹੈ ਜਿਸ ਦੀ ਸੇਵਾ ਵਿੱਚ ਸਮਰਪਿਤ ਹੋ ਜਾਣ ਵਾਲਿਆਂ ਨੂੰ ਇਹ ਪੈਸੇ ਪੱਖੋਂ ਗਰੀਬ ਹੀ ਰੱਖਦਾ ਹੈ।

ਇਹ ਤਾਂ 1813 ਵਿੱਚ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਇਕ ਜ਼ਿਲਦਸਾਜ ਨੂੰ ਆਪਣੇ ਸਮੇਂ ਦੇ ਮਹਾਨ ਵਿਗਿਆਨੀ ਵਿੱਚ ਬਦਲ ਦਿੱਤਾ। ਰੋਆਇਲ ਸੋਸਾਇਟੀ ਦਾ ਇਕ ਪ੍ਰੋਗਸ਼ਾਲਾ ਸਹਾਇਕ ਜੌਹਨ ਪੇਨ (John Payne)

ਜਨਤਕ ਤੌਰ 'ਤੇ ਕਿਸੇ ਨਾਲ ਝਗੜਾ ਕਰ ਬੈਠਾ ਜਿਸ ਦੇ ਸਿੱਟੇ ਵਜੋਂ ਉਸ ਨੂੰ ਨੌਕਰੀ ਤੋਂ ਜੁਆਬ ਦੇ ਦਿੱਤਾ ਗਿਆ ਉਸ ਕੁ ਵੇਲੇ ਹੀ ਹੰਫਰੀ ਡੇਵੀ ਜਦ ਨਾਈਟਰੋਜਨ ਟਰਾਈਕਲੋਰਾਈਡ ਨਾਲ ਤਜੁਰਬਾ ਕਰ ਰਿਹਾ ਸੀ ਤਾਂ ਆਪਣੀ ਇਕ ਅੱਖ ਦਾ ਨੁਕਸਾਨ ਕਰਵਾ ਬੈਠਾ। ਹੁਣ ਹੰਫਰੀ ਡੇਵੀ ਨੂੰ ਇਕ ਸਹਾਇਕ ਦੀ ਜਰੂਰਤ ਸੀ। ਜਦ ਫੈਰਾਡੇ ਨੂੰ ਨੌਕਰੀ ਲਈ ਪਹੁੰਚ ਕੀਤੀ ਗਈ ਤਾਂ ਉਹਨੂੰ ਤਨਖ਼ਾਹ ਜ਼ਿਲਦਸਾਜ ਦੇ ਤੌਰ 'ਤੇ ਮਿਲਦੀ ਤਨਖ਼ਾਹ ਤੋਂ ਘੱਟ ਲੱਗੀ, ਪਰ ਆਪਣੀ ਪਸੰਦ ਦਾ ਕੰਮ ਮਿਲਣ ਕਰਕੇ ਉਸਨੇ ਝੱਟ ਹਾਂ ਕਰ ਦਿੱਤੀ। ਇਹ ਨੌਕਰੀ ਉਹਨੂੰ ਪਹਿਲੀ ਮਾਰਚ 1813 ਨੂੰ ਮਿਲੀ ਸੀ। ਉਹਨੇ ਮਹਾਨ ਵਿਗਿਆਨੀ ਹੰਫਰੀ ਡੇਵੀ ਨੂੰ ਥੋੜ੍ਹੇ ਸਮੇਂ ਵਿੱਚ ਨੌਕਰੀ ਕਰਦਿਆਂ ਕਾਇਲ ਕਰ ਲਿਆ ਅਤੇ ਜਦ ਉਹ ਦੋਵੇਂ ਇਕ ਦਿਨ ਨਾਈਟਰੋਜਨ ਟਰਾਈਕਲੋਰਾਈਡ ਤਿਆਰ ਕਰ ਰਹੇ ਸਨ ਤਾਂ ਧਮਾਕਾ ਹੋਇਆ ਜਿਹਦੇ ਨਾਲ ਦੋਵੇਂ ਜ਼ਖ਼ਮੀ ਹੋ ਗਏ।

1813 ਤੋਂ 1815 ਤੱਕ ਦੇ ਸਾਲ ਹੰਫਰੀ ਡੇਵੀ, ਯੋਰਪ ਦੇ ਸਾਇੰਸਦਾਨਾਂ ਨਾਲ ਮੇਲ ਮਿਲਾਪ ਕਰਨ ਲਈ ਯੋਰਪ ਦੇ ਦੇਸ਼ਾਂ ਨੂੰ ਗਿਆ ਅਤੇ ਮਾਈਕਲ ਫੈਰਾਡੇ ਨੂੰ ਆਪਣੇ ਲੈਬ-ਅਸਿਸਟੈਂਟ ਦੀ ਹੈਸੀਅਤ ਵਿਚ ਨਾਲ ਲੈ ਗਿਆ। ਇਸ ਤੋਂ ਪਹਿਲਾਂ ਫੈਰਾਡੇ ਨੇ ਕਦੇ ਵੀ 12 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਤੱਕ ਨਹੀਂ ਸੀ ਕੀਤਾ। ਇਸ 18 ਮਹੀਨਿਆਂ ਦੇ ਟੂਰ ਦੌਰਾਨ ਫੈਰਾਡੇ ਨੇ ਨਿੱਜੀ ਨੌਕਰ ਦੇ ਤੌਰ 'ਤੇ ਵੀ ਕੰਮ ਕੀਤਾ ਸੀ ਅਤੇ ਮਿਸਜ਼ ਡੇਵੀ ਨੇ ਫੈਰਾਡੇ ਨਾਲ ਕਾਫੀ ਬੁਰਾ ਵਰਤਾਵ ਕੀਤਾ ਸੀ। ਇਸ ਤੋਂ ਬਿਨਾਂ ਉਹਨੂੰ ਹੋਰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਫਿਰ ਵੀ ਉਹਨੇ ਇਸ ਯਾਤਰਾ ਦਾ ਖੂਬ ਆਨੰਦ ਮਾਣਿਆ ਸੀ ਅਤੇ ਇਸ ਯਾਤਰਾ ਦਾ ਪੂਰਾ ਰਿਕਾਰਡ ਰੱਖਿਆ ਸੀ। ਫਰਾਂਸ, ਇਟਲੀ, ਜਰਮਨੀ ਆਦਿ ਸਾਰੇ ਮੁਲਕਾਂ ਵਿਚ ਉਹ ਫਿਰੇ ਅਤੇ ਜੋ ਕੰਮ ਉਹਨਾਂ ਦੇਸਾਂ ਦੇ ਸਾਇੰਸਦਾਨ ਕਰਦੇ ਸਨ, ਉਹਨਾਂ ਦੀ ਚੰਗੀ ਸੂਝ-ਬੂਝ ਪ੍ਰਾਪਤ ਕੀਤੀ। ਫੈਰਾਡੇ ਨੂੰ ਕੁਦਰਤ ਨੇ ਚੰਗਾ ਜ਼ਿਹਨ ਅਤੇ ਚੰਗੀ ਹਿੰਮਤ ਬਖ਼ਸ਼ੀ ਹੋਈ ਸੀ। ਨਾਲ ਹੀ ਉਹਨੂੰ ਲਿਖਣ ਦਾ ਬੜਾ ਸ਼ੌਕ ਸੀ। ਸਾਇੰਸਦਾਨਾਂ ਦੇ ਇਸ ਮੇਲ-ਮਿਲਾਪ ਨੇ ਉਹਨੂੰ ਖੇੜੇ ਵਿਚ ਲੈ ਆਂਦਾ।

ਫੈਰਾਡੇ ਨੇ ਐਮਪੇਅਰ (AMPERE) ਅਤੇ ਯੂਜ਼ੀਨ (UGENE) ਨਾਲ ਚੰਗਾ ਸਮਾਂ ਬਤਾਇਆ ਅਤੇ ਉਹਨਾਂ ਤੋਂ ਬੜਾ ਕੁਝ ਸਿੱਖਿਆ। ਇਸ ਤੋਂ ਬਾਅਦ ਫਾਨ ਹਮਬੋਲਟ ਅਤੇ ਰਾ-ਲਮਕ ਪਾਸ ਜਾ ਡੇਰੇ ਲਾਏ। ਇੱਟਲੀ ਵਿਚ ਜਾ ਕੇ ਉਹ ਵਾਲਟਾ ਨੂੰ ਮਿਲੇ।

ਮਾਈਕਲ ਫੈਰਾਂਡੇ ਨੇ ਇਹਨਾਂ ਸਾਇੰਸਦਾਨਾਂ ਕੋਲੋਂ ਐਨਾਂ ਗਿਆਨ ਲਿਆ, ਜਿੰਨਾਂ ਕੈਂਬਰਿਜ਼ ਯੂਨੀਵਰਸਿਟੀ ਵਿਚ ਐੱਮ. ਐੱਸ ਸੀ. ਪਾਸ ਕਰਨ ਨਾਲ ਉਸ ਨੂੰ ਨਾ ਪ੍ਰਾਪਤ ਹੁੰਦਾ। ਜਿਹਨਾਂ ਨੌਜਵਾਨਾਂ ਨੇ ਇਲਮ ਦੀਆਂ ਉੱਚੀਆਂ ਘਾਟੀਆਂ ਉਤੇ ਚੜ੍ਹਨਾ ਹੈ, ਉਹਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਹਿਰਦਿਆਂ ਨੂੰ ਵਿਚਾਰ ਦੇ ਝਾੜੂ ਨਾਲ ਚੰਗੀ ਤਰ੍ਹਾਂ ਸਾਫ਼ ਕਰਨ। ਜਦ ਵਿਕਾਰਾਂ ਦੇ ਪਿਉ ਹੰਕਾਰ ਦਾ ਖ਼ਾਤਮਾ ਹੋਇਆ ਤਾਂ ਫਿਰ ਕੁਦਰਤ ਆਪ ਹੀ ਐਸਾ ਮਿਲਾਪ ਕਰਵਾ ਦਿੰਦੀ ਹੈ ਜਿਸ ਨਾਲ ਉਹਨਾਂ ਦੀ ਚੇਤਨਾ ਦਾ ਵਿਕਾਸ ਬਾਖੂਬੀ ਹੋ ਸਕੇ। ਪੜ੍ਹਨਾ ਅਤੇ ਗਿਆਨ ਹਾਸਲ ਕਰਨਾ ਚੰਗੀ ਗਲ ਹੈ ਅਤੇ ਨੇਕ ਪੁਰਸ਼ਾਂ ਦੀ ਸੰਗਤ ਵੀ ਚੰਗੀ ਹੈ, ਪਰ ਇਹ ਤਾਂ ਵਸੀਲੇ ਹਨ। ਅਸਲੀ ਗੱਲ ਤਾਂ ਆਪਣੇ ਹਿਰਦੇ ਦੀਆਂ ਡੂੰਘਾਈਆਂ ਵਿਚ ਚੁੱਭੀ ਮਾਰਨ ਦੀ ਹੈ। ਜਿਸ ਤਰ੍ਹਾਂ ਮੋਤੀ ਸਮੁੰਦਰ ਦੀ ਤਹਿ ਵਿਚ ਹੁੰਦੇ ਹਨ। ਇਸੇ ਤਰ੍ਹਾਂ ਇਨਸਾਨੀ ਜੀਵਨ ਦੇ ਮੋਤੀ ਵੀ ਮਨਰੂਪ ਸਮੁੰਦਰ ਦੀ ਤਹਿ ਵਿਚ ਦੱਬੇ ਹੁੰਦੇ ਹਨ।

ਕਿਹਾ ਜਾਂਦਾ ਹੈ ਕਿ ਉਸ ਵੇਲੇ ਦੇ ਬ੍ਰਿਟਿਸ਼ ਪ੍ਰਧਾਨ ਮੰਤਰੀ ਸਰ ਰੋਬਰਟ ਪੀਲ ਨੇ ਫੋਰਾਡੇ ਦੀ ਡਾਇਨਮੇ ਜਾਂ ਜਨਰੇਟਰ ਦੀ ਖੋਜ ਬਾਰੇ ਉਹਨੂੰ ਪੁੱਛਿਆ ਸੀ ਕਿ ਇਸ ਖੋਜ ਦਾ, "ਕੀ ਫ਼ਾਇਦਾ ਹੋਵੇਗਾ ?" ਤਾਂ ਫੈਰਾਡੇ ਨੇ ਕਿਹਾ ਸੀ, "ਅੱਜ ਮੈਂ ਕੁੱਝ ਨਹੀਂ ਕਹਿ ਸਕਦਾ, ਪਰ ਇਕ ਦਿਨ ਆਵੇਗਾ ਜਦੋਂ ਤੁਹਾਨੂੰ ਇਸ ਖੋਜ ਤੋਂ ਹੋਣ ਵਾਲੇ ਫਾਇਦਿਆਂ ਲਈ ਲੋਕਾਂ ਉਪਰ ਟੈਕਸ ਲਾਉਣਾ ਪਵੇਗਾ।"

ਇਹ ਗੱਲ ਸੱਚ ਸਾਬਤ ਹੋਈ। ਅੱਜ ਵੱਡੀਆਂ ਫੈਕਟਰੀਆਂ ਅਤੇ ਹੋਰ ਅਨੇਕਾ ਕਾਰੋਬਾਰ ਡਾਇਨਮੈਂ ਅਤੇ ਮੋਟਰਾਂ ਨਾਲ ਬਿਜਲੀ ਪੈਦਾ ਕਰਕੇ ਇਹ ਸਭ ਕੁੱਝ ਚਲਾਉਂਦ ਹਨ। ਉਹਨਾਂ ਦੁਆਰਾ ਬਣਾਈਆਂ ਚੀਜ਼ਾਂ ਉਪਰ ਵਾਕਿਆ ਹੀ ਟੈਕਸ ਲੱਗਦਾ ਹੈ।

ਡੇਵੀ ਨੂੰ ਜਦ ਉਸ ਦੇ ਅੰਤਲੇ ਦਿਨਾਂ ਵਿਚ ਇਕ ਮਿੱਤਰ ਨੇ ਪੁੱਛਿਆ ਕਿ ਉਸ ਦੀਆਂ ਕਿਹੜੀਆਂ ਉਪਲਭਦੀਆਂ ਹਨ ਤਾਂ

ਉਸ ਨੇ ਜੁਆਬ ਦਿੱਤਾ ਕਿ, "ਮੇਰੀ ਸਭ ਤੋਂ ਵੱਡੀ ਉਪਲੱਭਦੀ ਫੈਰਾਡੇ ਦੀ ਲਭਤ ਹੈ।" ਡੇਵੀ ਨੇ ਫੈਰਾਡੇ ਨੂੰ ਲੱਭਿਆ ਅਤੇ ਉਸ ਨੂੰ ਚੰਗਾ ਚਮਕਾਇਆ।

1821 ਵਿਚ ਫੈਰਾਡੇ ਨੇ ਅਲੈਕਟਰੋ-ਮੈਗਨੇਟਿਜ਼ਮ (ELECTRO-MAGNETISM) ਦੀ ਨੀਂਹ ਰੱਖੀ। 1824 ਵਿਚ ਉਹ ਰੋਆਇਲ ਸੁਸਾਇਟੀ ਦਾ ਫੈਲੋ ਚੁਣਿਆ ਗਿਆ। 1825 ਵਿਚ ਉਹ ਰੋਆਇਲ ਇਨਸਟੀਚਿਊਸ਼ਨ ਦਾ ਡਾਇਰੈਕਟਰ ਬਣ ਗਿਆ। 1833 ਤੋਂ ਲੈ ਕੇ ਆਪਣੀ ਮੌਤ ਦੇ ਦਿਨ ਤੱਕ ਉਹ ਉਸ ਥਾਂ ਤੇ ਕੈਮਿਸਟਰੀ ਦਾ ਪ੍ਰੋਫੈਸਰ ਵੀ ਲੱਗਾ ਰਿਹਾ।

1821 ਵਿਚ ਫੈਰਾਡੇ ਦੀ ਸ਼ਾਦੀ ਹੋਈ ਪਰ ਉਸਦੇ ਘਰ ਕੋਈ ਔਲਾਦ ਨਹੀਂ ਹੋਈ। 1841 ਵਿਚ ਫੈਰਾਡੇ ਦੀ ਸਿਹਤ ਬੜੀ ਖਰਾਬ ਹੋ ਗਈ ਅਤੇ ਤਿੰਨ ਸਾਲ ਉਹ ਆਪਣੀ ਪਿਆਰੀ ਸਾਇੰਸ ਦੀ ਖੋਜ ਤੋਂ ਵਿਛੜਿਆ ਰਿਹਾ। 1845 ਵਿਚ ਉਹ ਫਿਰ ਆਪਣੇ ਕੰਮ ਤੇ ਆ ਜੁਟਿਆ। 1858 ਤੱਕ ਉਹ ਰੋਆਇਲ ਇਨਸਟੀਚਿਊਸ਼ਨ ਵਿਚ ਰਿਹਾ। ਉਸ ਸਾਲ ਮਲਕਾ ਵਿਕਟੋਰੀਆ ਨੇ ਸਰਕਾਰ ਵਲੋਂ ਉਸ ਨੂੰ ਹੈਮਨਕੋਰਟ ਵਿਚ ਇਕ ਰਿਹਾਇਸ਼ੀ ਮਕਾਨ ਭੇਂਟ ਕੀਤਾ। 1895 ਵਿਚ ਆਪਣਾ ਸਾਰਾ ਕੰਮ-ਕਾਜ ਛੱਡ ਕੇ ਉਹ ਆਖਰੀ ਦਿਨ ਬਿਤਾਣ ਲਈ ਇਸ ਮਕਾਨ ਵਿਚ ਜਾ ਵਸਿਆ।

ਫੈਰਾਡੇ ਦਾ ਛੋਟਾ ਕੱਦ, ਚਮਕੀਲੀਆਂ ਅੱਖਾਂ, ਹੰਸੂ-ਹਸੂ ਕਰਦਾ ਮੁਖੜਾ ਅਤੇ ਚੰਗਾ ਚੁਸਤ ਸਰੀਰ ਸੀ। ਸੁਭਾਅ ਅਤੇ ਰਹਿਣੀ ਬਹਿਣੀ ਬੜੀ ਸਾਦੀ ਸੀ ਅਤੇ ਖੁਲ੍ਹੇ ਦਿਲ ਨਾਲ ਹਰ ਕਿਸੇ ਦੀ ਸਹਾਇਤਾ ਕਰਦਾ ਸੀ।

ਫੈਰਾਡੇ ਕੁਦਰਤੀ ਤੌਰ ਤੇ ਪਹਿਲਾ ਉਸ ਖੋਜ ਵਿਚ ਲੱਗਾ ਜਿਸ ਵਿਚ ਉਸ ਦੇ ਗੁਰੂ ਡੇਵੀ ਨੇ ਲਾਇਆ ਸੀ। ਪਹਿਲਾਂ ਉਸ ਨੇ ਕਲੋਰੀਨ ਗੈਸ ਨੂੰ ਜਲਵਤ (LIQUIFY) ਕੀਤਾ। ਫਿਰ ਉਸ ਨੇ ਕਾਰਬਨ ਦੇ ਦੋ ਕਲੋਰਾਈਡ ਬਣਾਏ। ਫਿਰ ਗੈਸਾਂ ਦੀ ਉਡਨ-ਸਮੁੰਦਰ -ਇਦਿਆਂ ਅਨੇਕਾਂ ਚਲਾਉਂਦੇ ਕਿ ਉਸ ਜੀ ਸਭ ਤੋਂ ਤੋਂ ਉਸ ਨੂੰ (ETISM) - ਗਿਆ। 11833 ਫੈਸਰ ਵੀ ਹੀਂ ਹੋਈ। ਪਣੇ ਕੰਮ ਹਾ। ਉਸ ਤਹਾਇਸ਼ੀ ਆਖਰੀ ਤਾਂ ਅਤੇ ਲ੍ਹੇ ਦਿਲ ਦੇ ਗੁਰੂ UIFY) ਵੀਡਨ-ਸ਼ਕਤੀ (DIFFUSION OF GASES) ਉਤੇ ਖੋਜਾਂ ਕੀਤੀਆਂ, ਫ਼ੌਲਾਦ ਦੀਆਂ ਕਿਸਮਾਂ ਬਣਾਈਆਂ ਅਤੇ ਫਿਰ ਸ਼ੀਸ਼ੇ ਦੀਆਂ ਕਈ ਕਿਸਮਾਂ ਤਿਆਰ ਕੀਤੀਆਂ।

1821 ਵਿਚ ਉਸ ਦਾ ਉਹ ਕੰਮ ਸ਼ੁਰੂ ਹੋਇਆ ਜਿਸ ਨੇ ਉਸ ਨੂੰ ਸਿਰਫ ਚਮਕਾਇਆ ਹੀ ਨਹੀਂ, ਸਗੋਂ ਉਸ ਦੀ ਯਾਦ ਅਤੇ ਕੰਮ ਨੂੰ ਅਮਰ ਅਤੇ ਸਦੀਵੀ ਬਣਾ ਦਿੱਤਾ। ਜਿਹੜੀ ਬਿਜਲੀ ਸਾਰੇ ਸੰਸਾਰ ਨੂੰ ਰਾਤ ਨੂੰ ਰੁਸ਼ਨਾਉਂਦੀ ਹੈ ਅਤੇ ਜਿਹੜੀ ਇਨਸਾਨ ਦੇ ਸੁੱਖ, ਆਰਾਮ ਅਤੇ ਵਿਕਾਸ ਦੇ ਸਾਰੇ ਵਸੀਲੇ ਪੈਦਾ ਕਰਦੀ ਹੈ, ਉਸ ਦੀ ਨੀਂਹ ਵਰਾਂਡੇ ਨੇ ਇਸੇ ਸਾਲ ਰੱਖੀ। ਹਰ ਪ੍ਰਕਾਰ ਦੀਆਂ ਮੋਟਰਾਂ ਦੀ ਜਿੰਦ-ਜਾਨ, ਟਰਾਂਸਫਾਰਮਰ (TRANS FORMER) ਹੁੰਦੇ ਹਨ। ਇਹਨਾਂ ਟਰਾਂਸਫਾਰਮਰਾਂ ਨੂੰ ਪੈਦਾ ਕਰਨ ਦਾ ਬੀਜ ਵੈਹਾਡੇ ਨੇ ਉਦੋਂ ਬੋਇਆ ਅਤੇ ਫਿਰ ਅੰਤਿਮ ਸਵਾਸਾਂ ਤੱਕ ਇਸ ਬੀਜ ਦਾ ਵੱਡਾ ਦਰੱਖਤ ਬਣਾਣ ਵਿਚ ਲੱਗਾ ਰਿਹਾ।

ਲੋਹੇ ਦੇ ਇਕ ਡੰਡੇ ਦੁਆਲੇ ਉਸ ਤਾਂਬੇ ਦੀ ਤਾਰ ਲਪੇਟੀ। ਜਦ ਤਾਰ ਵਿਚੋਂ ਬਿਜਲੀ ਦਾ ਕਰੰਟ ਲੰਘਾਇਆ ਤਾਂ ਲੋਹੇ ਦੇ ਡੰਡੇ ਵਿਚ ਚੁੰਬਕ ਸ਼ਕਤੀ ਪੈਦਾ ਹੋ ਗਈ। ਫਿਰ ਚੁੰਬਕ ਸ਼ਕਤੀ ਵਾਲੇ ਡੰਡੇ ਦੇ ਦੁਆਲੇ ਵੱਡੀ ਸਾਰੀ ਤਾਰ ਲਪੇਟੀ ਅਤੇ ਜਦ ਡੰਡੇ ਨੂੰ ਤੇਜੀ ਨਾਲ ਘੁਮਾਇਆ ਤਾਂ ਬਾਹਰਲੀ ਤਾਰ ਵਿਚ ਬਿਜਲੀ ਦਾ ਕਰੰਟ ਪੈਦਾ ਹੋ ਗਿਆ। ਇਸੇ ਅਸੂਲ ਤੇ ਹੀ ਮੋਟਰਾਂ ਬਣੀਆਂ ਹੋਈਆਂ ਹਨ। ਚੀਜ਼ਾਂ ਦੀ ਬਣਤਰ ਵਿਚ ਵਿਕਾਸ ਤਾਂ ਬੜਾ ਹੋਇਆ ਹੈ, ਪਰ ਮੁੱਢਲੀ ਗੱਲ ਤਾਂ ਅਸੂਲ ਲੱਭਣ ਦੀ ਸੀ। ਜਦ ਭਾਖੜਾ ਡੈਮ ਤੋਂ ਨਿਕਲੀਆਂ ਵੱਡੀਆਂ-ਵੱਡੀਆਂ ਨਹਿਰਾਂ ਅਜਿਹੇ ਚੁੰਬਕਾਂ ਨੂੰ ਘੁੰਮਾਉਂਦੀਆਂ ਹਨ ਤਾਂ ਸਾਰਾ ਪੰਜਾਬ, ਹਰਿਆਣਾ, ਰਾਜਿਸਥਾਨ ਅਤੇ ਦਿੱਲੀ ਦਾ ਕੁੱਝ ਹਿੱਸਾ ਜਗਮਗਾ ਉਠਦਾ ਹੈ।

ਅਸਲ ਵਿਚ ਇਹ ਸਭ ਸਾਇੰਸ ਦੀਆਂ ਬਰਕਤਾਂ ਹਨ ਅਤੇ ਫੇਰਾਡੇ ਵਰਗੇ ਸਾਇੰਸਦਾਨਾਂ ਦੀਆਂ ਕੀਤੀਆਂ ਘੋਲ ਕਮਾਈਆਂ ਹਨ ਜਿਹਨਾਂ ਨੇ ਇਨਸਾਨ ਨੂੰ ਇਨ੍ਹਾਂ ਉੱਚਾ ਚੁੱਕਿਆ ਹੈ। ਸਾਡਾ ਵੀ ਫਰਜ਼ ਬਣਦਾ ਹੈ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਇਸ ਕੰਮ ਲਈ ਲਾ ਦੇਈਏ ਅਤੇ ਇਨਸਾਨੀਅਤ ਨੂੰ ਹੋਰ ਉੱਚਾ ਚੁਕੀਏ। ਸਫ਼ਲ ਜੀਵਨ ਤਾਂ ਸਾਇੰਸ ਦੇ ਸੱਚੇ ਪੁਜਾਰੀਆਂ ਦਾ ਹੈ। ਉਹ ਆਪ ਵੀ ਆਪਣਾ ਅਨੰਦ-ਮਈ

ਜੀਵਨ ਬਿਤਾ ਜਾਂਦੇ ਹਨ ਅਤੇ ਆਉਂਦੀਆਂ ਨਸਲਾਂ ਲਈ ਵੀ ਸੁੱਖ, ਆਨੰਦ ਅਤੇ ਉੱਚੇ ਜੀਵਨ ਦੇ ਦਰਵਾਜ਼ੇ ਖੋਲ੍ਹ ਜਾਂਦੇ ਹਨ। ਫੇਰਾਡੇ ਦੇ ਜੀਉਂਦਿਆਂ ਹੀ ਇਹ ਮੋਟਰਾਂ ਬਣ ਗਈਆਂ ਸਨ ਅਤੇ ਬਿਜਲੀ ਰਾਹੀਂ ਰੋਸ਼ਨੀ ਕਰਨ ਲਈ ਅਤੇ ਹੋਰ ਕਿੰਨ੍ਹੇ ਹੀ ਕੰਮਾਂ ਲਈ ਵਰਤੋਂ ਵਿਚ ਆ ਗਈਆਂ ਸਨ। ਇਥੋਂ ਤੱਕ ਕਿ ਰੇਲਗੱਡੀਆਂ ਵੀ ਹੁਣ ਬਿਜਲੀ ਨਾਲ ਚੱਲਣ ਲੱਗ ਪਈਆਂ ਹਨ।

1833 ਵਿਚ ਫੈਰਾਡੇ ਨੇ ਸਾਬਤ ਕੀਤਾ ਕਿ ਬਿਜਲੀ ਭਾਵੇਂ ਕਿਸੇ ਵੀ ਤਰੀਕੇ ਨਾਲ ਪੈਦਾ ਕੀਤੀ ਜਾਵੇ, ਉਹ ਅਸਲ ਵਿਚ ਇਕੋ ਹੀ ਹੁੰਦੀ ਹੈ। ਇਸ ਤੋਂ ਬਾਅਦ ਉਹ ਦੂਜੇ ਖੇਤਰ ਵਿਚ ਜਾ ਵੜਿਆ, ਜਿਸ ਨੂੰ ਉਹਨੇ ਅਲੈਕਟਰੋਲੇਸਿਸ (ELECTROLYSIS) ਦਾ ਨਾਂ ਦਿੱਤਾ। ਇਸ ਦਾ ਮਤਲਬ ਇਹ ਹੈ ਕਿ ਇਕੋ ਖਾਸ ਕਿਸਮਾਂ ਦੇ ਘੋਲਾਂ ਵਿਚੋਂ ਬਿਜਲੀਦਾ ਕਰੰਟ ਲੰਘਾ ਕੇ ਉਸ ਨੂੰ ਦੋ ਹਿੱਸਿਆਂ ਵਿਚ ਤੋੜ ਦੇਣਾ। ਜਿਹੜਾ ਲੂਣ ਅਸੀਂ ਘਰਾਂ ਵਿਚ ਵਰਤਦੇ ਹਾਂ ਇਸ ਨੂੰ ਕੈਮਿਸਟਰੀ ਵਿਚ ਸੋਡੀਅਮ ਕਲੋਰਾਈਡ (SODIUM CHLO RIDE) ਕਿਹਾ ਜਾਂਦਾ ਹੈ। ਇਸ ਨੂੰ ਪਾਣੀ ਵਿਚ ਘੋਲ ਕੇ, ਜੋ ਇਸ ਘੋਲ ਵਿਚ ਤਾਂਬ ਦਾ ਇਕ ਪੱਤਰਾ ਇਕ ਪਾਸੇ ਅਤੇ ਦੂਜਾ, ਦੂਜੇ ਪਾਸੇ ਰੱਖੀਏ ਅਤੇ ਫਿਰ ਉਹਦੇ ਵਿਚੋਂ ਬਿਜਲੀ ਦਾ ਕਰੰਟ ਲੰਘਾਈਏ ਤਾਂ ਇਹ ਸੋਡੀਅਮ ਕਲੋਰਾਈਡ ਦੋ ਹਿੱਸਿਆਂ ਵਿਚ ਟੁੱਟ ਜਾਂਦਾ ਹੈ। ਇਕ ਹਿਸਾ ਸੋਡੀਅਮ ਇਕ ਪੱਤਰੀ ਉਤੇ ਅਤੇ ਦੂਜਾ ਹਿੱਸਾ ਕਲੋਰੀਨ ਦੂਜੀ ਪੱਤਰੀ ਜਾਂ ਅਲੈਕਟਰੋਡ ਤੇ ਆ ਨਿਕਲਦਾ ਹੈ। ਇਕ ਅਲੈਕਟਰੋਡ ਜਮ੍ਹਾ (POSITIVE) ਅਤੇ ਦੂਜਾ ਨਫੀ (NEGATIVE) ਹੁੰਦਾ ਹੈ। ਜਮ੍ਹਾਂ ਨੂੰ ਫੈਰਾਡੇ ਨੇ ਐਨੋਡ ਦਾ ਨਾਂ ਦਿੱਤਾ ਅਤੇ ਨਫੀ ਨੂੰ ਕੈਥੋਡ ਦਾ। ਧਾਤਾਂ ਦੇ ਸਾਰੇ ਲੂਣ (SALT) ਇਸ ਤਰ੍ਹਾਂ ਹੀ ਟੁੱਟ ਜਾਂਦੇ ਹਨ। ਲੂਣਾਂ ਵਿਚ ਕੋਈ ਮਿਲਾਵਟ ਹੋਵੇ ਤਾਂ ਉਹ ਘੋਲ ਵਿਚ ਘੁਲੀ ਰਹਿ ਜਾਂਦੀ ਹੈ। ਇਸ ਲਈ ਅਲੈਕਟਰੋਲੇਸਿਸ ਦੀ ਵਿਧੀ ਦੇ ਦੋ ਨਿਯਮ ਵੀ ਫੈਰਾਡੇ ਨੇ ਹੀ ਕੱਢੇ। ਉਹ ਇਹ ਹਨ :

1. ਜਦ ਬਿਜਲੀ ਦੀ ਕਰੰਟ ਅਲੈਕਟਰੋਲਾਈਟ (ELECTROLYTE) ਜਾਂ ਲੂਣ ਦੇ ਘੋਲ ਵਿਚੋਂ ਲੰਘਾਈ ਜਾਵੇ ਤਾਂ ਟੁੱਟ ਕੇ ਪੈਦਾ ਹੋਏ ਅੰਸ਼ਾਂ ਦਾ ਭਾਰ ਬਿਜਲੀ ਦੀ ਕਰੰਟ ਦੇ ਮੁਤਾਬਕ ਹੁੰਦਾ ਹੈ। ਜਿੰਨੀ ਕਰੰਟ ਲੰਘੇ ਉਸ ਦੀ ਨਿਸਬਤ ਵਿਚ ਹੀ ਅੰਸ਼ਾਂ ਦਾ ਭਾਰ ਹੁੰਦਾ ਹੈ। ਜੇ ਬਿਜਲੀ ਦੀ ਕਰੰਟ ਨੂੰ ਦੂਣਾਂ ਕਰ ਦਿਓ ਤਾਂ ਅੰਸ਼ਾਂ ਦਾ ਭਾਰ ਵੀ ਦੂਣਾ ਹੋ ਜਾਏਗਾ।

2. ਇਹ ਭਾਰ ਹਰ ਹਾਲਤ ਵਿੱਚ ਤੱਤ (ELEMENT) ਦੇ ਕੈਮੀਕਲ ਇਕੇਵਲੈਂਟ (Chemical Equvalent) ਦੇ ਮੁਤਾਬਿਕ ਹੋਵੇਗਾ। ਜੋ ਕੁਝ ਵੀ ਸਾਇੰਸ ਅਲੈਕਟਰੋਲੇਸਿਸ ਵਾਰੇ ਜਾਣਦੀ ਹੈ, ਇਹ ਸਭ ਫੈਰਾਡੇ ਦੀ ਹੀ ਦਾਤ ਹੈ। ਇਸ ਨਾਲ ਤੱਤਾਂ ਦੇ ਕੈਮੀਕਲ ਈਕੇਵੇਲੈਂਟ ਅਤੇ ਉਹਨਾਂ ਤੋਂ ਪ੍ਰਮਾਣੂ ਭਾਰ (Atomic Weight) ਲੱਭਣ ਦਾ ਇਕ ਨਵਾਂ ਅਤੇ ਸੌਖਾ ਤਰੀਕਾ ਨਿਕਲ ਆਇਆ।

ਇਸ ਅਲੈਕਟਰੋਲਿਸਸ ਦੇ ਤਰੀਕੇ ਦੀ ਸਨਅਤ ਜਾਂ ਵਿਉਪਾਰ ਵਿਚ ਕਈ ਤਰ੍ਹਾਂ ਨਾਲ ਵਰਤੋਂ ਕੀਤੀ ਜਾਂਦੀ ਹੈ। ਖਣਜ ਪਦਾਰਥਾਂ ਤੋਂ ਧਾਤਾਂ ਇਸੇ ਤਰੀਕੇ ਨਾਲ ਕੱਢੀਆਂ ਜਾਂਦੀਆਂ ਹਨ ਅਤੇ ਖਾਲਸ ਦਸ਼ਾ ਵਿਚ ਵੀ ਇਸੇ ਤਰੀਕੇ ਨਾਲ ਲਿਆਂਦੀਆਂ ਜਾਂਦੀਆਂ ਹਨ ਤਾਂ ਕਿ ਉਹਨਾਂ ਦੀ ਪੂਰਨ ਪਵਿੱਤਰਤਾ ਕਾਇਮ ਰੱਖੀ ਜਾ ਸਕੇ। ਕਾਸਟਕ ਸੋਡਾ, ਜੋ ਸਾਬਣ ਵਿਚ ਵੀ ਵਰਤਿਆ ਜਾਂਦਾ ਹੈ, ਅਤੇ ਕਲੋਰੀਨ ਆਦਿਕ ਗੈਸਾਂ ਵੀ ਇਸੇ ਤਰੀਕੇ ਨਾਲ ਪੈਦਾ ਕੀਤੀਆਂ ਜਾਂਦੀਆਂ ਹਨ। ਇਹ ਕਲੋਰੀਨ ਗੈਸ ਹੀ ਹੈ ਜੋ ਤਰਨ ਵਾਲੇ ਤਲਾਅ (SWIMMING POOL) ਦੇ ਪਾਣੀ ਨੂੰ ਸਾਫ ਕਰਨ ਲਈ ਵਰਤੀ ਜਾਂਦੀ ਹੈ।

ਇਕ ਹੋਰ ਕੰਮ ਜੋ ਫੈਰਾਡੇ ਨੇ ਵਡੇਰੀ ਉਮਰ ਵਿਚ ਕੀਤਾ ਉਹ ਇਹ ਖੋਜ ਸੀ ਕਿ ਚੁੰਬਕ-ਸ਼ਕਤੀ ਦਾ ਅਸਰ ਹਰ ਵਸਤੂ ਉਪਰ ਹੁੰਦਾ ਹੈ। ਜਿਹੜੀਆਂ ਚੀਜ਼ਾਂ ਚੁੰਬਕ ਵਲ ਖਿੱਚੀਆਂ ਜਾਂਦੀਆਂ ਹਨ, ਉਹਨਾਂ ਨੂੰ ਉਸ ਨੇ (ਪੈਰਾਂ-ਮੈਗਨੈਟਕ) ਦਾ ਨਾਂ ਦਿੱਤਾ ਅਤੇ ਜਿਹਨਾਂ ਵਸਤੂਆਂ ਉਪਰ ਉਲਟਾ (ਪਰ੍ਹੇ ਹਟਾਣ ਦਾ) ਅਸਰ ਹੁੰਦਾ ਹੈ, ਉਹਨਾਂ ਨੂੰ ਛਾਇਆ-ਮੈਗਨੈਟਕ (DIA-MAGNETIC) ਕਿਹਾ।

ਮਾਈਕਲ ਫੈਰਾਡੇ ਵਿਚ ਇਕ ਵਾਧਾ ਇਹ ਸੀ ਕਿ ਉਹ ਸਿਰਫ ਖੋਜੀ ਹੀ ਨਹੀਂ ਸੀ, ਲੈਕਚਰਾਰ ਵੀ ਬੜਾ ਵਧੀਆ ਸੀ। ਸਰੋਤੇ ਉਸਦਾ ਭਾਸ਼ਨ ਸੁਣਦੇ ਕੀਲੇ ਜਾਂਦੇ ਸਨ। ਨੌਜਵਾਨਾਂ ਉਪਰ ਤਾਂ ਉਹਦਾ ਅਸਰ ਜਾਦੂ ਵਾਂਗ ਸੀ। ਉਸਨੇ ਵੱਡੇ ਦਿਨਾਂ ਦੀਆਂ ਛੁੱਟੀਆਂ, ਨੌਜਵਾਨਾਂ ਨੂੰ ਲੈਕਚਰ ਦੇਣ ਲਈ ਰਾਖਵੀਆਂ ਰੱਖੀਆਂ ਹੋਈਆਂ ਸਨ। ਜਿੰਨਾਂ ਚਿਰ ਉਹਦੇ ਜੁਸੇ ਵਿਚ ਜਾਨ ਰਹੀ, ਉਹ

ਆਪਣੇ ਕੰਮ ਵਿਚ ਮਗਨ ਰਿਹਾ। ਆਪਾਂ ਨੂੰ ਪਤਾ ਹੈ ਕਿ ਹਰ ਇਕ ਜ਼ਿੰਦਗੀ ਵਿਚ ਐਸਾ ਵਕਤ ਆ ਜਾਂਦਾ ਹੈ ਜਦ ਸਰੀਰ ਜ਼ਰਾ ਵੀ ਖੇਚਲ ਨਹੀਂ ਸਹਾਰ ਸਕਦਾ। ਇਹ ਹਾਲਤ ਉਹਦੀ 1865 ਵਿਚ ਹੋਈ ਅਤੇ ਉਸ ਨੂੰ ਮਜ਼ਬੂਰ ਹੋ ਕੇ ਉਸ ਅਸਥਾਨ ਉਤੇ ਜਾਣਾ ਪਿਆ ਜਿਹੜਾ ਮਲਕਾ ਨੇ ਉਸ ਨੂੰ ਰਹਿਣ ਲਈ ਦਿੱਤਾ ਸੀ। ਉਥੋਂ ਉਹ ਇਕ ਗ਼ਰੀਬ ਲੁਹਾਰ ਦਾ ਪੁੱਤਰ 25 ਅਗਸਤ 1867 ਨੂੰ ਇਸ ਦੁਨੀਆਂ ਨੂੰ ਵਿਦਾਇਗੀ ਦੇ ਕੇ ਚਲਾ ਗਿਆ, ਜਿਥੋਂ ਕਦੇ ਵੀ ਕੋਈ ਵਾਪਿਸ ਨਹੀਂ ਆਇਆ, ਨਾਂ ਸਾਧਾਰਨ ਤੋਂ ਸਾਧਾਰਨ ਜੀਵ-ਜੰਤੂ, ਇਨਸਾਨ ਜਾਂ ਅਖੌਤੀ-ਪਹੁੰਚੇ ਹੋਏ ਲੋਕ ਗੁਰੂ, ਪੀਰ, ਪੈਗੰਬਰ। ਇਹ ਇਲਮ, ਗਿਆਨ ਦਾ ਇਸ਼ਕ, ਕਿਸੇ ਵੀ ਹੋਰ ਇਸ਼ਕ ਨਾਲੋਂ ਉੱਚੀ ਘਾਟੀ ਹੈ ਅਤੇ ਇਸ ਉੱਪਰ ਮਾਈਕਲ ਫੈਰਾਡੇ ਵਰਗੇ ਸੂਰਮੇ ਹੀ ਅਪੜਦੇ ਹਨ ਜੋ ਦੁਨੀਆਂ ਨੂੰ ਸੁੱਖ ਆਰਾਮ ਦੀਆਂ ਸਹੂਲਤਾਂ ਵੰਡ ਕੇ ਤੁਰ ਜਾਂਦੇ ਹਨ।

ਮਾਈਕਲ ਫੈਰਾਡੇ ਨੂੰ, ਉਸ ਦੀਆਂ ਇੱਛਾਵਾਂ ਮੁਤਾਬਕ, ਹਾਈਗੇਟ ਸਮਿਟਰੀ ਵਿਚ ਦਫਨਾ ਦਿੱਤਾ ਗਿਆ ਅਤੇ ਉਹਦੀ ਕਬਰ, ਮਹਾਨ ਕਾਰਲ ਮਾਰਕਸ ਦੀ ਕਬਰ ਦੇ ਨਜ਼ਦੀਕ ਹੀ ਹੈ।

"ਫੇਰਾਡੇ ਨੂੰ ਹੇਠ ਲਿਖੀਆਂ ਖੋਜਾਂ ਕਰਕੇ ਜਾਣਿਆ ਜਾਂਦਾ ਹੈ :

FARADAYÓS LAW OF INDUCTION ELECTROCHEMISTRY

FARADAY EFFECT FARADAY CAGE FARADAY CONSTANT

FARADAY CUP FARADAYÓS LAWS OF ELECTROLYSIS

FARADAY PARADOX FARADAY ROTATOR FARADAY WAVE

FARADAY-EFFICIENCY EFFECT FARADAY WHEEL

LINES OF FORCE RUBBER BALOON

ਫੇਰਾਡੇ ਨੂੰ (ROYAL MEDAL) ਰੋਆਇਲ ਮੈਡਲ 1835 ਅਤੇ 1846 ਵਿਚ ਮਿਲਿਆ। COPLEY MEDAL ਪ੍ਰੋਪਲੇਅ ਮੈਡਲ 1832 ਅਤੇ 1838 ਵਿਚ ਮਿਲਿਆ।

RUMFORD MEDAL ਰਮਫੋਰਡ ਮੈਡਲ 1846 ਵਿਚ ਅਤੇ ALBERT MEDAL ਅਲਬਰਟ ਮੈਡਲ 1866 ਵਿਚ ਦਿੱਤਾ ਗਿਆ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਫੈਰਾਡੇ ਨੇ 1862 ਵਿਚ ਪਬਲਕ ਸਕੂਲਜ਼ ਕਮਿਸ਼ਨ ਸਾਹਮਣੇ ਬਰਤਾਨੀਆਂ ਦੇ ਪੜ੍ਹਾਈ ਦੇ ਮਹਿਕਮੇ ਦੀ ਸਖਤ ਅਲੋਚਨਾ ਕੀਤੀ ਸੀ ਕਿ ਉਹਨਾਂ ਨੂੰ ਜਾਦੂ ਟੂਣਿਆਂ ਦੇ ਹੱਕ ਵਿਚ ਨਹੀਂ ਸਗੋਂ ਖਿਲਾਫ ਗਿਆਨ ਦੇਣਾ ਚਾਹੀਦਾ ਹੈ।

ਆਪਣੇ ਦੋਸਤ ਬੈਂਜਮਿਨ ਅਲਬਰਟ ਨੂੰ ਲੈਕਚਰ ਦੇਣ ਬਾਰੇ ਲਿਖਿਆ : "ਲੈਕਚਰ ਦੇ ਸ਼ੁਰੂ ਵਿਚ ਹੀ ਸਮਾ ਜਲਾ ਦਿਉ ਅਤੇ ਉਸ ਸ਼ਮਾ ਨੂੰ ਲੈਕਚਰ ਦੇ ਆਖਿਰ ਤੱਕ ਭਰਪੂਰ ਰੌਸ਼ਨੀ ਦਿੰਦੇ ਰਹਿਣਾ ਚਾਹੀਦਾ ਹੈ" ਉਹਦੇ ਲੇਕਚਰ ਖੁਸ਼ੀ ਵਾਲ, ਚਲਬੁਲੇ ਅਤੇ ਫਿਲੋਸਫੀ ਯਾਨਿ ਦਾਰਸ਼ਨਿਕਤਾ ਨਾਲ ਭਰਪੂਰ ਹੁੰਦੇ ਸਨ। ਆਪਣੇ ਇਕ ਲੈਕਚਰ ਵਿਚ ਉਹਨੇ ਕਿਹਾ ਤੁਹਾਨੂੰ ਪਤਾ ਹੈ ਕਿ ਬਰਫ ਪਾਣੀ ਉਪਰ ਤੰਰਦੀ ਹੈ- ਪਰ ਇਉਂ ਕਿਉਂ ਤੈਰਦੀ ਹੈ? ਇਸ ਬਾਰੇ ਸੋਚੋ ਅਤੇ ਗਿਆਨ ਗੋਸਟੀ ਕਰੋ।÷ ਉਹਦੇ ਵਿਸ਼ੇ ਕੈਮਿਸਟਰੀ ਅਤੇ ਬਿਜਲੀ ਨਾਲ ਸਬੰਧਤ ਹੁੰਦੇ ਸਨ।

1841 ਵਿਚ "THE RUDIMENTS OF CHEMISTRY, 1843 ਵਿਚ FIRST PRINCIPLES OF ELECTRICITY, 1848 ਵਿਚ THE CHEMICAL HISTORY OF ACANDLE, 1851 ਵਿਚ ATTRACTIVE FORCES, 1853 ਵਿਚ VOLTAIC ELECTRICITY, 1851 ਵਿਚ THE CHEMISTRY OF COMBUSTION, 1855 ਵਿਚ "HE DISTINCTIVE PROPERTIES OF THE COMMON METALS 1857 ਵਿਚ STATIC ELECTRICITY, 1858 ਵਿਚ "HE MATALLIC PROPER-TIES ਵਿਚ 1859 ਵਿਚ THE VARIOUS FORCES OF MATTER AND THEIR RELATIONIS TO EACH OTHER.

ਮਾਈਕਲ ਫਰਾਡੈ ਦਾ ਬੁੱਤ (SAVOY PLACE) ਲੰਡਨ ਇਨਸਟੀਟਿਊਸ਼ਨ ਔਫ ਇੰਜਨੀਅਰਿੰਗ ਐਂਡ ਟੈਕਨੋਲੋਜੀ ਦੇ ਬਾਹਰ ਲਾਇਆ ਗਿਆ ਹੈ।

ਉਹਦੇ ਜਨਮ ਸਥਾਨ ਦੇ ਨਜ਼ਦੀਕ ਨਿਬੰਗਟਨਬਸਟ ਵਿਖੇ ELEPHANT & CASTLE ਤੇ ਆਰਕੀਟੈਕਟ ਰੇਡਨੀ ਗੌਰਡਨ ਨੇ 1961 ਮਾਈਕਲ ਫੈਰਾਡੇ ਮੈਮੋਰੀਅਲ ਹੇਠ ਬੁੱਤ ਬਣਾ ਕੇ ਲਾਇਆ ਹੈ, ਜਿੱਥੇ ਉਹਦੀ TRINITY BUOY

WHART ਵਿਖੇ ਵਰਕਸ਼ੋਪ ਹੁੰਦੀ ਸੀ। ਉਥੇ ਫੈਰਾਡੇ ਸਕੂਲ ਬਣਾਇਆ ਗਿਆ ਹੈ। ਉਹਦੀ ਵਰਕਸ਼ਾਪ ਨੂੰ ਅੱਜ ਵੀ ਸਾਂਭ ਕੇ ਰੱਖਿਆ ਗਿਆ ਹੈ। ਸਾਡੇ ਮੁਲਕਾਂ ਦੇ ਲੋਕਾਂ ਵਾਂਗ ਅਤੇ ਖਾਸ ਕਰਕੇ ਪੰਜਾਬੀਆਂ ਦੇ ਸੁਭਾਅ ਦੇ ਉਲਟ ਇਹ ਆਪਣੇ ਮਹਾਨ ਪੁਰਖਿਆਂ ਦੀ ਯਾਦਾਂ ਨੂੰ ਇਨ ਬਿਨ ਸਾਂਭ ਕੇ ਰੱਖਦੇ ਹਨ। ਵਾਲਵਰਥ (WALWORTH) ਲੰਡਨ ਵਿਖੇ ਛੋਟੇ ਜਹੇ ਪਾਰਕ ਵਿਚ ਫੇਰਾਡੇ ਗਾਰਡਨਜ਼ ਹੈ। ਲੰਡਨ ਸਾਊਥ ਬੈਂਕ ਯੂਨੀਵਰਸਿਟੀ ਨੇ ਇਲੈਕਟਰੀਕਲ ਇੰਜਨੀਰਿੰਗ ਡਿਪਾਰਟਮੈਂਟ ਦਾ ਨਾਮ ਫੇਰਾਡੇ ਵਿੰਗ ਰੱਖਿਆ ਹੈ। ਲਫਬਰ (LAUGHBOROUGH) ਯੂਨੀਵਰਸਿਟੀ ਨੇ 1960 ਵਿਚ ਆਪਣੇ ਇਕ ਹਾਲ ਦਾ ਨਾਮ ਫੈਰਾਡੇ ਰੱਖਿਆ ਹੈ। ਉਹਨਾਂ ਨੇ ਡਾਇਨਿੰਗ ਹਾਲ ਦੇ ਸ਼ੁਰੂ ਵਿਚ ਬਰੋਂਜ਼ (BRONZE) ਦਾ ਫੈਰਾਡੇ ਦਾ ਬੁੱਤ ਬਣਾਇਆ ਹੋਇਆ ਹੈ ਅਤੇ ਇਲੈਕਟਰੀਕਲ ਟਰਾਂਸਫੋਰਮਰ ਵੀ ਉਥੇ ਉਲੀਕਿਆ ਹੋਇਆ ਹੈ। ਯੂਨੀਵਰਸਿਟੀ ਔਫ ਐਡਨਬਰਾ ਨੇ ਵੀ ਸਾਇੰਸ ਅਤੇ ਇੰਜਨੀਅਰਿੰਗ ਕੈਂਪਸ ਦਾ ਨਾਮ ਫੈਰਾਡੇ ਦੇ ਨਾਂ ਉੱਤੇ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਹੀ BRUNEL UNIVERSITY ਅਤੇ SWANSEA UNIVERSITY ਨੇ ਫਰਾਡੈ ਨੂੰ ਬਿਲਡਿੰਗਾਂ ਅਤੇ ਡਿਪਾਰਟਮਿੰਟ ਸਮਰਪਤ ਕੀਤੇ ਹਨ। ਇਹ ਕੰਮ NORTHERN ILLINOIS UNIVERSITY ਨੇ ਵੀ ਕੀਤਾ ਹੈ। ਐਂਟਾਰਕਟੀਕਾ (ANTARCTICA) ਵਿਖੇ ਵੀ ਫੈਰਾਡੇ ਸਟੇਸ਼ਨ ਬਣਾਇਆਗਿਆ ਹੈ।

ਜਦ ਅਲਬਰਟ ਆਈਨਸਟਾਇਨ ਜਰਮਨੀ ਤਾਂ ਦੌੜ ਆਇਆ ਸੀ ਤਾਂ ਉਹਨੇ 3 ਅਕਤੂਬਰ 1933 ਨੂੰ ਰੋਆਇਲ ਅਲਬਰਟ ਹਾਲ ਲੰਡਨ ਵਿਖੇ INTELLECTUAL FREEDOM ਦੇ ਵਿਸ਼ੇ ਉੱਤੇ ਲੈਕਚਰ ਦਿੰਦੇ ਕਿਹਾ ਸੀ :

ਅਗਰ ਇਸ ਤਰ੍ਹਾਂ ਦੀ ਆਜ਼ਾਦੀ ਨਾ ਹੁੰਦੀ ਤਾਂ ਨਾ ਇਥੇ (ਦੁਨੀਆਂ ਵਿਚ) ਸ਼ੈਕਸਪੀਅਰ, ਗੋਇਐ, ਨਿਊਟਨ, ਵੈਰਾਡੇ ਪਾਸਚਰ ਹੋਣੇ ਸਨ ਅਤੇ ਨਾ ਹੀ ਲਿਸਟਰ (LISTER) ਬਰਤਾਨੀਆਂ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਵੀ ਫੈਰਾਡੇ ਦੇ ਨਾਮ ਉਪਰ ਗਲੀਆਂ ਦੇ ਨਾਮ ਰੱਖੇ ਗਏ ਹਨ ਜਿਵੇਂ ਲੰਡਨ, ਫਾਈਵੇ (6965), ਸੇਵਿੰਡਨ, ਬਾਸਿੰਗਸਟਕ, ਨੋਟਿਘੰਮ, ਵਿਟਬੀ, ਕਿਰਕਬੀ, ਕਰਾਵਲੀ, ਨਿਊਬਰੀ, ਸਵਾਨਜ਼ੀ, ਐਲਿਜ਼ਬਰੀ, ਅਤੇ ਸਟੀਵਨੇਜ਼ ਅਤੇ ਫਰਾਂਸ, ਜਰਮਨੀ (BERLIN DAHLEM, HERNSDORF) ਕਨੈਡਾ (QUEBEC CITY QUEBEC) ਡੀਪ ਰਿਵਰ, ਔਨਤਾਰੀਓ, ਓਟਾਵਾ, ਅਮਰੀਕਾ ਵਿਚ ਰਿਸਟਨ-ਵਰਜੀਨੀਆ ਅਤੇ ਨਿਊਜ਼ੀਲੈਂਡ (HARWKEÓS BAY)

ਰੋਆਇਲ ਸੋਸਾਇਟੀ ਔਫ ਆਰਟਸ Blue Plaque ਦਾ ਫੈਰਾਡੇ ਦੀ ਯਾਦ ਵਿਚ 1876 48 BLAND FORD STREET, MARRYLEBONE DISTRICT LONDON ਉਦਘਾਟਨ ਕੀਤਾ ਗਿਆ। 1991 ਤੋਂ 2001 ਤਕ ਬਰਤਾਨੀਆਂ ਦੇ 20 ਪੌਂਡ ਦੇ ਨੋਟ ਉਪਰ ਤਸਵੀਰ ਛਾਪੀ ਗਈ ਅਤੇ ਉਹਨੂੰ ਮੈਗਨੇਟੋ-ਇਲੈਕਟਰਿਕ ਸਧਾਰਕ ਐਪਰੇਚਸ ਉਪਰ ਰੋਆਇਲ ਇਨਸਟੀਟਿਊਸ਼ਨ ਵਿਖੇ ਭਾਸ਼ਣ ਦਿੰਦਾ ਦਿਖਾਇਆ ਗਿਆ। 2002 ਵਿਚ ਬੀ.ਬੀ.ਸੀ. ਨੇ ਬਰਤਾਨੀਆਂ ਭਰ ਵਿਚੋਂ ਸਰਵੇਖਣ ਕੀਤਾ ਕਿ 100 Greatest Britons ਕੌਣ ਹਨ ਤਾਂ ਬਰਤਾਨੀਆਂ ਦੇ ਲੋਕਾਂ ਨੂੰ ਫੈਰਾਡੇ ਨੂੰ 22ਵਾਂ ਨੰਬਰ ਦਿੱਤਾ।

ਦਾ ਫੈਰਾਡੇ ਇਨਸਟੀਚਿਊਟ ਫਾਰ ਸਾਇੰਸ ਐਂਡ ਰਿਲੀਜ਼ਨ ਅਤੇ ਉਨ੍ਹਾਂ ਦਾ ਲੋਗ ਵੀ ਫੈਰਾਡੇ ਨੂੰ ਸਮਰਪਤ ਕੀਤਾ ਗਿਆ । 2006 ਵਿਚ JOHN TEMPLETON FOUN DATION ਨੇ 2,000,200 ਡਾਲਰਾਂ ਦੀ ਗ੍ਰਾਂਟ ਦਿੱਤੀ ਤਾਂ ਕਿ ਸਾਇੰਸ ਅਤੇ ਧਰਮ ਬਾਰੇ ਜਾਣਿਆ ਜਾ ਸਕੇ। ਦਾ ਫੈਰਾਡੇ ਇਨਸਟੀਟਿਊਸ਼ਨ 2017 ਵਿਚ ਸਥਾਪਤ ਕੀਤੀ ਗਈ ਜੋ ਕਿ ਇਕ ਆਜ਼ਾਦ ਸੰਸਥਾ ਹੈ। ਇਹ ਬਰਤਾਨੀਆਂ ਦੀ ਖੋਜ ਕਰਤਾ ਸੰਸਥਾ ਹੈ ਜੋ ਬੈਟਰੀ ਸਾਇੰਸ, ਟੈਕਨੋਲੋਜੀ, ਐਜੂਕੇਸ਼ਨ, ਪਬਲਕ ਨਾਲ ਰਾਬਤਾ ਕਾਇਮ ਕਰਨਾ ਅਤੇ ਵਿਉਪਾਰਕ ਖੋਜ ਨੂੰ ਸਮਰਪਤ ਹੈ।

ਅਮਰੀਕਣ ਡਾਕੂਮੈਂਟਰੀ ਨੇ ਆਪਣੇ ਦਸਵੇਂ ਕਾਂਡ ਵਿਚ ਫੈਰਾਡੇ ਦੇ ਜੀਵਨ ਅਤੇ ਪ੍ਰਾਪਤੀਆਂ ਨੂੰ ਦਰਸਾਇਆ। ਇਸ ਅਮਰੀਕਣ ਸਾਇਸ ਡਾਕੂਮੈਂਟਰੀ ਜਿਹਦਾ ਨਾਮ : COSMOS: A SPACETIME ODYSSEY ਰਖਿਆ ਗਿਆ ਅਤੇ ਜਿਹਨੂੰ ਫੋਕਸ ਟੀ ਵੀ ਅਤੇ ਨੈਸ਼ਨਲ ਜਿਉਗਰਾਫਿਕ ਚੈਨਲ ਉਪਰ 2014 ਵਿਚ ਦਿਖਾਇਆ ਗਿਆ ਸੀ। ਮਾਈਕਲ ਫੈਰਾਡੇ ਨੂੰ ਸਮਰਪਿਤ ਇਸ ਕਾਂਡ ਦਾ ਨਾਮ "THE ELECTRIC BOY ਰੱਖਿਆ ਗਿਆ। ਪ੍ਰਸਿੱਧ ਬਰਤਾਨਵੀ ਸਾਹਿਤਕਾਰਕ (ALDOUS HUXLEY) ਨੇ ਆਪਣੇ ਇਕ ਲੇਖ "A Night

in Pietramala" ਵਿਚ ਲਿਖਿਆ ਹੈ।

"ਉਹ ਸਦਾ ਹੀ ਇਕ ਕੁਦਰਤੀ ਦਾਰਸ਼ਨਿਕ ਹੈ। ਸੱਚਾਈ ਦੀ ਖੋਜ ਕਰਨਾ ਉਹਦਾ ਇਕੋ ਇੱਕ ਮਨਸ਼ਾ ਸੀ ਅਤੇ ਇਹਦੇ ਵਿਚ ਦਿਲਚਸਪੀ ਸੀ। ਅਗਰ ਮੈਂ ਸੈਕਸਪੀਅਰ ਵੀ ਹੁੰਦਾ ਤਾਂ ਮੇਰਾ ਖਿਆਲ ਹੈ ਕਿ ਮੈਂ ਫੇਰਾਡੇ ਬਣਦਾ।"

ਰੋਆਇਲ ਸੋਸਾਇਟੀ ਨੂੰ ਭਾਸ਼ਣ ਦਿੰਦੇ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਮਿਸਜ਼ ਮਾਰਗੇਰਟ ਥੈਚਰ ਨੇ ਫੈਰਾਡੇ ਨੂੰ ਹੀਰੋ ਦਾ ਖਿਤਾਬ ਦਿੰਦੇ ਕਿਹਾ: "ਉਹਦੇ ਕੰਮ ਦੀ ਕੀਮਤ ਮਾਰਕੀਟ ਵਿਚਲੇ ਸਾਰੇ ਸਟੋਕ ਐਂਡ ਸ਼ੇਅਰਜ਼ ਨਾਲੋਂ ਜ਼ਿਆਦਾ ਹੈ।" ਇਸ ਭਾਸ਼ਣ ਤੋਂ ਬਾਅਦ ਉਹਨੇ ਫੈਰਾਡੇ ਦਾ ਬੁੱਤ ਉਧਾਰ ਮੰਗ ਲਿਆ ਅਤੇ ਉਹਨੂੰ ਪ੍ਰਧਾਨ ਮੰਤਰੀ ਦੀ ਰਹਾਇਸ਼ 10 ਡਾਊਨਿੰਗ ਸਟਰੀਟ ਵਿਖੇ ਲਗਾ ਲਿਆ।

ਕੀ ਕਦੇ ਭਾਰਤ ਵਿਚ ਵੀ ਵਿਗਿਆਨੀਆਂ, ਕਲਾਕਾਰਾਂ, ਲੇਖਕਾਂ ਨੂੰ ਐਹੋ ਜਿਹੇ ਸਨਮਾਨ ਦਿੱਤੇ ਜਾਣਗੇ ਜੋ ਇਹ ਲੋਕ ਦਿੰਦੇ ਹਨ ਜਾਂ ਅਸੀਂ ਬੂਬਨਿਆਂ, ਸ਼ਾਹੀ ਅਨਪੜ ਥੋਥੇ ਸਾਧਾਂ, ਬਾਬਿਆਂ ਦੇ ਹੀ ਗੁਣ ਗਾਣ ਕਰਦੇ ਰਹਾਂਗੇ।

1991 ਵਿਚ ਫੈਰਾਡੇ ਦੀ ਜਨਮ ਸ਼ਤਾਬਦੀ ਮੌਕੇ ਉਸ ਦੀ ਯਾਦ ਵਿਚ ਡਾਕ ਟਿਕਟ ਜਾਰੀ ਕੀਤੀ ਗਈ ਅਤੇ ਇਕ ਖਾਸ ਪ੍ਰੋਗਰਾਮ ਕਰਕੇ ਵੀਹ ਪੌਂਡ ਦੇ ਨੋਟ ਉਤੇ ਵਿਲੀਅਮ ਸ਼ੈਕਸਪੀਅਰ ਦੀ ਥਾਂ ਉਸ ਦੀ ਫੋਟੋ ਅਤੇ ਦਸਤਖ਼ਤਾਂ ਨੂੰ ਤਰਜ਼ੀਹ ਦਿਤੀ ਗਈ।

***



**ਸ. ਇਕਬਾਲ ਸਿੰਘ ਲਾਲਪੁਰ (ਚੇਅਰਮੈਨ ਆਲ ਇੰਡੀਆ ਮਾਇਨਾਰਟੀ ਕਮਿਸ਼ਨ) ਨਾਲ ਸ. ਸੁਰਿੰਦਰ ਸਿੰਘ ਸੁੰਨੜ, ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਸ. ਚੇਤਨ ਸਿੰਘ ਹੁਣਾਂ ਦੇ ਘਰ ਦੀ ਲਾਇਬਰੇਰੀ ਵਿੱਚ।**

# 20 ਜੂਨ 1977 ਦਾ ਯਾਦਗਾਰੀ ਦਿਨ

**ਚੇਤਨ ਸਿੰਘ,**
ਸਾਬਕਾ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ



ਰੀਟਾਇਰਮੈਂਟ ਬਾਆਦ, ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ ਤਾਂ ਮਨੁਖ ਵਿਹਲੇ ਸਮੇਂ ਵਿਚ ਆਪਣੇ ਅਤੀਤ ਦੇ ਵੱਖ ਵੱਖ ਯਾਦਗਾਰੀ ਦਿਨਾਂ ਨੂੰ ਯਾਦ ਕਰਕੇ ਇਕ ਅਜੀਬ ਆਰਜ਼ੀ ਸਕੂਨ ਹਾਸਲ ਕਰਦੇ ਰਹੀਦੀ ਹੈ। ਆਪਣੇ ਬਚਪਨ ਦੀਆਂ ਯਾਦਾਂ, ਮੁਢਲੇ ਪ੍ਰਾਇਮਰੀ ਸਕੂਲ ਤੇ ਹਾਈ ਸਕੂਲ ਤੋਂ ਬਾਅਦ ਕਾਲਜ ਦੀ ਕਲਰਫੁੱਲ ਕਹੀ ਜਾਂਦੀ ਜਿੰਦਗੀ ਦੇ ਸਮਿਆਂ ਦੀਆਂ ਖਾਸ ਯਾਦਾਂ ਜਾਂ ਵਾਕਿਆਤ ਜ਼ਿਹਨ ਵਿਚ ਮੰਡਰਾਉਂਦੇ ਰਹਿੰਦੇ ਹਨ। ਕਦੇ ਕਦੇ ਪੁਰਾਣੇ ਵਕਤਾਂ ਦਾ ਕੋਈ ਬੇਲੀ ਮਿਲ ਜਾਵੇ ਤਾਂ ਸਾਂਝੀਆਂ ਯਾਦਾਂ ਦੁਹਰਾ ਕੇ ਖੀਵੇ ਹੁੰਦੇ ਰਹੀਦਾ ਹੈ। ਇੱਕ ਗੱਲ ਵਾਰ ਵਾਰ ਦੁਹਰਾਈਦੀ ਹੈ ਕਿ ਉਹ ਪੁਰਾਣਾ ਸਮਾਂ ਕਿੰਨਾਂ ਚੰਗਾ ਸੀ ਤੇ ਦੂਜਾ ਉਹ ਦਿਨ ਮੁੜ ਨਹੀਂ ਆਉਣੇ। ਸੱਚ ਤਾਂ ਇਹ ਹੈ ਕਿ ਬੀਤਿਆਂ ਸਮਾਂ ਹਰ ਇਕ ਦਾ ਸੁਹਾਵਣਾ ਹੁੰਦਾ ਹੈ । ਇੰਜ 'ਓਲਡ ਇਜ਼ ਗੋਲਡ' ਕਹਾਵਤ ਸੱਚ ਦੀ ਸਹੀ ਤਰਜਮਾਨੀ ਕਰਦੀ ਹੈ।

20 ਜੂਨ 1977 ਦੇ ਦਿਨ ਬੀ ਏ : ਐਮ ਏ ਬਾਅਦ ਮੈ ਪੰਜਾਬ ਸਿੰਧ ਬੈਂਕ ਸੋਗੀ (ਸ਼ਿਮਲਾ) ਵਿਚ ਸਰਵਿਸ ਜਾਇਨ ਕੀਤੀ ਸੀ। ਮੇਰੇ ਵੱਡੇ ਭਾਈ ਕਰਨੈਲ ਸਿੰਘ ਉਦੋਂ ਗੁਰੂ ਗ੍ਰੰਥ ਸਾਹਿਬ ਮਿਸ਼ਨ ਟਰੱਸਟ ਸ਼ਾਹ ਪੁਰ (ਅੰਬਾਲੀ ਛਾਉਣੀ ) ਵਿਖੇ ਸੇਵਾ ਭਾਵਨਾ ਵਾਲੀ ਨੌਂਕਰੀ ਕਰਦੇ ਸਨ। ਛੁਟੀਆਂ ਵਿਚ ਮੈ ਵੀ ਸੇਵਾ ਕਰਨ ਲਈ ਓਥੇ ਚਲਾ ਜਾਂਦਾ ਸੀ। ਇਹ ਅਸਥਾਨ ਸੰਤ ਬਾਬਾ ਹਰਨਾਮ ਸਿੰਘ ਰਾਮਪੁਰ ਖੇੜਾ ਸਾਹਿਬ ਵਾਲਿਆਂ ਦੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿਚੋ ਪੈਦਾ ਹੋਇਆ ਸੀ। ਇਸ ਲਈ ਇਥੇ ਰਾਮਪੁਰ ਖੇੜਾ ਸਾਹਿਬ ਨਾਲ ਜੁੜੇ ਮੇਰੇ ਭਾਈ ਸਾਹਿਬ ਦੇ ਨਾਲ ਗ੍ਰੰਥੀ ਭਾਈ ਬਿਸ਼ਨ ਸਿੰਘ ਗੋਂਦਪੁਰ, ਡਰਾਈਵਰ ਭਾਈ ਅਮਰੀਕ ਸਿੰਘ ਧੁੱਗਾ ਤੇ ਗ੍ਰੰਥੀ ਭਾਈ ਨਿਰਮਲ ਸਿੰਘ ਇਥੇ ਸੇਵਾ ਭਾਵਨਾ ਵਾਲੀ ਇਹ ਨੌਕਰੀ ਕਰਦੇ ਸਨ। ਮੇਰੇ ਭਾਈ ਪਾਸ ਇਕ ਮਿਹਰਵਾਨ ਬਜ਼ੁਰਗ ਮਿੱਤਰ – ਜਥੇਦਾਰ ਵਰਿਆਮ ਸਿੰਘ 'ਦੇਸ਼ ਭਗਤ' ਆਉਂਦੇ ਰਹਿੰਦੇ ਸਨ। ਇਹ ਸੰਤ ਲੋਕ ਪਿੰਡ ਧੰਦੋਈ (ਬਟਾਲਾ) ਦੇ ਸਨ। ਕਈ ਵਾਰ ਉਹ ਸਾਡੇ ਪਿੰਡ ਵੀ ਆਏ। ਪੁਰਾਣੇ ਬਜ਼ੁਰਗਾਂ ਦੇ ਪਰਉਪਕਾਰੀ ਸੁਭਾਅ ਵਾਂਗ ਮੈਨੂੰ ਵੇਖ ਕੇ ਉਨ੍ਹਾਂ ਹਰ ਵਾਰ ਆਪੇ ਹੀ ਕਹਿ ਜਾਣਾ;– "ਕਰਨੈਲ ਸਿੰਘ ਜਦੋਂ ਤੇਰਾ ਭਰਾ ਬੀ ਏ ਕਰ ਗਿਆ ਮੈਂ ਇਸ ਨੂੰ ਸਿੰਧ ਬੈਂਕ ਵਿਚ ਲਗਾ ਦੇਣਾ। ਸਮਾਂ ਪਾ ਕੇ ਮੈ ਬੀ. ਏ. ਕਰ ਗਿਆ ਤੇ ਐਮ. ਏ. ਕਰਨ ਲੱਗ ਪਿਆ। ਇੱਕ ਦਿਨ ਉਹ ਪਿੰਡ ਆਏ ਤੇ ਮੈਨੂੰ ਕਹਿੰਦੇ ਚਲ ਪਈ ਤੈਨੂੰ ਬੈਕ ਵਿਚ ਲਵਾ ਦੇਵੀਏ। ਮੈ ਐਮ ਏ ਕਰਨੀ ਚਾਹੁੰਦਾ ਸੀ ਪਰ ਦਿੱਲੀ ਵੇਖਣ ਦੇ ਚਾਅ ਵਿਚ ਮੈਂ ਤੁਰ ਪਿਆ।

'ਝੱਟ ਮੰਗਣੀ ਤੇ ਫੱਟ ਵਿਆਹ' ਵਾਲੀ ਗੱਲ ਹੋਈ। ਬਜ਼ੁਰਗ ਨੇ ਚੇਅਰਮੈਨ ਇੰਦਰਜੀਤ ਸਿੰਘ ਨਾਲ ਮਿਲਾਇਆ। ਇੰਟਰਵਿਊ ਤੋਂ ਕੁਝ ਦਿਨਾ ਬਾਅਦ ਸ਼ਿਮਲਾ ਨੇੜੇ ਹਾਜ਼ਰ ਹੋਣ ਦਾ ਪੱਤਰ ਆ ਗਿਆ ਮਿਤੀ 17 ਜੂਨ ਨੂੰ ਆਪਣੀ ਸ਼ਰਧਾ ਅਨੁਸਾਰ ਘਰੋਂ ਚਲੇ ਕੇ ਸੀ? ਅਨੰਦਪੁਰ ਸਾਹਿਬ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ। ਤਖਤ ਸਾਹਿਬ ਦੀ ਲਾਇਬ੍ਰੇਰੀ ਵਿਚੋ ਦੋ ਕਿਤਾਬਾਂ ਇਸ਼ੂ ਕਰਵਾ ਕੇ ਨਾਲ ਲੈ ਲਈਆਂ। ਇਨ੍ਹਾਂ ਵਿਚੋ ਇਕ ਡਾ ਤ੍ਰਿਲੋਚਨ ਸਿੰਘ ਲੁਧਿਆਣੇ ਵਾਲਿਆਂ ਦੀ –Biography of Guru Tegh Bahadur Sahib ਸੀ।

18 ਜੂਨ ਨੂੰ ਇਥੋਂ ਚਲਿਆ ਤੇ ਸੀਮਾ ਨੂੰ ਕਾਲਕਾ ਪਹੁੰਚ ਗਿਆ ਸੀ। ਇਥੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੇ ਉਸਦੇ ਪਰਿਵਾਰ ਨੇ ਯਥਾਰਥ ਸ਼ਕਤ ਮੈਨੂੰ ਰਿਹਾਇਸ ਤੇ ਸਹਿਯੋਗ ਦਿੱਤਾ। ਸ਼ਾਮ ਨੂੰ ਮੈ ਰੇਲਵੇ ਸਟੇਸ਼ਨ ਕਾਲਕਾ ਸਵੇਰੇ ਸ਼ਿਮਲਾ ਨੂੰ ਜਾਣ ਵਾਲੀ ਟਰੇਨ ਦੇ ਟਾਇਮ ਤੇ ਟਿਕਟ ਦਾ ਪ੍ਰਬੰਧ ਕਰ ਆਇਆ ਸੀ।ਨੌਕਰੀ ਅਤੇ ਪਹਾੜੀ ਰੇਲ ਦੇ ਸਫਰ ਦੇ ਚਾਅ ਵਿਚ ਮੈਨੂੰ ਕੋਈ ਖਾਸ ਨੀਂਦ ਨਾ ਆਈ। ਸਵੇਰੇ 19 ਜੂਨ ਨੂੰ ਕਾਲਕਾ ਰੇਲਵੇ ਸਟੇਸ਼ਨ ਪਹੁੰਚਾ ਤਾਂ ਗਰਮੀਆਂ ਦੀਆਂ ਛੁਟੀਆਂ ਹੋਣ

ਕਾਰਨ ਬਹੁਤ ਸਾਰੇ ਯਾਤਰੂ ਸ਼ਿਮਲਾ ਜਾਣ ਲਈ ਗੱਡੀ ਦੀ ਉਡੀਕ ਵਿਚ ਸਨ। ਅਸੀਂ ਦਸਵੀਂ ਗਿਆਰਵੀ ਦੇ ਅੰਗ੍ਰੇਜ਼ੀ ਪੇਪਰ ਦੀ ਤਿਆਰੀ ਲਈ ਦੋ ਐਸੇ ਆਮ ਹੀ ਯਾਦ ਕਰਦੇ ਸੀ। ਇਕ ਸੀ –A Scene at the Railway Station ਅਤੇ ਦੂਜਾ My Journey to a Hill Station. ਅੱਜ ਉਸਦਾ ਪਰਤੱਖ ਨਜਾਰਾ ਵੇਖ ਕੇ ਖੁਸ਼ੀ ਹੋ ਰਹੀ ਸੀ। ਪਹਿਲੀ ਵਾਰ ਛੋਟੀ ਟਰੇਨ ਵਿਚ ਵੜਿਆ ਤਾਂ ਇਹ ਇਕ ਵੱਡਾ ਜਿਹਾ ਖਿਲੌਣਾ ਹੀ ਲੱਗੀ। ਛੇਤੀ ਹੀ ਪਹਾੜੀ ਸਫਰ ਵਿਚ ਸੁਰੰਗਾਂ ਆਉਣੀਆਂ ਸੁਰੂ ਹੋ ਗਈਆਂ। ਯਾਤਰੂ ਤੇ ਖਾਸ ਕਰ ਬੱਚੇ ਸੁਰੰਗ ਆਉਣ ਤੇ ਰੌਲਾ ਪਾਉਣ ਲੱਗ ਪੈਂਦੇ ਸੀ। ਮੈਂ ਆਪਣੀਆਂ ਸੋਚਾਂ ਵਿਚ ਡੁਬਾ ਹੋਇਆ ਸੋਚ ਰਿਹਾ ਸੀ ਕਿ ਸਕੂਲ ਕਾਲਜ ਵਿਚ ਪੜਣ ਬਾਅਦ ਇਹ ਸਫਰ ਕਰਕੇ ਨਵੀਂ ਦੁਨੀਆਂ ਵਿਚ ਜਾ ਰਿਹਾ ਸੀ। ਪਿੰਡ ਦੀਆਂ ਗਲੀਆਂ ਤੇ ਘਰ ਹੁਣ ਸਦੀ ਲਈ ਯਾਦਾ ਵਿਚ ਹੀ ਰਹਿ ਜਾਣੇ ਹਨ। ਹੁਣ ਦੂਜੇ ਤੀਜੇ ਦਿਨ ਆਪਣੇ ਪਿੰਡ ਦੇ ਬਾਹਰ ਸੰਤ ਹਰਨਾਮ ਸਿੰਘ ਜੀ ਕੋਲ ਵੀ ਨਹੀਂ ਜਾ ਹੋਣਾ, ਪ੍ਰੋ. ਮਹਿਬੂਬ ਦੀ ਸਾਹਿਤਕ ਸੰਗਤ ਵੀ ਕਦੇ ਨਸੀਬ ਨਹੀਂ ਹੋਣੀ, ਸਾਰੇ ਦੋਸਤ ਚਿੱਠੀ ਪੱਤਰਾਂ ਵਿਚ ਹੀ ਮਿਲਣਗੇ ਆਦਿ ਆਦਿ।

ਪਹਾੜੀ ਜੰਗਲਾਂ ਤੇ ਸੁਰੰਗਾਂ ਬਾਅਦ ਦੁਪਹਿਰ ਤਿੰਨ ਵਜੇ ਮੈਂ ਸ਼ਿਮਲਾ ਤੋਂ ਦਸ ਮੀਲ ਪਹਿਲਾਂ ਸਮਰ ਹਿੱਲਜ਼ ਸਟੇਸ਼ਨ ’ਤੇ ਉਤਰ ਗਿਆ। ਮੈਨੂੰ ਦੱਸਿਆ ਹੋਇਆ ਸੀ ਕਿ ਹੇਠਾਂ ਠੀਕ ਇਕ ਕਿਲੋਮੀਟਰ ਪਹਾੜੀ ਰਸਤਾ ਉਤਰ ਕੇ ਵੈਸਟਰਨ ਕਮਾਂਡ ਦੇ ਕੁਆਟਰ ਹਨ, ਜਿਥੇ ਸਾਡੇ ਮਾਮਾ ਜੀ ਦਾ ਜਵਾਈ ਹਵਾਲਦਾਰ ਨਿਰਮਲ ਸਿੰਘ ਦਾ ਕੁਆਟਰ ਸੀ। ਫੌਜੀਆਂ ਵਾਂਗ ਹੱਥ ਵਿਚ ਅਟੈਚੀ ਤੇ ਮੋਢੇ ਉਪਰ ਬਿਸਤਰਾ ਬੰਨ੍ਹ ਚੁੱਕ ਕੇ ਮੈ ਜੁਆਨੀ ਦੇ ਜੋਸ਼ ਵਿਚ ਅਚਾਨਕ ਕਆਟਰਾਂ ਵਿਚ ਪਹੁੰਚ ਗਿਆ ਕਿਉਕਿ ਪਹਾੜੀ ਢਲਾਨ ਵਿਚ ਦੂਰੋਂ ਪਤਾ ਨਹੀਂ ਲੱਗਦਾ। ਕੁਝ ਬੱਚੇ ਪਾਰਕ ਵਿਚ ਖੇਡ ਰਹੇ ਸਨ। ਗੁੱਟੀ ਉਤੇ ਚਿੱਟਾ ਰੁਮਾਲ ਬੰਨੀ ਇਕ ਬੱਚਾ “ਮਾਮਾ ਜੀ ਆਏ ਮਾਮਾ ਜੀ ਆਏ” ਕਹਿੰਦੇ ਆਪਣੇ ਘਰ ਨੂੰ ਦੌੜ ਗਿਆ, ਇਹ ਮੇਰਾ ਭਾਣਜਾ ਟੀਟੂ ਸੀ। ਉਸਦੇ ਘਰ ਨੂੰ ਚਾਅ ਵਿਚ ਨੱਸ ਜਾਣ ਬਾਅਦ ਮੈਨੂੰ ਹਵਾਲਦਾਰ ਨਿਰਮਲ ਸਿੰਘ ਦਾ ਘਰ ਫਿਰ ਪੁਛਣਾ ਪਿਆ। ਭੈਣ ਰੇਸ਼ਮ ਕੌਰ ਤੇ ਉਸਦਾ ਪਤੀ ਮੇਰੇ ਪਹੁਚਣ ਤੇ ਹੈਰਾਨ ਤੇ ਖੁਸ਼ ਵੀ ਹੋਏ।

ਅਗਲੇ ਦਿਨ 20 ਜੂਨ 1977 ਨੂੰ, ਹਵਾਲਦਾਰ ਸਾਹਿਬ ਸੱਤ ਵਜੇ ਸ਼ਿਮਲੇ ਕਮਾਂਡ ਆਫਿਸ ਪਹੁੰਚਣ ਕਰਕੇ ਛੇ ਵਜੇ ਘਰੋਂ ਚਲੇ ਗਏ। ਭੈਣ ਰੇਸ਼ਮ ਕੌਰ ਮੈਨੂੰ ਇੱਕ ਡੇਢ ਕਿਲੋਮੀਟਰ ਦਾ ਪੈਦਲ ਸ਼ਾਰਟਕੱਟ ਜੰਗਲੀ ਰੱਸਤੇ ਰਾਹੀਂ ਬਾਲੂ ਗੰਜ ਅੱਡੇ ਤੱਕ ਛੱਡਣ ਆਈ। ਬਾਲੂਗੰਜ ਸ਼ਿਮਲੇ ਤੋਂ ਚੰਡੀਗੜ ਵਾਲੇ ਸ਼ਾਹ ਰਾਹ ਉਤੇ ਹੈ। ਇਥੋਂ ਬੱਸ ਫੜ ਕੇ ਮੈਂ ਹੇਠਾਂ ਵੱਲ 10–, 15 ਮੀਲ ਤੇ ਸਥਿਤ ਸ੍ਰੋਗੀ ਅੱਡੇ ਉਤੇ ਉਤਰ ਕੇ ਪੰਜਾਬ ਸਿੰਧ ਬੈਂਕ ਵਿਚ ਪਹੁੰਚ ਗਿਆ। ਛੋਟੀ ਜਿਹੀ ਬਰਾਂਚ ਸੀ। ਬੈਂਕ ਮੈਨੇਜਰ ਆਪਣੀ ਕੁਰਸੀ ਤੋਂ ਉਠ ਕੇ ਫੋਨ ਉਤੇ ਗੱਲ ਕਰ ਰਿਹਾ ਸੀ। ਨਵੀਂ ਬੈਂਕ ਪਾਰਟੀ ਜਾਂ ਗਾਹਕ ਸਮਝ ਕੇ ਮੈਨੇਜਰ ਨੇ ਇਸ਼ਾਰਾ ਕਰਕੇ ਮੈਨੂੰ ਬੈਠਣ ਲਈ ਕਿਹਾ। ਇਹ ਦਿੱਲੀ ਤੋਂ ਉਸਦੇ ਚੇਅਰਮੈਨ ਜਾਂ ਕਿਸੇ ਉਚ ਅਫਸਰ ਦਾ ਫੋਨ ਸੀ ਤੇ ਆਦਰ ਵਿਚ ਖੜਾ ਹੋ ਕੇ ਗੱਲ ਕਰ ਰਿਹਾ ਸੀ। ਮੈਂ ਉਸਨੂੰ ਜਦੋ ਇਹ ਕਹਿੰਦਿਆਂ ਸੁਣਿਆ ਕਿ––––“–ਸਰ ਬਰਾਂਚ ਵਿਚ ਕੰਮ ਬਹੁਤ ਹੈ, ਸਟਾਫ ਘੱਟ ਹੈ, 30 ਜੂਨ ਦੀ ਕਲੋਜਿੰਗ ਆ ਰਹੀ ਹੈ ਜਿਹੜੀਆਂ ਦੋ ਨਵੀਆਂ ਤੁਸੀਂ ਐਪਆਂਇਟਮੈਂਟਾਂ ਕੀਤੀਆਂ ਸੀ, ਉਨਾਂ ਵਿਚੋ ਵੀ ਕਿਸੇ ਨੇ ਜਾਇਨ ਨਹੀਂ ਕੀਤਾ। ਇਹ ਸੁਣ ਕੇ ਮੈਂ ਜਾਇਨਿੰਗ ਲੈਟਰ ਵਿਖਾ ਦਿੱਤਾ ਤਾਂ ਮੈਨੇਜਰ ਸਾਹਿਬ ਨੇ ਫੋਨ ਤੇ ਗੱਲ ਕਰਦਿਆਂ ਹੀ ਕਹਿ ਦਿੱਤਾ ਕਿ ਲਓ ਇਕ ਤਾਂ ਆ ਗਿਆ*। ਫੋਨ ਬੰਦ ਕਰਕੇ ਮੈਂ ਆਪਣੇ ਬਾਰੇ ਦੱਸਿਆ ਤਾਂ ਨਿਯਮਾਂ ਅਨੁਸਾਰ ਮੇਰੇ ਸਾਰੇ ਅਸਲ ਸਰਟੀਫਿਕੇਟ ਚੈੱਕ ਕਰਨੇ ਸਨ। ਜਦੋਂ ਉਨ੍ਹਾਂ ਮੇਰੇ ਦਸਵੀਂ ਦੇ ਸਰਟੀਫਿਕੇਟ ਉਪਰ ਖਾਲਸਾ ਹਾਇਰ ਸੈਕੰਡਰੀ ਸਕੂਲ ਗੜਦੀਵਾਲਾ ਪੜਿਆ ਤਾਂ ਖੁਸ਼ ਹੋ ਕੇ ਕਹਿਣ ਲੱਗੇ ਹੁਣ ਹੋਰ ਕੋਈ ਸਰਟੀਫਿਕੇਟ ਨਹੀਂ ਵੇਖਣ ਦੀ ਲੋੜ, ਕਿਉਂਕਿ ਮੇਰੇ ਨਾਨਾ ਜੀ ਸ. ਤੇਜਾ ਸਿੰਘ ਜੀ ਓਥੇ ਹੈਡਮਾਸਟਰ ਸਨ। ਮੈਂ ਕਿਹਾ ਜੀ ਮੈ ਉਨ੍ਹਾਂ ਦੀ ਸੋਭਾ ਤਾਂ ਸੁਣੀ ਹੈ ਪਰ ਉਹ ਬਹੁਤ ਪਹਿਲਾਂ ਭਾਵ 1924 ਤੋ 1948 ਤੱਕ ਹੈਡਮਾਸਟਰ ਸਨ।

***

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ



**ਜਗਦੀਸ਼ ਰਾਏ ਕੁਲਰੀਆਂ**

ਸਮਾਜ ਵਿਚ ਨਵੇਂ ਵਰਤਾਰਿਆਂ ਦਾ ਪ੍ਰਚਲਣ ਹਮੇਸ਼ਾ ਚਲਦਾ ਰਹਿੰਦਾ ਹੈ। ਇਹ ਨਵੇਂ ਵਰਤਾਰੇ ਸਮਾਜ ਦੇ ਵਿਭਿੰਨ ਪਹਿਲੂਆਂ ਨੂੰ ਪ੍ਰਭਾਵਿਤ ਤਾਂ ਕਰਦੇ ਹੀ ਹਨ, ਬਲਕਿ ਮਨੁੱਖੀ ਜਨ ਜੀਵਨ ਤੇ ਵੀ ਅਸਰ ਪਾਉਂਦੇ ਹਨ। ਪਿਛਲੇ ਕੁੱਝ ਸਾਲਾਂ ਤੋਂ ਸ਼ੋਸ਼ਲ ਮੀਡੀਆ ਦੇ ਪ੍ਰਚਲਣ ਨੇ ਆਮ ਆਦਮੀ ਤੱਕ ਪਹੁੰਚ ਕੇ ਆਪਣੀ ਭਰਵੀਂ ਹਾਜ਼ਰੀ ਲਗਵਾਈ ਹੈ। ਇਹੀ ਕਾਰਨ ਹੈ ਕਿ ਅਜੋਕੇ ਸਮੇਂ ਵਿਚ ਸ਼ੋਸ਼ਲ ਮੀਡੀਆ ਦੀ ਸਾਰਥਿਕਤਾ ਆਪਣੇ ਰੰਗ ਦਿਖਾ ਰਹੀ ਹੈ¢ ਸ਼ੋਸ਼ਲ ਮੀਡੀਏ ਤੇ ਜਨਤਾ ਦੀ ਆਵਾਜ਼ ਰਾਜਨੀਤਿਕ ਗਲਿਆਰਿਆ ਤੱਕ ਅਪੜਦੀ ਜਾ ਰਹੀ ਹੈ ਅਤੇ ਇਸੇ ਕਾਰਨ ਹਾਕਮਾਂ ਨੂੰ ਆਪਣੇ ਫੈਸਲੇ ਵੀ ਬਦਲਣੇ ਪਏ ਹਨ। ਇਹ ਅਲਗ ਗੱਲ ਹੈ ਕਿ ਇਸ ਨਾਲ ਭਾਵੁਕ ਕਿਸਮ ਦੇ ਅਤੇ ਬਿਨਾਂ ਦੂਰ ਅੰਦੇਸ਼ੀ ਸੋਚ ਦੇ ਜ਼ਰੀਏ ਤੱਤ-ਭੜੱਤੇ ਪ੍ਰਤੀਕਰਮ ਜਿਆਦਾ ਪਾਏ ਜਾਂਦੇ ਹਨ। ਮੀਡੀਏ ਦੀ ਨਿਰਪੱਖਤਾ ਤੇ ਸਵਾਲ ਵੀ ਉੱਠਦੇ ਰਹਿੰਦੇ ਹਨ ਤੇ ਇਸਦੇ ਇਕ ਹਿੱਸੇ ਤੇ ਗੈਰ ਸਮਾਜਿਕ ਸਰੋਕਾਰਾਂ ਨਾਲ ਵਾਬਾਸਤਾ ਲੋਕਾਂ ਦੀ ਪਕੜ ਵੀ ਕੋਈ ਲੁਕੀ ਛੁਪੀ ਗਲ ਨਹੀਂ, ਜੋ ਕਿ ਲੋਕਤੰਤਰ ਦੇ ਇਸ 'ਚੌਥੇ ਥੰਮ੍ਹ' ਨੂੰ ਖੋਖਲਾ ਕਰ ਸਕਦੀ ਹੈ। ਅਜਿਹੇ ਸਮੇਂ ਸ਼ੋਸ਼ਲ ਮੀਡੀਆ ਇਕ 'ਪੰਜਵੇਂ ਥੰਮ੍ਹ' ਵਜੋਂ ਤੇਜ਼ੀ ਨਾਲ ਉੱਭਰ ਰਿਹਾ ਹੈ।

ਇਸ ਪੰਜਵੇਂ ਥੰਮ੍ਹ ਨੇ ਮਨੁੱਖੀ ਰਿਸ਼ਤਿਆਂ, ਸਾਡੇ ਕੰਮਾਂ—ਕਾਰਾਂ ਦੇ ਨਾਲ—ਨਾਲ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸਾਹਿਤ ਦੀ ਵੱਖ—ਵੱਖ ਵਿਧਾਵਾਂ ਨੇ ਇਸਦੇ ਬਹੁਕੋਣੀ ਪ੍ਰਭਾਵਾਂ ਨੂੰ ਸ਼ਿੱਦਤ ਨਾਲ ਉਭਾਰਿਆ ਹੈ। ਪੰਜਾਬੀ ਮਿੰਨੀ ਕਹਾਣੀ ਨੇ ਵੀ ਵਿਸ਼ਵੀਕਰਨ ਦੌਰ ਇਸ ਵਰਤਾਰੇ ਨੂੰ ਆਪਣੀਆਂ ਰਚਨਾਵਾਂ ਵਿਚ ਸਮੇਟਿਆ ਹੈ।

ਪੇਸ਼ਕਸ਼: ਜਗਦੀਸ਼ ਰਾਏ ਕੁਲਰੀਆਂ

### ਖਾਸ ਤੁਹਾਡੇ ਲਈ / ਅਨੀਤਾ ਲਲਿਤ, ਲਖਨਊ

ਗਰਮ ਗਰਮ ਗੁਜ਼ੀਆ ਇਕ ਸੁੰਦਰ ਪਲੇਟ ਵਿਚ ਸਜਾ ਕੇ ਮੇਜ਼ ਤੇ ਰੱਖੀ ਹੋਈ ਸੀ। ਉਹ ਆਪਣੇ ਮੋਬਾਇਲ ਨਾਲ ਵੱਖ ਵੱਖ ਐਂਗਲਾ ਤੋਂ ਉਸ ਦੀਆਂ ਫੋਟੋਆਂ ਖਿੱਚ ਰਹੀ ਸੀ। ਪਰ ਉਸ ਦੇ ਪਸੰਦ ਦਾ ਫੋਟੋ ਨਹੀਂ ਸੀ ਆ ਰਹੀ। ਉਹ ਬਹੁਤ ਕਾਹਲ ਵਿੱਚ ਸੀ। ਇਸ ਲਈ ਖਿੱਝ ਵੀ ਰਹੀ ਸੀ। ਮੇਜ ਦੇ ਦੂਜੇ ਖੂੰਜੇ ਵਿੱਚ ਉਸ ਦਾ ਲੈਪਟਾਪ ਰੱਖਿਆ ਹੋਇਆ ਸੀ, ਜਿਸ ਨੂੰ ਉਹ ਵਾਰ ਵਾਰ ਦੇਖ ਕੇ ਆਉਂਦੀ ਸੀ ਅਤੇ ਉਸ ਦੀ ਬੈਚੇਨੀ ਹੋਰ ਵੀ ਵਧ ਜਾਂਦੀ ਸੀ। ਇਸ ਤਰ੍ਹਾਂ ਲਗ ਰਿਹਾ ਸੀ ਜਿਵੇਂ ਉਹ ਕਿਸੇ 'ਰੇਸ' ਵਿੱਚ ਭਾਗ ਲੈਣ ਦੀ ਤਿਆਰੀ ਕਰ ਰਹੀ ਹੋਵੇ।

ਏਨੇ ਵਿੱਚ ਉਸ ਦਾ ਮੁੰਡਾ ਚਿੰਟੂ ਖੇਡ ਕੇ ਆਇਆ ਅਤੇ ਏਨੀ ਸਾਰੀ ਗੁਜ਼ੀਆ ਦੇਖ ਕੇ ਉਸ ਤੋਂ ਰਿਹਾ ਨਾ ਗਿਆ ਅਤੇ 'ਆਹਾ! ਗੁਜ਼ੀਆ! ਮੰਮਾ! ਬਹੁਤ ਜ਼ੋਰਾ ਦੀ ਭੁੱਖ ਲੱਗੀ ਐ।" ਕਹਿੰਦਾ ਪਲੇਟ 'ਤੇ ਝਪਟ ਪਿਆ।

'ਤੜਾਕ..... ' ਦੀ ਆਵਾਜ਼ ਨਾਲ ਇੱਕ ਹੋਰ ਅਵਾਜ਼ ਗੂੰਜੀ।

"ਦੋ ਮਿੰਟ ਦਾ ਸਬਰ ਨਹੀਂ ਹੈ। ਕੋਈ ਮੈਨਰਜ਼ ਨਾਮ ਦੀ ਚੀਜ਼ ਵੀ ਨੀਂ ਸਿੱਖੀ? ਭੁੱਖਿਆ ਦੀ ਤਰਾਂ ਟੁੱਟ ਪਿਆ ਬਸ।"

ਫੇਰ ਸੰਨਾਟਾ ਛਾ ਗਿਆ।

ਚਿੰਟੂ ਪਲੇਟ ਤੱਕ ਪਹੁੰਚ ਵੀ ਨਾ ਸਕਿਆ। ਉਸ ਨੂੰ ਆਪਣਾ ਕਸੂਰ ਵੀ ਪਤਾ ਨਾ ਚੱਲਿਆ। ਬਸ ਆਪਣੀ ਗੱਲ੍ਹ ਪਲੋਸਦਾ ਹੋਇਆ, ਡਰ ਕੇ ਬੈਠ ਗਿਆ।

ਉਹ ਬੁੜਬੁੜਾਂਦੀ ਹੋਈ ਫੇਰ ਤੋਂ ਗੁਜ਼ੀਆ ਦੀ ਪਲੇਟ ਦਾ ਐਂਗਲ ਠੀਕ ਕਰਨ ਲੱਗੀ।

ਏਨੇ ਨੂੰ ਇਕ ਝਿਜਕਦੀ ਜਿਹੀ ਆਵਾਜ਼ ਆਈ, "ਬਹੂ! ਜੇਕਰ ਤੂੰ ਵਿਹਲੀ ਹੋਗੀ ਹੋਵੇ ਤਾਂ ਗੁਜ਼ੀਆ ਲੈ ਆ, ਭਗਵਾਨ ਜੀ ਨੂੰ ਭੋਗ ਲਗਾ ਦੇਈਏ?"

"ਆਉਂਨੀ ..ਆਂ. . ਸਾਰਿਆਂ ਨੂੰ ਆਪਣੀ ਈ ਪਈ ਹੋਈ ਐ। ਹੂੰਅ.।" ਕਹਿੰਦੀ ਹੋਈ ਉਹ ਲੈਪਟਾਪ 'ਤੇ ਕੁਝ ਕਰਨ ਲੱਗੀ।

ਥੋੜ੍ਹੇ ਸਮੇਂ ਵਿਚ ਉਸ 'ਗੁਜ਼ੀਆਂ ਦੀ ਪਲੇਟ' ਦੀ ਫੋਟੋ ਫੇਸਬੁੱਕ ਤੇ ਲੱਗੀ ਹੋਈ ਸੀ ਤੇ ਉਸ ਦਾ ਸਿਰਲੇਖ ਸੀ :- "ਖਾਸ ਤੁਹਾਡੇ ਸਾਰਿਆਂ ਲਈ।"

ਕੁੱਝ ਹੀ ਮਿੰਟਾਂ ਵਿਚ ਉਸ ਫੋਟੋ ਤੇ ਅਨੇਕਾਂ ਲਾਈਕਸ ਅਤੇ 'ਬੱਲੇ ! ਬੱਲੇ ਸੁਆਣੀ ਹੋਵੇ ਤਾਂ ਤੁਹਾਡੇ ਵਰਗੀ :–' ਕੁਮੈਂਟ ਆਉਣ ਲੱਗੇ ਅਤੇ ਇਹ ਦੇਖ ਕੇ ਉਹ ਮਾਣ ਨਾਲ ਬਹੁਤ ਜਿਆਦਾ ਖੁਸ਼ ਹੋ ਰਹੀ ਸੀ।

—o—

**ਇਤਰਾਜ਼/ਹਰਪ੍ਰੀਤ ਸਿੰਘ ਰਾਣਾ**

ਇਕ ਦਫਤਰ ਦੀਆਂ ਤਿੰਨ -ਚਾਰ ਔਰਤ ਕੁਲੀਗ ਲੰਚ ਟਾਈਮ ਵਿਚ ਗੱਲਾਬਾਤੀਂ ਰੁੱਝੀਆਂ ਹੋਈਆਂ ਸਨ। ਸਾਰੀਆਂ ਦੇ ਹੱਥਾਂ ਵਿਚ ਮਹਿੰਗੇ ਐਂਡਰੁਆਇਡ ਮੋਬਾਇਲ ਫੋਨ ਸਨ।

"ਵੇਖੋ ਬਈ ! ਇਹ ਆਪਣਾ ਸ਼ਰਮਾ ਹੈ ਨਾ, ਦੇਖੋ ਮੈਨੂੰ ਫੇਸਬੁੱਕ 'ਤੇ ਪੁੱਠੇ –ਸਿੱਧੇ ਮੈਸੇਜ ਭੇਜਦਾ ਰਹਿੰਦੈ .....।" ਮਿਸਿਜ ਕੁਲਕਰਨੀ ਗੁਸੇ ਵਿਚ ਅੱਗ–ਬਬੂਲਾ ਹੋਈ ਆਪਣੇ ਇਕ ਮਰਦ ਕੁਲੀਗ ਬਾਰੇ ਕਹਿ ਰਹੀ ਸੀ।

"ਅੱਛਾ ਦੇਖਣ ਨੂੰ ਤਾਂ ਬੜਾ ਸਾਊ ਲੱਗਦਾ, ਪਰ ਅੰਦਰੋਂ ਤਾ ਬੜਾ ਬਦਮਾਸ਼ ਹੈ।" ਮਿਸਿਜ ਪਾਂਡੇ ਬੋਲੀ।

"ਹਾਏ ਨੀ ਹਾਏ ਕੀ–ਕੀ ਮੈਸੇਜ ਭੇਜਦਾ ਉਹ ਪੁੱਠਾ, ਸਾਨੂੰ ਤਾਂ ਪੜਾ " ਮਿਸਿਜ ਦੇਵਿਕਾ ਚੁਟਕੀ ਮਾਰਦਿਆਂ ਹੱਸਦਿਆ ਬੋਲੀ।

ਆਪਣੀ ਚੌਥੀ ਕੁਲੀਗ ਜੋ ਚੁੱਪ–ਚਾਪ ਸਭ ਕੁੱਝ ਸੁਣ ਰਹੀ ਸੀ ਨੂੰ ਮਿਸਿਜ ਪਾਂਡੇ ਬੋਲੀ, "ਕੀ ਗੱਲ ਮਿਸਿਜ ਊਸ਼ਾ ਤੁਸੀ ਚੁੱਪ ਹੋ ? ਤੁਸੀਂ ਵੀ ਤਾਂ ਕੁਝ ਵਿਚਾਰ ਦਿਓ।"

ਬਾਕੀ ਸਾਰੀਆਂ ਮਿਸਿਜ ਊਸ਼ਾ ਵੱਲ ਸੁਆਲੀਆਂ ਨਜ਼ਰਾਂ ਨਾਲ ਤੱਕਣ ਲੱਗੀਆਂ।

"ਭੈਣੋ, ਬੁਰਾ ਨਾ ਮਨਾਈਓ ਤਾਂ ਸੱਚੀ ਗੱਲ ਦੱਸਾਂ?" ਮਿਸਿਜ ਊਸ਼ਾ ਝਿਜਕਦੇ ਜਿਹੇ ਬੋਲੀ।

"ਹਾਂ . ਹਾਂ ਆਪਣੇ ਵਿਚਾਰ ਦੱਸੋ।" ਮਿਸਿਜ ਦੇਵਿਕਾ ਬੋਲੀ।

"ਮਿਸਿਜ ਕੁਲਕਰਨੀ, ਸ਼ਰਮਾ ਤੁਹਾਨੂੰ ਕਿੰਨੇ ਚਿਰਾਂ ਤੋਂ ਮੈਸੇਜ ਭੇਜ ਰਿਹੈ?"

"ਇਹੀ ਕੋਈ ਦੋ–ਤਿੰਨ ਮਹੀਨੇ ਤੋਂ. . .।"

"ਤੁਸੀਂ ਵੀ ਅੱਗੇ ਮੈਸੇਜ ਦੇ ਜਵਾਬ ਦਿੱਤੇ ਨੇ।"

"ਹਾਂ . . . ਹਾਂ, ਸ਼ੁਰੂ–ਸ਼ੁਰੂ ਵਿਚ, ਪਰ ਬਾਅਦ ਵਿਚ ਜਦੋਂ ਉਹ ਪੁੱਠੇ –ਸਿੱਧੇ ਮੈਸੇਜ ਭੇਜਣ ਲੱਗ ਪਿਆ ਤਾਂ ਮੈਂ ਜਵਾਬ ਦੇਣਾ ਘੱਟ ਕਰ ਦਿੱਤੈ, ਕਦੇ–ਕਦੇ ਹੀ ਦੇਂਦੀ ਹਾਂ।"

"ਮਿਸਿਜ ਕੁਲਕਰਨੀ, ਬੁਰਾ ਨਾ ਮਨਾਈਓ, ਫਿਰ ਤਾਂ ਲੱਗਦਾ ਤੁਹਾਨੂੰ ਵੀ ਉਸ ਦੇ ਮੈਸੇਜ਼ ਭੇਜਣ 'ਤੇ ਕੋਈ ਇਤਰਾਜ਼ ਨਹੀਂ ਹੈ।"

"ਕੀ ਮਤਲਬ?" ਮਿਸਿਜ਼ ਕੁਲਕਰਨੀ ਦੇ ਬੋਲਾਂ ਵਿਚ ਝੁੰਜਲਾਹਟ ਸੀ।

"ਜੇ ਤੁਹਾਨੂੰ ਇਤਰਾਜ ਹੁੰਦਾ ਤਾਂ ਤੁਸੀਂ ਹੁਣ ਤੱਕ ਉਸ ਨੂੰ ਆਪਣੀ ਪ੍ਰੋਫਾਈਲ ਵਿਚੋਂ ਅਨਫਰੈਂਡ ਜਾਂ ਬਲੈਕ–ਲਿਸਟ ਕਿਉਂ ਨਹੀਂ ਕੀਤੈ।"

ਹੁਣ ਸਾਰੇ–ਪਾਸੇ ਚੁੱਪ ਜਿਹੀ ਪਸਰ ਗਈ।

—o—

**ਬੁਆਏ ਫਰੈਂਡ / ਜਗਦੀਸ ਰਾਏ ਕੁਲਰੀਆਂ**

"ਪ੍ਰੀਤੀ, ਤੂੰ ਵੀ ਕੀ ਯਾਰ ! ਸਾਰਾ ਦਿਨ ਕਿਤਾਬਾਂ 'ਚ ਮੱਥਾ ਮਾਰਦੀ ਰਹਿਨੀ ਐ ..ਕਦੇ ਚੈਟ–ਚੂਟ ਵੀ ਕੀਤੀ ਐ?" ਉਸਦੀਆਂ ਦੋ ਸਹੇਲੀਆਂ ਵਿੱਚੋਂ ਇਕ ਨੇ ਛੇੜਨ ਦੇ ਇਰਾਦੇ ਨਾਲ ਪੁੱਛਿਆ।

"ਪੜ੍ਹਾਈ ਤੇ ਮੈਂ ! .. ਜਾ ਮੈਂ ਨੀਂ ਦਸਦੀ।" ਪ੍ਰੀਤੀ ਨੇ ਚਾਂਭਲਦਿਆਂ ਕਿਹਾ।

"ਹਾਏ ਹਾਏ ਨੀਂ ਦੇਖ ਹਰਾਮਣ ! ਕਹਿੰਦੀ, ਦੱਸਦੀ ਨੀਂ ਸਾਨੂੰ ਪਤੈ ਤੇਰੀ 'ਫੇਕ' ਆਈ.ਡੀ. ਦਾ।" ਇੱਕ ਹੋਰ ਸਹੇਲੀ ਨੇ ਕਿਹਾ।

"ਜੇ ਪਤੈ, ਫੇਰ ਪੁੱਛਦੀਆਂ ਕਾਹਤੋਂ ਓ ਖਸਮਾਂ ਖਾਣੀਆਂ !" ਪ੍ਰੀਤੀ ਨੇ ਨਕਲੀ ਗੁੱਸਾ ਜ਼ਾਹਿਰ ਕਰਦਿਆਂ ਕਿਹਾ।

"ਦੇਖ–ਦੇਖ ਕਿਮੇਂ ਮਿਰਚਾਂ ਲਗਦੀਆਂ ਨੇ, ਅਸੀਂ ਕੇਹੜਾ ਤੈਥੋਂ ਖੋਹ ਲਵਾਂਗੇ, ਤੇਰਾ ਕੁਛ ਲਗਦਾ ਕੰਮ ਤਾਂ ਅਸੀਂ ਈਂ ਆਵਾਂਗੀਆਂ ਦੇਖ ਲੈ ਫੇਰ।" ਪਹਿਲੀ ਸਹੇਲੀ ਨੇ ਮਹਿਣਾ ਮਾਰਦੇ ਹੋਏ ਕਿਹਾ।

"ਤੁਸੀਂ ਤਾਂ ਮੇਰੀਆਂ ਪਿਆਰੀ ਸਹੇਲੀਆਂ ਓਂ ਐਂਵੇ ਗੁੱਸੇ ਹੁੰਨੀਓਂ ਅਜੇ ਪਿੰਡ ਵੱਸਿਆ ਨੀਂ, ਮੰਗਤੇ ਪਹਿਲਾਂ ਈ ਆਗੇ।" ਪ੍ਰੀਤੀ ਵੀ ਕਿੱਥੇ ਪਿੱਛੇ ਰਹਿਣ ਵਾਲੀ ਸੀ।

"ਨਾਂ ਅਸੀਂ ਹੁਣ ਮੰਗਤੇ ਹੋ ਗਏ" ਦੋਵੇਂ ਇਕਦਮ ਬੋਲੀਆਂ।

"ਨਹੀਂ ਯਾਰ ! ਮੇਰੇ ਕਹਿਣ ਦਾ ਏਹ ਮਤਲਬ ਨੀਂ ਤੁਸੀਂ

ਤਾਂ ਐਵੇਂ ਈ ਬਾਤ ਦਾ ਬਤੰਗੜ ਬਣਾ ਦਿੰਨੀਓਂ.. ਆਪਾਂ ਚੱਲਾਂਗੇ ਅੱਜ 'ਮਧੁਰ ਹੋਟਲ' 'ਚ ਨਾਲੇਂ ਤੁਸੀਂ ਵੀ ਦੇਖ ਲਈਓ ਆਪਣੇ ਜੀਜੇ ਨੂੰ।" ਪ੍ਰੀਤੀ ਨੇ ਆਪਣਾ ਪ੍ਰੋਗਰਾਮ ਦੱਸਿਆ।

"ਹਾਏ ਨੀਂ ਏਹਨੂੰ ਜਮਾਂ ਸ਼ਰਮ ਨੀਂ ਆਉਂਦੀ ਐਵੇਂ ਕਿਸੇ ਐਰੇ-ਗੈਰੇ ਨੂੰ ਸਾਡਾ ਜੀਜਾ ਬਣਾਤਾ ਸਾਨੂੰ ਦੱਸ ਤਾਂ ਸਹੀ ਕਿ ਕਿੱਥੋਂ ਦਾ ਐ, ਕੀ ਨਾਂ ਐ .. ਕੀ ਕਰਦੈ" ਪਹਿਲੀ ਸਹੇਲੀ ਨੇ ਪੂਰੀ ਗੱਲ ਪੁੱਛਣ ਦੇ ਇਰਾਦੇ ਨਾਲ ਕਿਹਾ।

"ਬਾਹਲਾ ਕੁਝ ਤਾਂ ਮੈਨੂੰ ਵੀ ਪਤਾ ਨੀਂ, ਬਸ ਫੇਸਬੁੱਕ 'ਤੇ ਹੀ ਮਹੀਨੇ ਕੁ ਤੋਂ ਚੈਟਿੰਗ ਚੱਲ ਰਹੀ ਐ 'ਕੱਲਾ ਨਾਂ ਈ ਪਤੈ 'ਜਸਮੀਤ' ਅਜ ਮਿਲਣਾ ਤੈਅ ਹੋਇਐ।" ਪ੍ਰੀਤੀ ਨੇ ਵੀ ਸਾਰੀ ਗੱਲ ਦੱਸੀ।

"ਨੀਂ ਆਹ ਤਾਂ ਕੋਈ ਗੱਲ ਨਾ ਹੋਈ ਕਿ 'ਕੱਲਾ ਨਾਂ ਈਂ ਪਤੈ, ਤੇਰੇ ਬਾਰੇ ਦੱਸ ਕੀ ਜਾਣਦੈ?" ਦੂਜੀ ਸਹੇਲੀ ਨੇ ਕਿਹਾ।

"ਮੇਰਾ ਵੀ ਬਸ ਉਸਨੂੰ 'ਕੱਲਾ ਨਾਂ ਈ ਪਤਾ ਐ 'ਸਰਬੀ' .." ਪ੍ਰੀਤੀ ਨੇ ਆਪਣੇ ਫੇਕ ਨਾਂ ਦਾ ਖੁਲਾਸਾ ਕੀਤਾ।

"ਨੀਂ ਗੱਲਾਂ ਈਂ ਮਾਰੀ ਜਾਓਗੀਆਂ ਕਿ ਚੱਲੋਗੀਆਂ ਵੀ ਉੱਧਰ ਸਾਡੇ 'ਜੀਜਾ ਜੀ' ਉਡੀਕਦੇ ਹੋਣਗੇ।" ਪਹਿਲੀ ਸਹੇਲੀ ਨੇ ਚੱਲਣ ਦੇ ਇਰਾਦੇ ਨਾਲ ਕਿਹਾ।

ਉਨ੍ਹਾਂ ਤਿੰਨਾਂ ਸਹੇਲੀਆਂ ਨੇ ਮਧੁਰ ਹੋਟਲ ਦਾ ਰੁਖ ਕਰ ਲਿਆ। ਦੱਸੇ ਟੇਬਲ ਨੰਬਰ ਤੇ ਇੱਕ ਨੌਜਵਾਨ ਲੜਕਾ ਬੈਠਾ ਸੀ। ਜਦੋਂ ਉਹ ਅੰਦਰ ਵੜੀਆਂ ਤਾਂ ਉਸ ਲੜਕੇ ਦੀ ਉਨ੍ਹਾਂ ਵੱਲ ਪਿੱਠ ਸੀ। ਅੰਦਰ ਜਾ ਕੇ ਪ੍ਰੀਤੀ ਨੇ ਜਦ ਉਸ ਲੜਕੇ ਨੂੰ 'ਜਸਮੀਤ' ਕਹਿ ਕੇ 'ਹੈਲੋ' ਕਿਹਾ ਤੇ ਲੜਕੇ ਨੇ ਮੂੰਹ ਘੁਮਾਇਆ ਤਾਂ ਲੜਕੇ ਲੜਕੀ ਸਮੇਤ ਪ੍ਰੀਤੀ ਦੀਆਂ ਸਹੇਲੀਆਂ ਦੇ ਵੀ ਹੋਸ਼ ਉੱਡ ਗਏ।

ਪ੍ਰੀਤੀ ਸਿਰਫ਼ ਏਨਾ ਹੀ ਕਹਿ ਸਕੀ "ਬਲਵਿੰਦਰ ਵੀਰੇ ਤੂੰ ........ਤੂੰ ਇੱਥੇ !"

ਹੁਣ ਦੋਵੇਂ ਭੈਣ ਭਰਾਵਾਂ ਨੂੰ ਇਕ ਦੂਜੇ ਦੀਆਂ ਅੱਖਾਂ ਦਾ ਸਾਹਮਣਾ ਕਰਨਾ ਵੀ ਮੁਸ਼ਕਲ ਜਾਪ ਰਿਹਾ ਸੀ।

—o—

**ਮਮਤਾ / ਪ੍ਰਿੰ. ਜੰਗ ਬਹਾਦਰ ਸਿੰਘ ਘੁੰਮਣ**

ਬਿਰਧ ਆਸ਼ਰਮ ਵਿਚ ਪੈਂਹਠ ਕੁ ਸਾਲ ਦੀ ਔਰਤ ਨੂੰ ਉਸ ਦਾ ਪੁੱਤਰ ਦਾਖਲ ਕਰਵਾ ਗਿਆ ਸੀ। ਰੱਬ ਵਰਗਾ ਮੈਨੇਜਰ ਉਸ ਨੂੰ ਸਹਾਰਾ ਦਿੰਦਾ ਹੋਇਆ ਇਕ ਹਾਲ ਕਮਰੇ ਤਾਈਂ ਲੈ ਗਿਆ।

"ਇਹ ਮੰਜਾ ਬਿਸਤਰਾ ਤੁਹਾਡੇ ਲਈ ਏ ਮਾਂ ਜੀ। ਤੁਹਾਨੂੰ ਇਥੇ ਘਰ ਵਰਗੀ ਹਰ ਸਹੂਲਤ ਮਿਲੇਗੀ। ਫਿਰ ਵੀ ਜੇ ਕਿਸੇ ਹੋਰ ਚੀਜ਼ ਦੀ ਤੁਹਾਨੂੰ ਜ਼ਰੂਰਤ ਹੈ ਤਾਂ ਦੱਸ ਦਿਓ।" ਬੇਬੱਸ ਮਾਂ ਨੇ ਆਲਾ-ਦੁਆਲਾ ਤੇ ਦੂਸਰਿਆਂ ਬਿਸਤਰਿਆਂ 'ਤੇ ਉਸੇ ਵਰਗੀਆਂ ਹੀ ਕੁਝ ਹੋਰ ਸਾਹ ਗਿਣਦੀਆਂ ਔਰਤਾਂ ਨੂੰ ਕਮਜ਼ੋਰ ਨਿਗਾਹਾਂ ਨਾਲ ਵਾਚਿਆ। ਹੌਲੀ-ਹੌਲੀ ਬੜੇ ਧਿਆਨ ਨਾਲ ਮੰਜੇ 'ਤੇ ਬਹਿੰਦੀ ਨੇ ਹੌਕੇ ਵਰਗਾ ਸਾਹ ਲੈਂਦਿਆਂ ਦਿਲ ਦੀ ਕਹੀ, "ਪੁੱਤ ਜੇ ਕਰ ਹੋ ਸਕੇਂ ਤਾਂ -ਬਾਜਾਰੋਂ ਮੈਨੂੰ ਇਕ ਖਿਡੌਣਾ ਗੁੱਡੀ ਲਿਆ ਦੇ-ਨਿੱਕੇ ਬੱਚੇ ਜਿੱਡੀ।"

"ਉਹ ਕਿਉਂ ਮਾਂ ਜੀ-ਹੁਣ ਤੁਹਾਡੀ ਉਮਰ ਖਿਡੌਣਿਆਂ ਵਾਲੀ ਏ?"

"ਪੁੱਤ ਘਰ ਪੋਤਰੀ ਏ ਮੇਰੀ। ਉਸ ਬਿਨਾਂ ਮੈਂ ਰਹਿ ਨਹੀਂ ਸਕਦੀ? ਬੜਾ ਮੋਹ ਏ ਮੈਨੂੰ ਉਸ ਨਾਲ। ਪੁੱਤਰ ਨੇ ਤਾਂ ਘਰੋਂ ਕੱਢ 'ਤਾ। ਪੋਤਰੀ ਦੀ ਥਾਂ ਮੈਂ ਖਿਡੌਣੇ ਨੂੰ ਗੋਦੀ ਚੁੱਕ ਲਿਆ ਕਰੂੰ-ਨਾਲ ਸੁਆ ਲਿਆ ਕਰੂੰ-ਦਿਲ ਲੱਗਿਆ ਰਹੂ ਪੁੱਤ ਮੇਰਾ ...!"

.... ਤੇ ਇਹ ਕਹਿੰਦਿਆਂ ਮਾਂ ਭੁੱਬੀਂ ਰੋ ਪਈ ਸੀ।

—o—

**ਪਰਉਪਕਾਰੀ / ਰਘਬੀਰ ਸਿੰਘ ਮਹਿਮੀ**

ਮੈਂ ਇੱਕ ਸਾਹਿਤਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਰੇਲ-ਗੱਡੀ ਵਿੱਚ ਸਫਰ ਕਰ ਰਿਹਾ ਸੀ। ਐਤਵਾਰ ਹੋਣ ਕਰਕੇ ਅਤੇ ਬੱਚਿਆਂ ਨੂੰ ਛੁੱਟੀਆਂ ਹੋਣ ਕਰਕੇ ਸਾਰਾ ਡੱਬਾ ਸਵਾਰੀਆਂ ਨਾਲ ਤੁੰਨਿਆ ਪਿਆ ਸੀ। ਜਿੰਨੀਆਂ ਸਵਾਰੀਆਂ ਸੀਟਾਂ 'ਤੇ ਬੈਠੀਆਂ ਸਨ, ਉਨ੍ਹਾਂ ਤੋਂ ਤਿੰਨ ਗੁਣਾ ਖੜ੍ਹੀਆਂ ਸਨ।

ਮੈਨੂੰ ਵੀ ਸੀਟ ਨਹੀਂ ਸੀ ਮਿਲੀ। ਮੈਂ ਜਦੋਂ ਸਾਰੇ ਡੱਬੇ ਵਿੱਚ ਨਿਗ੍ਹਾ ਮਾਰੀ ਤਾਂ ਦੇਖਿਆ ਕਿ ਕਈ ਜਵਾਨ ਮੁੰਡੇ ਤਾਂ ਸੀਟਾਂ 'ਤੇ ਟੌਅਰ ਨਾਲ ਬੈਠੇ ਸਨ ਪਰ ਕਈ ਬਜ਼ੁਰਗ ਆਦਮੀ ਤੇ ਮਾਈਆਂ ਲਈ ਖੜ੍ਹਨਾ ਵੀ ਔਖਾ ਹੋ ਰਿਹਾ ਸੀ।

ਇੰਨੇ ਨੂੰ ਤੂਫ਼ਾਨ ਦੀ ਤਰ੍ਹਾਂ ਇੱਕ ਕਿੰਨਰ (ਹੀਜੜਾ) ਸਾਡੇ ਡੱਬੇ ਵਿੱਚ ਤਾੜੀ ਵਜਾਉਂਦਾ ਹੋਇਆ ਦਾਖਲ ਹੋਇਆ। ਰੰਗ ਉਸ ਦਾ ਭਾਵੇਂ ਕਾਲ਼ਾ ਸੀ ਪਰ ਮੇਕ- ਅੱਪ ਕਰਕੇ ਬੜਾ ਸੁੰਦਰ ਲੱਗ ਰਿਹਾ ਸੀ।

"ਆਉ ਤੁਹਾਨੂੰ ਬਹੂ ਦਿਖਾਵਾਂ, ਕਿਵੇਂ ਡਿੰਪਲ ਕਪਾਡੀਆ ਬਣਿਆ ਬੈਠਾ, ਚੱਲ ਉੱਠ, ਆਹ ਮਾਈ ਨੂੰ ਸੀਟ ਦੇ।" ਨੀਂਦ 'ਚ ਊਂਘ ਰਹੇ ਇੱਕ ਭਈਏ ਨੂੰ ਹੀਜੜੇ ਨੇ ਜਾ ਫੜਿਆ।

ਭਈਏ ਨੇ ਪਤਾ ਨਹੀਂ ਕੀ ਕਿਹਾ, ਕੁਝ ਪਤਾ ਨਹੀਂ

ਲੱਗਿਆ ਪਰ ਹੀਜੜੇ ਦੇ ਬੋਲ ਸਾਫ ਸੁਣਾਈ ਦਿੱਤੇ, "ਇਹ ਪੰਜਾਬ ਹੈ, ਮੇਰੇ ਨਾਲ ਪੰਜਾਬੀ ਵਿੱਚ ਗੱਲ ਕਰ। ਪਹਿਲਾਂ ਆਹ ਮਾਈ ਨੂੰ ਸੀਟ 'ਤੇ ਬਿਠਾ ਕੇ ਖੜ੍ਹਾ ਹੋ। ਤੈਨੂੰ ਸ਼ਰਮ ਨਹੀਂ ਆਉਂਦੀ, ਮੇਰੀ ਮਾਂ ਤੋਂ ਵੱਧ ਉਮਰ ਦੀ ਏ ਤੇ ਤੂੰ ਚੌੜਾ ਹੋਇਆ ਬੈਠਾਂ।"

ਮਾਈ ਵਿਚਾਰੀ ਅਸੀਸਾਂ ਦੇਂਦੀ ਸੀਟ 'ਤੇ ਬਹਿ ਗਈ। ਏਸੇ ਤਰ੍ਹਾਂ ਸਾਰੇ ਡੱਬੇ ਵਿੱਚ ਜਿੰਨੇ ਵੀ ਬਜ਼ੁਰਗ ਸਨ, ਉਹ ਸਾਰਿਆਂ ਨੂੰ ਆਦਰ ਸਤਿਕਾਰ ਨਾਲ ਸੀਟਾਂ 'ਤੇ ਬਿਠਾ ਕੇ ਜਿਵੇਂ ਹਵਾ ਦੇ ਬੁੱਲੇ ਵਾਂਗ ਆਇਆ ਸੀ, ਉਵੇਂ ਹੀ ਅਗਲੇ ਡੱਬੇ 'ਚ ਜਾ ਵੜਿਆ, ਪੈਸੇ ਮੰਗਣ ਨਹੀਂ, ਪਰਉਪਕਾਰ ਕਰਨ।

—o—

**ਸਪੋਲੀਏ / ਬੂਟਾ ਖ਼ਾਨ ਸੁੱਖੀ**

ਜੋਤੀ ਅੱਜ ਸਕੂਲੋਂ ਆਉਣ ਸਾਰ ਸਿੱਧੀ ਮਾਂ ਦੀ ਬੁੱਕਲ ਵਿੱਚ ਬੜ੍ਹਕੇ ਰੋਣ ਲੱਗ ਪਈ। ਉਹ ਪਹਿਲਾ ਸਕੂਲੋਂ ਆਕੇ ਚਾਹ ਪਾਨੀ ਪੀ ਕੇ ਆਪਣੀ ਮਾਂ ਦਾ ਕੰਮ 'ਚ ਹੱਥ ਵਟਾਉਂਦੀ ਸੀ।ਉਹ ਕੋਈ ਬੱਚੀ ਨਹੀ ਸੁੱਖ ਨਾਲ ਅੱਠਵੀ ਕਲਾਸ 'ਚ ਪੜ੍ਹਦੀ ਸਾਰੀ ਕਲਾਸ ਤੋਂ ਹੁਸਿਆਰ ਹੋਣਹਾਰ ਲੜਕੀ ਸੀ।

ਮਾਂ ਨੇ ਮੋਢਿਆਂ ਤੋਂ ਫੜ੍ਹਕੇ ਜੋਤੀ ਨੂੰ ਉਪਰ ਚੁੱਕਿਆ ਤੇ ਕਹਿਣ ਲੱਗੀ, 'ਕੀ ਹੋਇਆਂ ਮੇਰੇ ਪੁੱਤ ਨੂੰ'।

ਇਹ ਸੁਣ ਜੋਤੀ ਫਿਰ ਹੁਬਕੀ ਹੁਬਕੀ ਰੋਣ ਲੱਗ ਪਈ ਤੇ ਕਹਿੰਦੀ ਕਿ, 'ਮੇਰੇ ਮਾਸਟਰ ਨੇ ਮੈਨੂੰ ਸਟਾਫ਼ ਰੂਮ 'ਚ ਬੁਲਾਕੇ ਮੇਰੇ ਸਰੀਰ ਤੇ ਹੱਥ ਫੇਰਨਾ ਸ਼ੁਰੂ ਕੀਤਾ ਤੇ ਹੋਰ ਵੀ ਬਹੁਤ ਹਰਕਤਾਂ ਕੀਤੀਆਂ ਜਿਹੜੀਆਂ ਮੈਨੂੰ ਅਜੀਬ ਜਿਹੀਆਂ ਲੱਗੀਆਂ ਮੇਰੇ ਵਿਰੋਧ ਕਰਨ ਤੇ ਕਹਿੰਦਾ ਮੈਂ ਤੈਨੂੰ ਸਕੂਲ ਚੋਂ ਬਾਹਰ ਕੱਢ ਦੇਵਾਗਾ ਨਾਲੇ ਮੇਰੇ ਹੱਥਾਂ ਤੇ ਡੰਡੇ ਵੀ ਮਾਰੇ' ਉਸ ਦੇ ਨੀਲੇ ਹੋਏ ਹੱਥ ਸਾਰੀ ਕਹਾਣੀ ਆਪ ਮੁਹਾਰੇ ਦੱਸ ਰਹੇ ਸੀ।

ਉਸ ਨੇ ਹਟਕੋਰੇ ਲੈਂਦੀ ਨੇ ਫੇਰ ਕਿਹਾ, 'ਇੰਨੇ ਨੂੰ ਦੂਜੇ ਭੈਣ ਜੀ ਆ ਗਏ ਤਾਂ ਮੈਨੂੰ ਛੱਡਿਆ।'

ਇਹ ਸਭ ਸੁਣਕੇ ਮਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਨੂੰ ਰਾਤ ਲੰਘਾਉਣੀ ਮੁਸ਼ਕਲ ਹੋ ਗਈ। ਜੋ ਮੁੱਕਣ 'ਚ ਨਹੀ ਆ ਰਹੀ ਸੀ।

ਉਹ ਸਵੇਰ ਹੁੰਦੇ ਹੀ ਸਰਪੰਚ ਤੇ ਹੋਰ ਮੋਹਤਵਰ ਬੰਦਿਆਂ ਨੂੰ ਸਾਰੀ ਗੱਲ੍ਹ ਦੱਸੀ ਤੇ ਨਾਲ ਲੈ ਕੇ ਸਕੂਲ ਪਹੁੰਚ ਗਈ।

ਜੋਤੀ ਨੇ ਦੂਰੋਂ ਹੀ ਇਸ਼ਾਰਾ ਕਰਕੇ ਦੱਸ ਦਿੱਤਾ 'ਓਹ' ਹੈ।

ਮਾਂ ਨੇ ਭੱਜਕੇ ਉਸਦੇ ਗਲਮੇ 'ਚ ਹੱਥ ਪਾ ਲਿਆਂ ਤੇ ਤਿੰਨ ਚਾਰ ਉਸਦੇ ਲਗਾ ਦਿੱਤੀਆ ਤੇ ਕਿਹਾ, ' ਤੈਨੂੰ ਸ਼ਰਮ ਨਹੀਂ ਆਉਂਦੀ ਇਹ ਗੰਦੀਆਂ ਹਰਕਤਾਂ ਕਰਦੇ ਨੂੰ ਤੇਰੀਆਂ ਕੁੜੀਆ ਵਰਗੀ ਏ।' ਇੰਨੇ ਨੂੰ ਸਰਪੰਚ ਨੇ ਸਾਰੀ ਕਹਾਣੀ ਹੈਡ ਮਾਸਟਰ ਨੂੰ ਦੱਸ ਦਿੱਤੀ ਉਸਨੇ ਝੱਟ ਹੀ ਪੁਲਿਸ ਸੱਦ ਕੇ ਉਸਨੂੰ ਪੁਲਿਸ ਹਵਾਲੇ ਕਰ ਦਿੱਤਾ ਤੇ ਜੋਤੀ ਨੂੰ ਗਲ ਨਾਲ ਲਾ ਲਿਆਂ।

ਜੋਤੀ ਤੇ ਜੋਤੀ ਦੀ ਮਾਂ ਦੀ ਦਲੇਰੀ ਦੇ ਸਾਰੇ ਸ਼ਹਿਰ ਵਿੱਚ ਚਰਚੇ ਸਨ।

—o—

**ਪਰਾਈ ਪੀੜ / ਐਮ. ਅਨਵਾਰ ਅੰਜੁਮ**

ਜਦੋਂ ਜ਼ੈਲਦਾਰ ਹਰਨਾਮ ਸਿੰਘ ਦੀ ਪਤਨੀ ਨੇ ਤੀਜੀ ਵਾਰ ਕੁੜੀ ਨੂੰ ਹੀ ਜਨਮ ਦਿੱਤਾ ਤਾਂ ਉਸ ਦਾ ਦਿਲ ਟੁੱਟ ਗਿਆ। ਬਹੁਤ ਹੀ ਦੁਖੀ ਹਿਰਦੇ ਅਤੇ ਬੋਝਲ ਕਦਮਾਂ ਨਾਲ ਉਹ ਗੁਰਦੁਆਰੇ ਪਹੁੰਚਿਆ। ਵਾਹਿਗੁਰੂ ਨੂੰ ਸੰਬੋਧਤ ਹੁੰਦਿਆਂ ਬੋਲਿਆ, "ਮੈਂ ਤੇਰਾ ਕੀ ਵਿਗਾੜਿਐ? ਹਰ ਵਾਰ ਈ ਕੁੜੀ ਦੇ ਦਿਨੈਂ। ਇਨ੍ਹਾਂ ਕੁੜੀਆਂ ਨਾਲੋਂ ਤਾਂ ਮੈਂ ਬੇਔਲਾਦ ਈ ਚੰਗਾ ਸੀ। ਹੇ ਵਾਹਿਗੁਰੂ, ਸੱਚੇ ਪਾਤਸ਼ਾਹ! ਜੇ ਦੇਣਾ ਈ ਐ ਤਾਂ ਮੈਨੂੰ ਇਕ ਪੁੱਤਰ ਦੇ ਦੇ, ਮੇਰਾ ਵਾਰਸ ਤੇ ਖਾਨਦਾਨ ਚਲਾਉਣ ਵਾਲਾ।"

ਹਰਨਾਮ ਸਿੰਘ ਆਪਣੀ ਅਰਦਾਸ ਵਿਚ ਮਗਨ ਸੀ। ਤਦੇ ਉੱਥੇ ਪਿੰਡ ਦਾ ਸਰਪੰਚ ਸਾਧੂ ਸਿੰਘ ਆਇਆ। ਸਾਧੂ ਸਿੰਘ ਕੋਲ ਕਰੋੜਾਂ ਦੀ ਜਾਇਦਾਦ ਸੀ। ਸਾਧੂ ਸਿੰਘ ਵੀ ਅਰਦਾਸ ਕਰਨ ਲੱਗਾ,"ਵਾਹਿਗੁਰੂ! ਤੇਰੇ ਘਰ ਕਿਸ ਚੀਜ ਦੀ ਘਾਟ ਐ! ਸਾਡੇ ਘਰ ਵੀ ਇਕ ਔਲਾਦ ਬਖਸ਼ਦੇ। ਮੈਂ ਤਾਂ ਤੇਰੇ ਕੋਲੋਂ ਮੁੰਡਾ ਵੀ ਨਹੀਂ ਮੰਗਦਾ, ਮੈਨੂੰ ਤਾਂ ਭਾਵੇਂ ਕੁੜੀ ਦੀ ਦਾਤ ਈ ਦੇ ਦੇ। ਮੈਂ ਵੀ 'ਪਿਓ' ਕਹਾਉਣ ਦੀ ਖੁਸ਼ੀ ਲੈ ਸਕਾਂ। ਮੇਰੇ ਤੇ ਮਿਹਰ ਕਰ ਰੱਬਾ! ਦੇਖੀਂ ਕਿਤੇ ਦੁਨੀਆਂ ਤੋਂ ਮੈਂ ਔਂਤਰਾ ਈ ਨਾ ਤੁਰ ਜਾਵਾਂ।"

ਸਰਪੰਚ ਸਾਧੂ ਸਿੰਘ ਦੀ ਅਰਦਾਸ ਸੁਣ ਹਰਨਾਮ ਸਿੰਘ ਚੁੱਪਚਾਪ ਆਪਣੇ ਘਰ ਵੱਲ ਤੁਰ ਪਿਆ। ਘਰ ਪਹੁੰਚ ਕੇ ਉਹ ਆਪਣੀ ਨਵਜੰਮੀਂ ਬੱਚੀ ਨੂੰ ਗੋਦੀ ਵਿਚ ਲੈ ਚੁੰਮਣ ਲੱਗ ਪਿਆ।

—o—

**ਪੁੱਛ / ਸੁਖਦੇਵ ਸਿੰਘ ਸ਼ਾਂਤ**

ਗੁਆਂਢੀਆਂ ਦੇ ਘਰ ਅੱਗੇ ਹਰ ਰੋਜ ਸ਼ਾਮ ਨੂੰ ਕਦੇ ਕੋਈ ਸਕੂਟਰ ਵਾਲਾ ਆ ਖੜ੍ਹਦਾ, ਕਦੇ ਕੋਈ ਕਾਰ ਵਾਲਾ ਆ ਜਾਂਦਾ

ਅਤੇ ਕਦੇ ਕੋਈ ਸਾਈਕਲ ਨੂੰ ਝੋਲਾ ਲਟਕਾਈ ਆ ਪਹੁੰਚਦਾ। ਕਈ ਵਾਰ ਤਾਂ ਦੋ-ਦੋ, ਚਾਰ-ਚਾਰ ਬੰਦੇ ਇਕੱਠੇ ਵੀ ਆ ਜਾਂਦੇ।

ਮਾਤਾ ਪ੍ਰੀਤਮ ਕੌਰ ਅਕਸਰ ਆਪਣੇ ਮੁੰਡੇ ਜਸਵੰਤ ਕੋਲ ਸ਼ਿਕਾਇਤ ਕਰਦੀ।

"ਨੌਕਰੀ ਤਾਂ ਕਾਕਾ ਤੂੰ ਵੀ ਕਰਦੈਂ, ਪਰ ਆਹ ਦੇਖ ਗੁਆਂਢੀਆਂ ਦਾ ਮੋਹਨ। ਇਹਦੀ ਭਲਾ ਕੀ ਨੌਕਰੀ ਹੋਈ? ਕੋਈ ਨਾ ਕੋਈ ਤੁਰਿਆ ਹੀ ਰਹਿੰਦੈ। ਆਪਣੇ ਕੋਈ ਆਉਂਦਾ ਈ ਨਹੀਂ। ਉਹਦੀ ਮਾਂ ਕਿਵੇਂ ਚੌੜੀ ਹੋਈ ਫਿਰਦੀ ਐ।"

ਮੁੰਡਾ ਮਾਂ ਕੋਲ ਝੁਰਦਾ, "ਮਾਂ, ਏਸ ਜਮਾਨੇ 'ਚ ਮਾਸਟਰ ਨੂੰ ਕੌਣ ਪੁੱਛਦੈ। ਕਹਿਣ ਨੂੰ ਅਸੀਂ ਕੌਮ ਦੇ ਨਿਰਮਾਤਾ ਹੁੰਨੇ ਆਂ, ਪਰ ਸਮਾਜ ਵਿਚ ਟਕਾ ਮੁੱਲ ਨਹੀਂ।"

ਤੇ ਫਿਰ ਅਚਾਨਕ ਹੀ ਮੁੰਡੇ ਦੀ ਡਿਊਟੀ ਇਮਤਿਹਾਨਾਂ ਵਿਚ ਲੱਗ ਗਈ।

ਪਤਾ ਨਹੀਂ ਕਿੱਥੋਂ-ਕਿੱਥੋਂ ਲੋਕ ਘਰ ਦਾ ਪਤਾ ਲੈ ਕੇ ਆ ਪਹੁੰਚੇ।

ਸ਼ਾਮ ਨੂੰ ਤਾਂ ਜਿਵੇਂ ਲਾਈਨ ਹੀ ਲੱਗ ਗਈ। ਪ੍ਰੀਤਮ ਕੌਰ ਗਿੱਠ-ਗਿੱਠ ਉੱਚੀ ਹੋਈ ਫਿਰ ਰਹੀ ਸੀ। ਮੋਹਨ ਦੀ ਮਾਂ ਤੋਂ ਜਿਵੇਂ ਉਸਨੇ ਕੋਈ ਬੜਾ ਵੱਡਾ ਮੋਰਚਾ ਮਾਰ ਲਿਆ ਸੀ।

—o—

**ਮੋਹ ਦੀਆਂ ਤੰਦਾਂ / ਬੁੱਧ ਸਿੰਘ ਨਡਾਲੋਂ**

"ਭਾਪਾ ਰਾਮ-ਸਤਿ..... ..।" ਜਿਉਂ ਹੀ ਧੀ ਦੇ ਬੋਲ ਕੰਨਾਂ ਵਿਚ ਪਏ, ਮੰਜੇ 'ਤੇ ਪਿਆ ਬਿਰਧ ਬਾਪ ਕਰਤਾਰ ਸਿਹੁੰ ਹੌਸਲੇ ਨਾਲ ਉਠ ਕੇ ਬੈਠ ਗਿਆ।

"ਰਾਮ-ਸਤਿ ਧੀਏ.. ..ਤੂੰ ਕਦੋਂ ਆਈ..... ..ਮੈਂ ਤਾਂ ਸਵੇਰ ਦਾ ਤੈਨੂੰ ਉਡੀਕ ਦਾ ਰਿਹਾ।" ਪਿਆਰ ਨਾਲ ਸਿਰ ਤੇ ਹੱਥ ਰੱਖਦਿਆਂ ਕਿਹਾ।

"ਭਾਪਾ ਮੈਂ ਦਸ ਵਜੇ ਵਾਲੀ ਬੱਸੇ ਆਈ ਸਾਂ..... .. ਹਵੇਲੀ ਦਾ ਕੁੰਡਾ ਲੱਗਿਆ ਹੋਇਆ ਸੀ ...... ..ਤੇ ਮੈਂ ਸਿੱਧੀ ਘਰੇ ਚਲੀ ਗਈ।"

"ਹਾਂ ਸੱਤਿਆ ..... .. ਮੈਂ ਹੁਣ ਰੋਜ ਸਵੇਰੇ ਸ਼ਾਮ ਸੰਤਾਂ ਕੋਲ ਚਲਿਆ, ਉਥੇ ਉਹਨਾਂ ਦੇ ਬਚਨ ਵਿਲਾਸ ਸੁਣ ਕੇ ਜੀਅ ਹਲਕਾ ਹੋ ਜਾਂਦਾ।"

"ਭਾਪਾ ਅੱਜ ਰੱਖੜੀ ਐ ਨਾ..... ਸਰਕਾਰ ਨੇ ਔਰਤਾਂ ਲਈ ਬੱਸਾਂ ਫਰੀ ਕਰ ਦਿੱਤੀਆਂ..ਅੱਗੇ ਤਾਂ ਸਿਰਫ ਤਿਉਹਾਰ ਵਾਲੇ ਦਿਨ ਹੀ..।"

"ਇਹ ਤਾਂ ਸਰਕਾਰ ਨੇ ਵਧੀਆ ਕੀਤਾ, ਹੋਰ ਤੂੰ ਘਰੇ ਭਰਾ ਦੇ ਰੱਖੜੀ ਬੰਨ ਆਈ?"

"ਭਾਪਾ ਮੈਂ ਘਰ ਗਈ, ਤਾਂ ਭਰਜਾਈ ਭਰਾ ਨੂੰ ਨਾਲ ਲੈ ਕੇ ਸਕੂਟਰ ਤੇ ਆਪਣੇ ਪੇਕੀਂ ਰੱਖੜੀ ਬੰਨਣ ਚਲੇ ਗਏ, ਮੈਨੂੰ ਘਰ ਬਹਾ ਗਏ, ਕਹਿੰਦੇ ਸੀ, ਅਸੀਂ ਸਿਰਫ ਘੰਟੇ ਤੱਕ ਮੁੜ ਆਉਣਾ, ਮੈਂ ਉਡੀਕਦੀ ਰਹੀ, ਉਹ ਮੁੜੇ ਨਹੀਂ...... ..ਮੈਂ ਵੀ ਛੇਤੀ ਘਰ ਵਾਪਸ ਮੁੜਨਾ।"

"ਸੱਤਿਆ ਥੋੜ੍ਹਾ ਕੁ ਚਿਰ ਹੋਰ ਉਡੀਕ ਕਰ ਲੈਂਦੀ ?"

"ਭਾਪਾ ਘਰ ਮੇਰੀਆਂ ਨਣਾਨਾਂ ਨੇ ਵੀ ਆਉਣਾ, ਨਾਲੇ ਮੇਰੀ ਤਿੰਨ ਵਜੇ ਵਾਲੀ ਬੱਸ ਵੀ ਨਿਕਲ ਜਾਣੀ ਆਂ।"

ਸੱਤਿਆ ਦੇ ਚਿਹਰੇ ਤੇ ਉਦਾਸੀ ਸੀ ਤੇ ਖਾਲੀ ਹੱਥ ਦੇਖ ਕੇ ਬਾਪ ਜਿਵੇਂ ਧੁਰ ਅੰਦਰ ਤੱਕ ਹਿਲ ਗਿਆ।

ਦੋਹਾਂ ਵਿਚਾਲੇ ਚੁੱਪ ਪਸਰ ਗਈ ਸੀ।

ਚੁੱਪ ਦੇ ਅਰਥ ਤਾਂ ਬਾਪ ਸਮਝ ਗਿਆ ਸੀ, ਫੇਰ ਵੀ ਹੌਂਸਲੇ ਨਾਲ਼ ਪੁੱਛ ਹੀ ਲਿਆ, "ਸੱਤਿਆ ਘਰੋਂ ਕੁੱਛ ਮਿਲਿਆ ਵੀ ?"

"ਭਾਪਾ ਬਹੁਤ ਕੁਝ ਮਿਲ ਗਿਆ, ਤੈਨੂੰ ਮਿਲਣਾ ਸੀ, ਸਭ ਕੁਝ ਮਿਲ ਗਿਆ , ਹੁਣ ਹੋਰ ਲੋੜ ਨਹੀਂ।"

"ਵਾਹ ਧੀਏ ਵਾਹ..... ਵਾਹ ਤੇਰਾ ਸਬਰ..।" ਬਾਪ ਦਾ ਦਰਦ ਛਲਕਿਆ ਤੇ ਅੱਖਾਂ ਦੇ ਕੋਇਆਂ 'ਚੋਂ ਹੰਝੂ ਆਪ ਮੁਹਾਰੇ ਡਿਗਦੇ ਰਹੇ।

"ਸੱਤਿਆ ਮਨ 'ਚ ਰੋਸ ਨਾ ਕਰੀਂ, ਪੇਕੇ ਘਰੀਂ ਧੀਆਂ ਦਾ ਅਰਗ ਮਾਵਾਂ ਨਾਲ ਹੁੰਦਾ ਤੇ ਭਰਾਵਾਂ ਦੀਆਂ ਤਾਂ ਭਾਜੀਆਂ ਹੀ.. ਮੈਂ ਤਾਂ ਆਪ ਮੁਹਤਾਜ ਹਾਂ, ਦੋ ਟੁੱਕ ਦੇ ਜਾਂਦੇ ਹਨ..ਤਾਂ ਖਾ ਲੈਂਦਾ ਹਾਂ ਨਹੀਂ ਤਾਂ.....।"

ਲੰਮੇ ਹਾਉਕੇ ਨਾਲ ਆਪਣਾਂ ਵਾਕ ਪੂਰਾ ਕੀਤਾ।

ਅਤਿ ਦੀ ਗਰਮੀ ਸੀ, ਅਚਾਨਕ ਠੰਢੀ ਹਵਾ ਦਾ ਬੁਲਾ ਕੁਝ ਪਲ ਲਈ ਚੈਨ ਦੇ ਗਿਆ।

ਬੱਸ ਦੀ ਅਵਾਜ਼ ਆ ਰਹੀ ਸੀ, ਸੱਤਿਆ ਨੇ ਲਿਫਾਫੇ ਵਿੱਚੋਂ ਰੱਖੜੀ ਕੱਢ ਕੇ ਬਾਪ ਦੇ ਗੁੱਟ ਤੇ ਬੰਨ੍ਹੀ,ਮੂੰਹ ਮਿੱਠਾ ਕਰਾਇਆ।

"ਅੱਛਾ ਭਾਪਾ ਮੈਂ ਚੱਲਦੀ ਆਂ।"

"ਠਹਿਰ ਧੀਏ ਠਹਿਰ.....।" ਬਾਪ ਨੇ ਬੜੀ ਹਿੰਮਤ

ਨਾਲ ਕਿਆਰੀ ਵਿਚੋਂ ਰੰਬੇ ਨਾਲ ਅਮਰੂਦ ਦਾ ਬੂਟਾ ਪੁੱਟਿਆ..ਤੇ ਲਿਫਾਫੇ ਵਿੱਚ ਲਪੇਟ ਕੇ ਸੱਤਿਆ ਹੱਥ ਫੜਾਉਂਦਿਆਂ ਕਿਹਾ, " ਸੱਤਿਆ ਬਾਪ ਘਰੋਂ ਧੀਆਂ ਕਦੇ ਖਾਲੀ ਹੱਥ ਨਹੀਂ ਜਾਂਦੀਆਂ।"

—o—

**ਨਵੀਂ ਮਾਂ/ਗੁਰਪ੍ਰੀਤ ਸਿੰਘ ਭੰਬਰ**

"ਤੈਨੂੰ ਡਰ ਲੱਗਦਾ ਮੇਰੇ ਤੋਂ?"

"ਹਾਂ ਜੀ"

"ਕਿਓਂ?"

"ਮਾਸੀ ਕਹਿੰਦੀ ਸੀ ਨਵੀਂ ਮਾਂ ਬਹੁਤ ਕੁੱਟਦੀ ਹੁੰਦੀ ਆ"।

"ਪਰ ਮੈਂ ਤਾਂ ਤੈਨੂੰ ਕੁੱਟਿਆ ਨੀ?"।

"ਮਾਸੀ ਆਏਂ ਵੀ ਕਹਿੰਦੀ ਸੀ ਕਿ ਨਵੀਂ ਮਾਂ ਨੇ ਤੈਨੂੰ ਰੋਟੀ ਨੀ ਦੇਣੀ ਟਈਮ 'ਤੇ"।

"ਮੈਂ ਤਾਂ ਤੁਹਾਨੂੰ ਰੋਟੀ ਖਵਾ ਰਹੀ ਆਂ ਆਪਣੇ ਹੱਥ ਨਾਲ?"।

"ਹਾਂ ਇਹ ਤਾਂ ਹੈ!"

"ਮੰਮਾ ਵੀ ਖਿਲਾਂਓਦੇ ਹੁੰਦੇ ਸੀ ਰੋਟੀ ਤੁਹਾਨੂੰ ਇਸੇ ਤਰ੍ਹਾਂ ?"

"ਹਾਂ!.........ਨਹੀਂ ਸੱਚ! ਹਾਂ ਜੀ! ਹਮੇਸ਼ਾ ਹਾਂਜੀ ਕਹਿਣਾ ਵਾ! ਮੈਨੂੰ ਮੇਰੀ ਮਾਂ ਨੇ ਸਿਖਾਇਆ ਵਾ। ਮੰਮਾ ਨੀ ਸੀ ਕਹਿੰਦਾ ਮੈਂ ਓਨਾ ਨੂੰ! ਮਾਂ ਕਹਿੰਦਾ ਸੀ"।

"ਹੋਰ ਕੀ ਕਰਦੇ ਸੀ ਤੁਸੀਂ ਆਪਣੀ ਮਾਂ ਨਾਲ?"

"ਮੈਂ ਰੋਜ ਰਾਤ ਨੂੰ ਮਾਂ ਨਾਲ ਸੌਂਦਾ ਹੁੰਦਾ ਸੀ। ਮਾਂ ਮੇਰੀ ਪਿੱਠ ਤੇ ਹੱਥ ਫੇਰ ਫੇਰ ਕੇ ਮੈਨੂੰ ਸਵਾਂਦੀ ਹੁੰਦੀ ਸੀਗੀ! ਮੈਨੂੰ ਬੜੀ ਜਲਦੀ ਨੀਂਦ ਆ ਜਾਂਦੀ ਸੀ!"

"ਅੱਛਾ ਜੀ!"

"ਹਾਂ ਜੀ! ਨਾਲੇ ਪਤਾ ਮਾਂ ਮੈਨੂੰ ਸਕੂਲੋਂ ਵੀ ਲੈਣ ਆਂਦੀ ਸੀਗੀ ਤੇ ਜੂਸ ਵੀ ਪਿਲਾਂਦੀ ਸੀ। ਮੈਨੂੰ ਘੂਰਦੀ ਵੀ ਸੀ ਤੇ ਫੇਰ ਪਾਰੀ ਵੀ ਬੋਤ ਕਰਦੀ ਸੀ"।

"ਹਾ ਹਾ ਹਾ!! ਚੱਲੋ ਮੈਂ ਅੱਜ ਤੁਹਾਨੂੰ ਆਈਸ ਕਰੀਮ ਖਵਾਓਣ ਲੈ ਚੱਲਦੀ ਆਂ"।

"ਓ ਹੋ!! ਮੇਰਾ ਤਾਂ ਅੱਜ ਗਲਾ ਈ ਖਰਾਬ ਆ!"

"ਚਲੋ ਠੀਕ ਆ। ਫੇਰ ਆਪਾਂ ਕੱਲ ਚੱਲਾਂਗੇ"।

"ਨਹੀਂ! ਮੈਂ ਨਵੀਂ ਮਾਂ ਨਾਲ ਕਿਤੇ ਨੀ ਜਾਣਾ!"

"ਅੱਛਾ ਠੀਕ ਹੈ ਕੋਈ ਨਾ। ਆਪਾਂ ਕਿਤੇ ਨੀ ਜਾਂਦੇ। ਪਾਪਾ ਲੈ ਆਉਣਗੇ ਜੋ ਵੀ ਮੇਰਾ ਕਾਕਾ ਕਹੂਗਾ"।

"ਮੈਂ ਰੋਟੀ ਬੱਸ।"

"ਅੱਛਾ ਆਖਰੀ ਬੁਰਕੀ ਖਾ ਲੈ, ਮਾਂ ਦੇ ਨਾਮ ਦੀ"।

ਉਸ ਨੰਨ੍ਹੇ ਨੇ ਇੰਨੀ ਗੱਲ ਸੁੱਣ ਕੇ ਅੱਖਾਂ ਭਰ ਲਈਆਂ। ਤੇ ਬੁਰਕੀ ਵੀ ਮੂੰਹ ਵਿੱਚ ਪਾ ਲਈ।

"ਸੱਚੀਂ ਮੇਰੀ ਮਾਂ ਹੁੱਣ ਕਦੇ ਨੀ ਆਊਗੀ?"।

ਇੰਨੀ ਗੱਲ ਸੁਣ ਉਸ ਦੀ ਨਵੀਂ ਮਾਂ ਨੇ ਉਸਨੂੰ ਆਪਣੀ ਛਾਤੀ ਨਾਲ ਲਗਾ ਲਿਆ। ਓਹ ਵੀ ਰੋਣ ਲੱਗ ਪਈ।

ਰਾਤ ਨੂੰ ਪਤੀ ਪਤਨੀ ਦੋਵੇਂ ਗੱਲਾਂ ਕਰ ਰਹੇ ਸਨ।

"ਤੂੰ ਗੱਲ ਕੀਤੀ ਸੀ ਅੱਜ?"

"ਹਾਂ ਮੈਂ....."

ਇੰਨੇ ਨੂੰ ਦਰਵਾਜਾ ਖੜਕਿਆ।

"ਮੈਂ ਦੇਖਦੀ ਆਂ"।

ਜਦੋਂ ਦਰਵਾਜਾ ਖੋਲਿਆ ਤਾਂ ਬਾਹਰ ਆਪਣਾ ਟੈਡੀ ਬੀਅਰ ਹੱਥ ਵਿੱਚ ਲਈ ਓਹ ਮਾਸੂਮ ਖੜਾ ਸੀ।

"ਮੈਂ ਅੱਜ ਆਪਣੇ ਪਾਪਾ ਕੋਲ ਸੌਂ ਜਾਵਾਂ?"।

ਇਹ ਸੁਣਦੇ ਸਾਰ ਉਸਦੀ ਨਵੀਂ ਮਾਂ ਨੇ ਉਸਦਾ ਮੱਥਾ ਚੁੰਮਿਆ ਤੇ ਕਿਹਾ,"ਆਪਣੇ ਪਾਪਾ ਕੋਲ ਸੌਣ ਲਈ ਤੈਨੂੰ ਮੇਰੇ ਕੋਲੋਂ ਪੁੱਛਣ ਦੀ ਲੋੜ ਨੀ। ਜਦ ਮਰਜੀ ਆ ਜਾਇਆ ਕਰ"।

ਉਸਦੇ ਮਾਸੂਮ ਜਿਹੇ ਚਿਹਰੇ ਤੇ ਇਹ ਸੁਣ ਮੁਸਕੁਰਾਹਟ ਆ ਗਈ। ਓਹ ਖੁਸ਼ ਹੋਇਆ ਆਪਣੇ ਪਾਪਾ ਕੋਲ ਭੱਜ ਗਿਆ।

ਰਾਤ ਨੂੰ ਉਸ ਨੂੰ ਨਵੀਂ ਮਾਂ ਨੇ ਵੀ ਪਿੱਠ ਤੇ ਹੱਥ ਫੇਰ ਕੇ ਸੁਲਾਇਆ। ਅੱਧ ਸੁੱਤਾ ਹੀ ਓਹ ਬੋਲਣ ਲੱਗਾ, "ਮਾਂ! ਤੁਸੀਂ ਵਾਪਸ ਆ ਗਏ ਨਾ!"

ਕਹਿ ਉਸਦੀ ਅੱਖ ਵਿੱਚੋਂ ਇੱਕ ਹੰਝੂ ਵਹਿ ਤੁਰਿਆ। ਉਸਦੀ ਨਵੀਂ ਮਾਂ ਉਸਨੂੰ ਆਪਣੀ ਬੁੱਕਲ ਵਿੱਚ ਲੈਂਦੀ ਹੋਈ ਬੋਲੀ,

"ਹਾਂ ਬੇਟਾ, ਮੈਂ ਵਾਪਸ ਆ ਗਈ"।

—o—

**ਸਿਕੰਦਰ / ਸੋਮਾ ਕਲਸੀਆਂ**

ਕੋਠੀ ਦੀ ਡੋਰ ਵੈੱਲ ਵੱਜੀ, ਨੌਕਰ ਗੇਟ ਵੱਲ ਨੂੰ ਹੋ

ਤੁਰਿਆ।

ਮੈਂ ਲੌਬੀ ਵਿੱਚ ਬੈਠਾ, ਸਕਰੀਨ ਉੱਤੇ ਕਬੱਡੀ ਲੀਗ ਵੇਖ ਰਿਹਾ ਹਾਂ, ਕਬੱਡੀ ਲੀਗ ਦਾ ਹੀ ਅਸਰ ਹੈ ਕਿ ਪਿੰਡਾਂ ਸਹਿਰਾਂ ਵਿੱਚ ਵੀ ਕਬੱਡੀ ਦੇ ਟੂਰਨਾਮੈਂਟ ਧੜਾ ਧੜ ਹੋ ਰਹੇ ਹਨ, ਹੁਣ ਕਬੱਡੀ ਕੱਖਾਂ ਤੋਂ ਲੱਖਾਂ ਵਿੱਚ ਹੋ ਗਈ ਹੈ ਜਿਸ 'ਚ ਮੈਂ ਵੀ ਪੁਰਾਣਾ ਹੋ ਗਿਆ ਹਾਂ ਅਤੇ ਸਾਰੇ ਪੰਜਾਬ ਦੇ ਕਬੱਡੀ ਖਿਡਾਰੀ ਅਤੇ ਖੇਡ ਪਰਮੋਟਰ ਉਸਤਾਦਾਂ ਵਾਲਾ ਇੱਜ਼ਤ ਮਾਣ ਦਿੰਦੇ ਹਨ, ਹਰ ਰੋਜ ਕੋਈ ਨਾ ਕੋਈ ਕਬੱਡੀ ਟੂਰਨਾਮੈਂਟ ਵਾਲੇ ਸਨਮਾਨਿਤ ਕਰਨ ਦਾ ਸੱਦਾ ਦੇਣ ਲਈ ਅਕਸਰ ਆਉਂਦੇ ਰਹਿੰਦੇ ਹਨ।

ਜਦ ਨੌਕਰ ਨੇ ਕੋਠੀ ਦਾ ਮੇਨ ਗੇਟ ਖੋਲਿਆ ਤਾਂ ਦੇਖਦਾਂ ਹਾਂ ਕਿ ਸਿਕੰਦਰ ਮੇਰੀ ਕੋਠੀ ਦੇ ਅੰਦਰ ਨੂੰ ਆ ਰਿਹਾ ਹੈ। ਸਿਕੰਦਰ ਨੂੰ ਦੇਖਦੇ ਹੀ ਮੈਂ ਇਕਦਮ ਖੜ੍ਹਾ ਹੋ ਗਿਆ, ਮੇਰੇ ਦਿਮਾਗ ਵਿੱਚ ਕਬੱਡੀ ਜੀਵਨ ਦੇ ਸੁਰੂਆਤੀ ਦੌਰ ਦੀ ਸਾਰੀ ਕਹਾਣੀ ਘੁੰਮ ਗਈ।

ਸਿਕੰਦਰ ਮੇਰੇ ਨਾਲ ਹੀ ਪੜਦਾ ਸੀ। ਉਹ ਵੀ ਕਬੱਡੀ ਦਾ ਲਾਜਵਾਬ ਰੇਡਰ ਸੀ, ਕਮਾਲ ਦਾ ਫੁਰਤੀਲਾ, ਸਾਡੀ ਸਕੂਲ ਕਬੱਡੀ ਟੀਮ ਦਾ 'ਇੰਜਣ'। ਸਟੌਪਰ ਨੂੰ ਟੱਚ ਕਰਦਾ ਤੇ ਹਵਾ ਤੇ ਸਵਾਰ ਹੋ ਜਾਂਦਾ,ਕਈ ਕਈ ਵਾਰ ਤਾਂ ਸਟੌਪਰ ਦੇ ਸਿਰ ਉੱਤੋਂ ਦੀ ਛਾਲ ਮਾਰ ਜਾਂਦਾ ਪਰ ਕਦੇ ਕਿਸੇ ਦੇ ਹੱਥ ਨਾ ਆਉਂਦਾ। ਕਿੰਨੇ ਹੀ ਉਸਦੇ ਅਜਮਾਏ ਪੈਂਤਰਿਆਂ ਦੀ ਮੇਰੇ ਸਮੇਤ ਸਾਰੇ ਹੀ ਨਕਲ ਕਰਨ ਦੀ ਕੋਸ਼ਿਸ਼ ਕਰਦੇ।

ਸਕੂਲ ਛੱਡਣ ਤੋਂ ਬਾਅਦ ਮੈਂ ਤਾਂ ਕਾਲਜ ਦੇ ਨਾਲ-ਨਾਲ ਮਾਹਿਰ ਕੋਚਾਂ ਦੀ ਬਣਾਈ ਕਬੱਡੀ ਸਿਖਲਾਈ ਦੀ ਅਕੈਡਮੀ ਜੁਆਇਨ ਕਰ ਲਈ ਪਰ ਉਸ ਤੋਂ ਅਕੈਡਮੀ ਦੀ ਸਿਖਲਾਈ ਅਤੇ ਡਾਈਟ ਦੇ ਖਰਚੇ ਨਾ ਚੱਕੇ ਗਏ ਭਾਵੇਂ ਹਾਲਾਤਾਂ ਨੇ ਸਿਕੰਦਰ ਤੋਂ ਪੜਪਾਈ ਅਤੇ ਕਬੱਡੀ ਖੋਹ ਲਈਆਂ ਸਨ ਪਰ ਫਿਰ ਵੀ ਉਹ ਹੋਰਾਂ ਵਾਂਗ ਨਸ਼ਿਆਂ ਅਤੇ ਨਿਰਾਸ਼ਾ ਵੱਲ ਨਹੀਂ ਗਿਆ ਸੀ। ਉਹ ਆਪਣੇ ਬਾਪੂ ਨਾਲ ਹੀ ਰਾਜਗਿਰੀ ਦੇ ਕੰਮ ਉੱਤੇ ਜਾਣ ਲੱਗ ਗਿਆ ਸੀ ਫਿਰ ਕਬੀਲਦਾਰ ਹੋ ਕੇ ਬੱਚੇ ਪਾਲਣ ਲੱਗ ਗਿਆ। ਸਿਕੰਦਰ ਨੇ ਕਦੇ ਕੋਈ ਆਪਣੀ ਕਿਸਮਤ ਉੱਤੇ ਗਿਲਾ ਨਹੀਂ ਕੀਤਾ ਅਤੇ ਕਦੇ ਮੈਥੋਂ ਕਿਸੇ ਵੀ ਕਿਸਮ ਦੀ ਕੋਈ ਮੱਦਦ ਨਹੀਂ ਮੰਗੀ।

ਅੱਜ ਉਹਦੀ ਦਾਹੜੀ ਵਿਚਲੇ ਚਿੱਟੇ ਵਾਲ, ਅੰਦਰ ਨੂੰ ਧੱਸੀਆਂ ਅੱਖਾਂ ਅਤੇ ਗੱਲ੍ਹਾਂ ਦੇਖ, ਮੈਨੂੰ ਉਹ ਆਪਣੀ ਉਮਰ ਨਾਲੋਂ ਵੱਡੇਰੀ ਉਮਰ ਦਾ ਜਾਪਿਆ। ਜੇ ਕਿਤੇ ਉਹ ਕਬੱਡੀ ਨਾਲ ਜੁੜਿਆ ਰਹਿ ਸਕਦਾ ਤਾਂ ਬਹੁਤ ਵੱਡਾ ਸਟਾਰ ਹੁੰਦਾ ਪਰ ਅੱਜ ਮੇਰੇ ਸਾਹਮਣੇ ਇੱਕ ਹਾਰਿਆ ਜਿਹਾ ਆਦਮੀ ਤੁਰਿਆ ਆ ਰਿਹਾ ਸੀ। ਮੈਂ ਉਸਨੂੰ ਜੱਫੀ ਪਾਉਣਾ ਚਾਹੁੰਦਾ ਸੀ ਕਿੰਨੇ ਵਰਿਆਂ ਬਾਅਦ ਅਸੀਂ ਮਿਲੇ ਸੀ ਪਰ ਉਸਦੀ ਝਿਜਕ ਦੇਖ ਮੈਂ ਹੱਥ ਹੀ ਮਿਲਾਉਂਦੇ ਪੁੱਛਿਆ, "ਕਿੱਧਰ ਰਾਹ ਭੁੱਲ ਗਿਆ ਅੱਜ ?"

"ਨਹੀਂ ਵੀਰ ਰਾਹ ਤਾਂ ਨਹੀਂ ਭੁੱਲਿਆ, ਤੈਨੂੰ ਹੀ ਮਿਲਣ ਆਇਆ ਹਾਂ।" ਉਸਦੀਆਂ ਅੱਖਾਂ ਵਿੱਚ ਕੋਈ ਤਰਲਾ ਜਿਹਾ ਸੀ।

ਮੈਂ ਉਸਦੇ ਮਿਲਾਏ ਹੋਏ ਹੱਥ ਨੂੰ ਦੋਨੋ ਹੱਥਾਂ ਵਿੱਚ ਘੁੱਟਦੇ ਹੋਏ ਕਿਹਾ, "ਹਾਂ ਹਾਂ ਦੱਸ ਯਾਰ।"

"ਯਾਰ ਇੱਕ ਨਿੱਕੀ ਜਿਹੀ ਗੱਲ ਪੁੱਛਣੀ ਸੀ ਕਿ ਹੁਣ ਕਬੱਡੀ ਅਕੈਡਮੀ ਵਾਲੇ ਕਿੰਨਾ ਕੁ ਖਰਚਾ ਲੈਂਦੇ ਨੇ ਭਲਾ, ਤੇਰੀ ਤਾਂ ਜਾਣ ਪਛਾਣ ਹੈਗੀ ਬਹੁਤ ਥਾਈਂ, ਕਿਤੇ ਜਾਇਜ਼ ਜਿਹੀ ਫੀਸ ਵਿੱਚ ਗੱਲ ਕਰਾਦੇ ਯਾਰ।" ਉਹ ਇੱਕੋ ਸਾਹੇ ਬੋਲਦਾ ਗਿਆ।

"ਤੈਨੂੰ ਕੀ ਲੋੜ ਪੈ ਗਈ ਹੁਣ?" ਮੈਂ ਉਸਨੂੰ ਜਵਾਬ ਦੇਣ ਦੀ ਜਗ੍ਹਾਂ ਸਵਾਲ ਪੁੱਛਿਆ।

"ਆਪਾਂ ਤੇਰੇ ਭਤੀਜ ਨੂੰ ਭੇਜਣਾ ਓਥੇ, ਬਹੁਤ ਵਧੀਆ ਖਿਡਾਰੀ ਨਿਕਲਿਆ ਉਹ, ਦੇਖੀਂ ਤੇਰੇ ਵਾਂਗ ਪਿੰਡ ਦਾ ਨਾਮ ਚਮਕਾਊ।" ਉਸਦੇ ਬੋਲਾਂ ਵਿੱਚ ਤੇਜੀ ਅਤੇ ਉਤਸ਼ਾਹ ਸੀ। ਫਿਰ ਕੁਝ ਰੁਕ ਕੇ ਬੋਲਿਆ "ਯਾਰ ਆਪਾਂ ਉਹਨੂੰ ਅਕੈਡਮੀ ਜਰੂਰ ਭੇਜਣਾ, ਪੈਸੇ ਮੈਂ ਆਪੇ ਕਰਲੂੰ ਹੱਲ।"

ਉਹ ਗੱਲ ਭਾਵੇਂ ਮੇਰੇ ਨਾਲ ਕਰ ਰਿਹਾ ਸੀ ਪਰ ਉਸਦੀਆਂ ਅੱਖਾਂ ਮੈਥੋਂ ਪਾਰ ਕੁਝ ਹੋਰ ਦੇਖ ਰਹੀਆਂ ਸਨ।

ਮੈਂ ਉਸਨੂੰ ਯਕੀਨ ਦਿਵਾਇਆ ਕਿ ਉਹ ਬਿਲਕੁਲ ਵੀ ਫ਼ਿਕਰ ਨਾ ਕਰੇ, ਉਸਦਾ ਬੇਟਾ ਜਰੂਰ ਅਕੈਡਮੀ ਜੁਆਇਨ ਕਰੂਗਾ ਫਿਰ ਕਿੰਨਾ ਹੀ ਸਮਾਂ ਅਸੀਂ ਆਪਣੇ ਖੇਡਣ ਸਮੇਂ ਦੀਆਂ ਗੱਲਾਂ ਕਰਦੇ ਰਹੇ।

"ਚੰਗਾ ਫਿਰ ਮੈਂ ਚੱਲਦਾ।"

ਐਨਾ ਆਖ ਉਸਨੇ ਮੈਨੂੰ ਘੁੱਟਕੇ ਜੱਫ਼ੀ ਪਾਈ ਜਿਵੇਂ ਕਦੇ ਸਕੂਲ ਟਾਈਮ ਮੈਚ ਜਿੱਤਣ ਤੋਂ ਬਾਅਦ ਪਾਉਂਦਾ ਹੁੰਦਾ ਸੀ।

ਉਹ ਮੇਨ ਗੇਟ ਵੱਲ ਨੂੰ ਉਤਸ਼ਾਹੀ ਕਦਮਾਂ ਨਾਲ ਤੁਰਿਆ ਜਾਂਦਾ ਮੈਨੂੰ ਇੰਝ ਜਾਪਿਆ ਜਿਵੇਂ ਕੋਈ ਰੇਡਰ 'ਜ਼ਿੰਦਗੀ ਦੀ ਕਬੱਡੀ' ਵਾਲਾ ਮੈਚ ਖੇਡਣ ਲਈ ਫਿਰ ਵਾਰਮਅਪ ਹੋ ਰਿਹਾ ਹੋਵੇ।

—o—

# ਪਰਮਿੰਦਰ ਸਿੰਘ 'ਅਜੀਜ਼' ਦੀਆਂ ਤਿੰਨ ਗ਼ਜ਼ਲਾਂ

## ਗ਼ਜ਼ਲ-1

ਮੇਰੀ ਰੂਹ ਨੂੰ ਜੇ ਮਿਲਦੀ ਰਾਹਤ ਬਗ਼ੈਰ ਤੇਰੇ।
ਕਦੇ ਇਸ ਤਰ੍ਹਾਂ ਨਾ ਹੁੰਦੀ ਹਾਲਤ ਬਗ਼ੈਰ ਤੇਰੇ।
ਜਦੋਂ ਨਾਲ ਸੀ ਰੁਝੇਵੇਂ ਕਦੇ ਖ਼ਤਮ ਹੀ ਨਾ ਹੋਏ,
ਕਿਸ ਕੰਮ ਦੀ ਹੈ ਇਹ ਸਜਨਾ ਫ਼ੁਰਸਤ ਬਗ਼ੈਰ ਤੇਰੇ।
ਬਣ ਜਾਣਾ ਹੀ ਸੀ ਇਹਨਾਂ ਜਿੱਤਾਂ ਨੇ ਮਾਤ ਆਖ਼ਰ,
ਕਦੋਂ ਤੀਕ ਸਾਥ ਦਿੰਦੀ ਕਿਸਮਤ ਬਗ਼ੈਰ ਤੇਰੇ।
ਦਿਨ-ਰਾਤ, ਸ਼ਾਮ-ਸੁਬਹਾ ਤੈਨੂੰ ਸੋਚਦੇ ਹੀ ਰਹਿਣਾ,
ਚੰਗੀ ਹੈ ਜਾਂ ਹੈ ਮਾੜੀ ਆਦਤ ਬਗ਼ੈਰ ਤੇਰੇ।
ਮੇਰੇ ਵਿਚ ਨੇ ਐਬ ਲੱਖਾਂ ਤੇ ਪਤਾ ਨ੍ਹੀ ਕਿੰਨੀਆਂ ਕਮੀਆਂ,
ਭਲਾ ਕੌਣ ਮੈਨੂੰ ਕਰਦਾ ਮੁਹੱਬਤ ਬਗ਼ੈਰ ਤੇਰੇ।
ਜਿੱਥੇ ਲੋੜ ਮੈਨੂੰ ਹੋਣੀ ਝੱਟ ਹੋਣਾ ਓਥੇ ਹਾਜ਼ਰ,
ਏਨੀ ਹੋਰ ਕਿਸ ਨੇ ਕਰਨੀ ਖ਼ਿਦਮਤ ਬਗ਼ੈਰ ਤੇਰੇ।
ਕੋਈ ਬਣਿਆ ਹੋਇਆ ਕੰਮ ਵੀ ਕਈ ਵਾਰ ਵਿਗੜ ਜਾਂਦੈ,
ਪਹਿਲਾਂ ਵਾਂਗ ਹੁਣ ਰਹੀ ਨਾ ਬਰਕਤ ਬਗ਼ੈਰ ਤੇਰੇ।
ਕਦੇ ਇਹ ਵੀ ਸੀ ਇਰਾਦੇ ਦੁਨੀਆ ਹੀ ਬਦਲ ਦੇਣੀ,
ਹੁਣ ਨਹੀਂ 'ਅਜ਼ੀਜ਼' ਹੁੰਦੀ ਹਿੰਮਤ ਬਗ਼ੈਰ ਤੇਰੇ।

## ਗ਼ਜ਼ਲ-2

ਤੇਰੇ ਤੋਂ ਦੂਰ ਹੋ ਕੇ ਮੈਂ ਡਿੱਗਣ ਤੋਂ ਸੰਭਲਦਾ ਹਾਂ
ਨਾ ਉੱਥੇ ਤੂੰ ਬਦਲਦੀ ਹੈਂ ਨਾ ਇੱਥੇ ਮੈਂ ਬਦਲਦਾ ਹਾਂ।
ਨਹੀਂ ਭੁੱਲਿਆ ਕਦੇ ਕੋਈ ਮੁਹੱਬਤ ਦਾ ਪੜਾਅ ਮੈਨੂੰ
ਸਮੁੰਦਰ ਹਾਂ ਮੈਂ ਲੈ ਕੇ ਸਾਰਾ ਪਾਣੀ ਨਾਲ ਚਲਦਾ ਹਾਂ।
ਮੈਂ ਲਫ਼ਜ਼ਾਂ ਵਿੱਚ ਕਿਵੇਂ ਦੱਸਾਂ ਖੁਸ਼ੀ ਹੁੰਦੀ ਹੈ ਤਦ ਕਿੰਨੀ
ਕੋਈ ਜਦ ਇੰਞ ਕਹਿ ਦੇਵੇ, ਮੈਂ ਤੇਰੇ ਨਾਲ ਰਲਦਾ ਹਾਂ।
ਮੈਂ ਸ਼ਾਲਾ ਇੰਞ ਕਰ ਲੈਂਦਾ, ਤੇ ਰੱਬਾ ਇੰਞ ਨਾ ਕਰਦਾ
ਹੁਣ ਐਵੇਂ ਸੋਚਦਾ ਹਾਂ ਮੈਂ ਤੇ ਅਕਸਰ ਹੱਥ ਮਿਲਦਾ ਹਾਂ।
ਸੁਬਹ ਨੂੰ ਤੂੰ ਹਵਾ ਬਣ ਕੇ ਜੇ ਵਗਦੀ ਹੈਂ ਮੇਰੇ ਦਰ ਤੇ
ਤਾਂ ਸ਼ਾਮੀ ਤੇਰੇ ਬੂਹੇ ਮੈਂ ਵੀ ਸੂਰਜ ਬਣ ਕੇ ਢਲਦਾ ਹਾਂ।
ਜਦੋਂ ਹੁਣ ਵੇਖ ਕੇ ਵੀ ਮੈਨੂੰ ਤੂੰ ਗੌਲਦਾ ਹੀ ਨਹੀਂ
ਕਿਸੇ ਰੁੱਸੇ ਹੋਏ ਬੱਚੇ ਤਰ੍ਹਾਂ ਹੀ ਮੈਂ ਮਚਲਦਾ ਹਾਂ।
ਮੇਰੇ ਤੋਂ ਦੂਰ ਹੋ ਕੇ ਜਿੰਦ ਜੇ ਤੈਨੂੰ ਕੱਖ ਲਗਦੀ ਹੈ
'ਅਜ਼ੀਜ਼' ਮੇਰਿਆਂ ਮੈਂ ਵੀ ਤਾਂ ਦੀਵੇ ਵਾਂਗ ਬਲਦਾ ਹਾਂ।

## ਗ਼ਜ਼ਲ-3

ਗ਼ਮ, ਮੇਰੇ ਗ਼ਮਗੁਸਾਰ, ਘੱਟਦਾ ਨਹੀਂ।
ਦਿਲ ਮੇਰੇ ਦਾ ਗ਼ੁਬਾਰ ਘੱਟਦਾ ਨਹੀਂ।

ਖ਼ੁਦ ਨੂੰ ਮੈਂ ਦੂਰ ਕਰ ਲਿਆ ਫਿਰ ਵੀ
ਕੀ ਕਰਾਂ, ਦਿਲ 'ਚੋਂ ਪਿਆਰ ਘੱਟਦਾ ਨਹੀਂ।

ਪਿਆਰ ਹੀ ਬਣ ਜਏ ਇਬਾਦਤ ਜਦੋਂ,
ਚਾਹ ਕੇ ਵੀ ਇਹ ਯਾਰ ਘੱਟਦਾ ਨਹੀਂ।

ਦਰਦ ਦੀ ਹੈ ਹੁੰਦੀ ਅਗਰ ਰੁੱਤ ਖ਼ਿਜ਼ਾਂ
ਕਿਉਂ ਇਹ ਫਿਰ ਵਿੱਚ ਬਹਾਰ ਘੱਟਦਾ ਨਹੀਂ?

ਕੀ ਪਤਾ ਕਿਹੜੇ ਜਨਮ ਦੇ ਲੇਖੇ ਨੇ?
ਰੂਹ ਤੋਂ ਜਿਹੜਾ ਭਾਰ ਘੱਟਦਾ ਨਹੀਂ।

ਸਾਹਾਂ ਵਾਂਗ ਤੇਰੀ ਯਾਦ ਆਉਂਦੀ ਹੈ,
ਇਹ ਕਦੇ ਕਾਰੋਬਾਰ ਘੱਟਦਾ ਨਹੀਂ।

ਜੇ ਨਾ ਹੁਣ ਤੇਰੀ ਯਾਦ ਆਵੇ 'ਅਜ਼ੀਜ਼'
ਦਿਲ ਮੇਰਾ ਵਾਰ-ਵਾਰ ਘੱਟਦਾ ਨਹੀਂ।

# ਡਾ. ਹਰਭਜਨ ਸਿੰਘ ਕਪੂਰਥਲਾ ਦੀਆਂ ਦੋ ਕਵਿਤਾਵਾਂ




**ਡਾ. ਹਰਭਜਨ ਸਿੰਘ ਕਪੂਰਥਲਾ**
ਫੋਨ - 98880-81234


## ਪਿਆਰ ਵਾਲੀ ਗੱਲ

ਅੱਜ ਕਰ ਲੈ ਤੂੰ ਸਾਡੇ ਪਿਆਰ ਵਾਲੀ ਗੱਲ।
ਜਾਂ ਕਰ ਕੋਈ ਕੌਲ ਇਕਰਾਰ ਵਾਲੀ ਗੱਲ।

ਹੁਣ ਗੁੱਸੇ ਗਿਲੇ ਨਖ਼ਰੇ ਤੇ ਦੂਰੀਆਂ ਨਿਬੇੜ,
ਆ ਜਾ ਬੈਠ ਕੋਲ ਕਰ ਦਿਲਦਾਰ ਵਾਲੀ ਗੱਲ।

ਤੇਰੇ ਤਾਹਨਿਆਂ ਤੇ ਮਿਹਨਿਆਂ ਨੇ ਜਿੰਦ ਖਾ ਲਈ,
ਹੁਣ ਕਰੀਂ ਨਾਂ ਤੂੰ ਕੋਈ ਤਕਰਾਰ ਵਾਲੀ ਗੱਲ।

ਜੋ ਦਿਲ ਤੇਰਾ ਕਹੇ ਉਹ ਲਿਖ ਕੇ ਦੇਈਂ,
ਹੁਣ ਰਹੀ ਨਹੀਂ ਕੋਈ ਇਤਬਾਰ ਵਾਲੀ ਗੱਲ।

ਤੈਨੂੰ ਜਦ ਵੀ ਉਹ ਪੁੱਛਿਆ ਕਿ ਮਰਾਂ ਕਿ ਜੀਆਂ,
ਤੂੰ ਹਰ ਵਾਰੀ ਕੀਤੀ ਵਿਚਕਾਰ ਵਾਲੀ ਗੱਲ।

ਜੀਹਨੇ ਕੰਡਿਆਂ ਤੇ ਰੋੜਿਆਂ ਤੇ ਜਿੰਦ ਹੈ ਬਿਤਾਈ,
ਉਹ ਕਿੰਜ ਕਰ ਸਕੇਗਾ ਬਹਾਰ ਵਾਲੀ ਗੱਲ।

ਜੇ ਤੂੰ ਚੱਲਣਾ ਏ ਚੱਲ, ਡੂੰਘੇ ਪਾਣੀਆਂ 'ਚ ਠਿੱਲ,
ਬਾਕੀ ਲਹਿਰਾਂ ਉੱਤੇ ਛੱਡ ਉਸ ਪਾਰ ਵਾਲੀ ਗੱਲ।

## ਸਜਦਾ

ਆਉਂਦਾ ਜਾਂਦਾ ਹਰ ਬੰਦੇ ਨੂੰ ਸਜਦਾ ਕਰਦਾ ਜਾਵਾਂ।
ਫੇਰ ਪਤਾ ਨਹੀਂ ਇਸ ਦੁਨੀਆਂ ਤੇ ਆਵਾਂ ਕੇ ਨਾ ਆਵਾਂ।

ਜਿਹੜੇ ਆਕੜ ਕੇ ਰਹਿੰਦੇ ਉਹ ਘੜੀਆਂ ਵਿੱਚ ਟੁੱਟ ਜਾਂਦੇ
ਬਚਦੇ ਉਹ ਜੋ ਨਿੰਵ ਜਾਂਦੇ ਜਦ ਵਗਦੀਆਂ ਤੇਜ਼ ਹਵਾਵਾਂ।

ਦਿਨ ਚੜ੍ਹਿਆ ਤਾਂ ਮਿੱਤਰ ਬੋਲੀ ਹੱਸ ਹੱਸ ਨੇੜੇ ਬਹਿੰਦੇ
ਸੂਰਜ ਢਲਿਆਂ ਛੱਡ ਜਾਂਦਾ ਏ ਆਪਣਾ ਹੀ ਪਰਛਾਵਾਂ।

ਏਥੇ ਕੌੜੇ ਰਾਖ਼ਸ਼ ਵਰਗੇ ਸੱਜਣ ਠੱਗ ਨੇ ਰਹਿੰਦੇ
ਕੱਛ ਵਿੱਚ ਛੁਰੀ ਲ ਕੋ ਕੇ ਮਿਲਦੇ ਜਿਧਰ ਵੀ ਮੈਂ ਜਾਵਾਂ।

ਜੋਬਨ ਰੁੱਤੇ ਰੰਗ ਬਿਰੰਗੇ ਫੁੱਲ ਜਦੋਂ ਸੀ ਖਿੜਨੇ
ਐਸੀ ਵਗੀ ਹਨੇਰੀ ਰਹਿ ਗਿਆ ਪੱਤਰ ਟਾਵਾਂ-ਟਾਵਾਂ।

ਨਾਂ ਗਲੀਆਂ ਵਿੱਚ ਬੱਚੇ ਖੇਡਣ ਨਾਂ ਪੀਂਘਾਂ ਨਾਂ ਮੇਲੇ
ਜਾਂ ਮੈਂ ਤੇਰਾ ਨਾਂਅ ਭੁੱਲ ਗਿਆ ਜਾਂ ਤੇਰਾ ਸਿਰਨਾਵਾਂ।

ਬੁੱਢੇ ਝੁਰੜੇ ਬੁੱਲ੍ਹਾਂ ਉੱਤੇ ਮੌਤ ਜਿਹਾ ਸੰਨਾਟਾ
ਜਿਉਂ ਪੁੱਤਰ ਉਡੀਕਦੀਆਂ ਨੇ ਕਈ ਸਦੀਆਂ ਤੋਂ ਮਾਵਾਂ।

ਜਿਉਂਦੇ ਜੀਅ ਤਾਂ ਕਦਰ ਨਹੀਂ ਕੋਈ ਪੁੱਛ ਨਾਂ ਹੀ ਪਰਤੀਤ
ਜਦ ਮਰ ਜਾਈਏ ਪੁੱਛਦੇ ਫਿਰਦੇ ਰੂਹਾਂ ਦਾ ਸਿਰਨਾਵਾਂ।

***

# ਪੰਜਾਬ ਦੀ ਵਿਰਾਸਤ ਤੇ ਵਰਤਮਾਨ ਦੀ ਕਵਿਤਾ : ਦੇਸ ਹੋਇਆ ਪ੍ਰਦੇਸ

ਡਾ ਮੋਹਿੰਦਰ ਸਿੰਘ ਰਾਏ ਇਕ ਅਨੁਭਵੀ ਮਨੁੱਖ ਹੋਣ ਦੇ ਨਾਲ ਨਾਲ ਇਕ ਸ਼ਾਇਰ ਵਜੋਂ ਵੀ ਅਪਨੀ ਪਛਾਣ ਬਣਾ ਰਹੇ ਹਨ। ਜੂਹ ਵਿੱਚ ਰੂਹ ਕਾਵਿ ਸੰਗ੍ਰਹਿ ਤੋਂ ਕਰੀਬ ਇੱਕ ਦਹਾਕੇ ਬਾਅਦ ਉਨ੍ਹਾਂ ਦਾ ਇਹ ਤਾਜ਼ਾ ਕਾਵਿ ਸੰਗ੍ਰਹਿ ਛਪ ਰਿਹਾ ਹੈ। ਇਸ ਵਡ ਆਕਾਰੀ ਕਾਵਿ ਸੰਗ੍ਰਹਿ ਵਿੱਚ ਉਨ੍ਹਾਂ ਅਨੇਕ ਰੰਗਾਂ ਦੀ ਕਵਿਤਾ ਲਿਖੀ ਹੈ। ਇੱਥੇ ਸਿੱਖ ਇਤਿਹਾਸ ਤੇ ਸਿੱਖ ਜੀਵਨ-ਜੁਗਤ ਦੇ ਪ੍ਰਗਟਾਵੇਂ ਦੀ ਕਵਿਤਾ ਵੀ ਪੜ੍ਹਨ ਨੂੰ ਮਿਲੇਗੀ, ਕਿਸਾਨੀ ਸੰਘਰਸ਼ ਦੀਆਂ ਕਵਿਤਾਵਾਂ ਵੀ, ਪੰਜਾਬੀ ਸੱਭਿਆਚਾਰ ਦੀਆਂ ਰੰਗਲੀਆਂ ਝਾਕੀਆਂ ਵੀ ਤੇ ਰੁਮਾਂਸਵਾਸੀ ਰੰਗ ਦੀਆਂ ਕਵਿਤਾਵਾਂ ਵੀ ਪੜ੍ਹੀਆਂ ਜਾ ਸਕਦੀਆਂ ਹਨ। ਕਹਿਣ ਦਾ ਭਾਵ ਹੈ ਕਿ ਇਹ ਵਿਸ਼ਾ ਵਿਭਿੰਨਤਾ ਦਾ ਕਾਵਿ ਹੈ ਤੇ ਕਵੀ ਨੇ ਹਰ ਵਿਸ਼ੇ ਨਾਲ ਇਨਸਾਫ਼ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ। ਬਜ਼ਾਤੇ ਖੁਦ ਕਿਉਂਕਿ ਉਹ ਸਿੱਖ ਜੀਵਨ ਜਾਚ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ ਤਾਂ ਇਸ ਵਿਚਾਰਧਾਰਕ ਰੰਗ ਦੀਆਂ ਕਵਿਤਾਵਾਂ ਵਧੇਰੇ ਸਪਸ਼ਟ ਤੇ ਗੂੜ੍ਹੇ ਕਾਵਿ ਰੰਗ ਵਿੱਚ ਰੰਗੀਆਂ ਹੋਈਆਂ ਹਨ। ਅਜਿਹੀਆਂ ਕਵਿਤਾਵਾਂ ਉਸ ਨੇ ਸਵੈ ਸਿਰਜਕ ਨਵੀਨ ਬੰਧਿਸ਼ਾਂ ਵਿੱਚ ਵੀ ਲਿਖੀਆਂ ਹਨ ਤੇ ਕਈ ਥਾਵਾਂ ਤੇ ਪੁਰਾਤਨ ਪੰਜਾਬੀ ਛੰਦਾਂ ਦੀ ਵਰਤੋਂ ਵੀ ਕੀਤੀ ਹੈ, ਅਜਿਹੀਆਂ ਕੁੱਝ ਮਿਸਾਲਾਂ ਹੇਠਾਂ ਪੇਸ਼ ਹਨ :

ਸੱਦ : ਮੈਂ ਨਾਜ਼ਕ ਵੇਲ ਸੰਦਲੀ, ਟੀਸੀ ਚੜ੍ਹੀ ਲਪੇਟੇ ਘੱਤ
ਫੁੱਲ ਮੇਰੇ ਮਹਿਕਾਂ ਵੰਡਦੇ, ਮਖਮਲੀ ਮੇਰੇ ਪੱਤ
ਗਹਿਣੇ ਗੱਟੇ ਸ਼ਰਮ ਹਯਾ ਦੇ, ਮੇਰਾ ਮਾਣ ਏ ਜਤ ਸਤ
ਮੈਂ ਹੁਸਨ ਬੋਲਾਂ ਪੰਜਾਬ ਦਾ, ਬੜੀ ਉੱਚੀ ਰੱਖਦਾਂ ਮੱਤ

ਬੈਂਤ : ਕਲਮ ਫੜੀਏ ਤਾਂ ਲਿਖ ਗ੍ਰੰਥ ਦਈਏ
ਤਲਵਾਰ ਫੜੀਏ ਤਾਂ ਜ਼ੁਲਮ ਮਿਟਾ ਦਈਏ
ਗੁਰੂ ਗ੍ਰੰਥ ਅਤੇ ਗੁਰੂ ਹੈ ਪੰਥ ਸਾਡਾ
ਆਤਮਾਂ ਗ੍ਰੰਥ ਅਤੇ ਸਰੀਰ ਵਿੱਚ ਪੰਥ ਕਹੀਏ

ਉਪਰੋਕਤ ਛੰਦਾਂ ਤੋਂ ਇਲਾਵਾ ਉਸ ਨੇ ਦੋ ਤੁਕੇ ਗੀਤ ਵੀ ਲਿਖੇ ਹਨ ਜੋ ਆਪਣੀ ਮਿਸਾਲ ਆਪ ਹਨ। ਪਰੰਪਰਿਕ ਗੀਤਕਾਰੀ ਵਿੱਚ ਵੀ ਉਸ ਨੂੰ ਵਾਹਵਾ ਮੁਹਾਰਥ ਹਾਸਿਲ ਹੈ ਜਿਸ ਦੀਆਂ ਕੁੱਝ ਮਿਸਾਲਾਂ ਹੇਠਾਂ ਪੇਸ਼ ਹਨ :


**ਦੋ ਤੁਕਾ ਗੀਤ :**
ਚੁਗਲਖੋਰ ਨਾ ਮਿਤ ਕਿਸੇ ਦੇ ਇਹਨਾਂ ਦੀ ਨਾ ਸੁਣੀਏ
ਤੇਰੀ ਜਾ ਕਿਤੇ ਹੋਰ ਕਰਨਗੇ ਇਹ ਸਦਾ ਨਿਗੁਣੀਏ
ਛੱਡ ਈਰਖਾ ਅਤੇ ਗੁੱਸੇ ਨੂੰ, ਨਹੀਂ ਤਾਂ ਹੋ ਜਾਵੇਂਗਾ ਰੋਗੀ
ਆਪਣੀ ਖਾਤਿਰ ਮਾਫੀ ਦੇ ਜੇ ਰੱਖਣੀ ਜ਼ਿੰਦਗੀ ਜੀਣੇ ਜੋਗੀ

**ਮੁੱਖੜਾ ਅੰਤਰਾ ਗੀਤ :**
ਮਾਘ ਫਗਣ ਦੀ ਨਿੱਘੀ ਧੁੱਪੇ, ਜ਼ਿਹਨ ਮੇਰੇ ਦੇ ਆਵੇ
ਪੱਕ ਪੱਕ ਰੂਪ ਚੜ੍ਹਾਈ ਜਾਂਦੇ, ਇਹ ਮਿੱਟੀ ਦੇ ਬਾਵੇ
ਅੰਬਰ ਦੇ ਉਸ ਨੀਲੇ ਪਾਣੀ ਚਿੱਟੇ ਹੰਸ ਤਰੇਂਦੇ
ਚੁਣ ਚੁਣ ਸੁੱਟਣ ਸ਼ਬਦਾਂ ਦੇ ਮੋਤੀ, ਹੰਸ ਕੇਲ ਕਰੇਂਦੇ
ਘੁੱਟ ਲਿਆ ਹੈ ਸਾਹ ਹਵਾ ਨੇ ਕਿ ਪੱਤਾ ਨਾ ਹਿੱਲ ਜਾਵੇ
ਮਾਘ ਫਗਣ ਦੀ ਨਿੱਘੀ ਧੁੱਪੇ, ਜ਼ਿਹਨ ਮੇਰੇ ਦੇ ਆਵੇ।

ਇਸ ਤਰ੍ਹਾਂ ਅਸੀਂ ਵੇਖ ਸਕਦੇ ਹਾਂ ਕਿ ਅੰਤਾਂ ਦੀ ਰਵਾਨੀ ਦੇ ਨਾਲ ਨਾਲ ਕਿਵੇਂ ਉਸਦੇ ਗੀਤਾਂ ਚੋਂ ਪ੍ਰਕਿਰਤੀ ਚਿੱਤਰਨ ਰਾਹੀਂ ਸ਼ਿੰਗਾਰ ਰਸ ਡੁੱਲ੍ਹ ਡੁੱਲ੍ਹ ਪੈਂਦਾ ਹੈ। ਅਜਿਹੀ ਕਾਵਿਕ ਅਮੀਰੀ ਅਜੋਕੀ ਪ੍ਰਵਾਸੀ ਕਵਿਤਾ ਚੋਂ ਘੱਟ ਹੀ ਦੇਖਣ ਪੜ੍ਹਨ ਨੂੰ ਮਿਲਦੀ ਹੈ। ਪ੍ਰਕਿਰਤੀ ਦਾ ਅਜਿਹਾ ਸੁਹਜ ਤੇ ਸਹਿਜ ਇਸ ਸੰਗ੍ਰਹਿ ਦੀ ਲਗਪਗ ਹਰ ਕਵਿਤਾ ਚੋਂ ਪੜ੍ਹਨ ਤੇ ਮਾਨਣ ਨੂੰ ਮਿਲ ਜਾਂਦਾ ਹੈ।

ਇਸ ਸੰਗ੍ਰਹਿ ਵਿੱਚ ਉਸਨੇ ਗ਼ਜ਼ਲ ਉਪਰ ਵੀ ਹੱਥ ਅਜ਼ਮਾਈ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਮੇਰਾ ਪ੍ਰਭਾਵ ਇਹ ਹੈ ਗ਼ਜ਼ਲ ਕਹਿਣ ਵਿੱਚ ਹਾਲੇ ਉਸ ਨੂੰ ਬੜੀ ਕਠੋਰ ਤੱਪਸਿਆ ਕਰਨੀ ਪੈਣੀ ਹੈ। ਗੀਤ ਤੇ ਕਵਿਤਾਵਾਂ ਵਿੱਚ ਉਸ ਦੀ ਕਾਵਿ ਸਮਰੱਥਾ ਸਿਰ ਚੜ੍ਹ ਬੋਲ ਰਹੀ ਹੈ ਤੇ ਇਹਨਾਂ ਕਾਵਿ ਰੂਪਾਂ ਵਿੱਚ ਉਸਨੇ ਬੜੇ ਉੱਤਮ ਕਾਵਿ ਦਾ ਸਿਰਜਣ ਕੀਤਾ ਹੈ। ਉਮੀਦ ਕਰਦਾ ਹਾਂ ਕਿ ਪਾਠਕ ਉਸਦੇ ਹਰ ਕਾਵਿ ਰੰਗ ਨੂੰ ਮਾਣਦੇ ਹੋਏ ਲਾਭ ਪ੍ਰਾਪਤ ਕਰਨਗੇ ਤੇ ਉਸਦੀ ਇਹ ਕਾਵਿ-ਘਾਲਣਾ ਬਿਰਥੀ ਨਹੀਂ ਜਾਵੇਗੀ। ਮੈਂ ਉਸਦੀ ਸਿੱਖ-ਵਿਚਾਰਧਾਰਾ ਪ੍ਰਤੀ ਪ੍ਰਤੀਬਧਤਾ ਨੂੰ ਸਲਾਮ ਕਰਦਾ ਹਾਂ ਤੇ ਉਮੀਦ ਕਰਦਾ ਹਾਂ ਕਿ ਬਹੁਤ ਜਲਦ ਹੀ ਉਹ ਗੁਰਬਾਣੀ ਵਿਚਲੀ ਅਧਿਆਤਮਿਕਤਾ ਨੂੰ ਸਮਝ ਕੇ, ਜਿਸ ਵਿੱਚ ਆਪਸੀ ਪ੍ਰੇਮ, ਸਾਂਝ ਅਤੇ ਭਰਾਤ੍ਰੀਭਾਵ ਦਾ ਹੋਕਾ ਦਿੱਤਾ ਗਿਆ ਹੈ, ਉਸ ਨੂੰ ਆਪਣੇ ਕਾਵਿ ਦਾ ਹਿੱਸਾ ਬਣਾ ਕੇ ਇਸ ਤੋਂ ਵੀ ਵਧੇਰੇ ਸ਼ਿੱਦਤ ਨਾਲ ਪੇਸ਼ ਕਰੇਗਾ ਜਿੱਥੇ ਪਹੁੰਚ ਕੇ ਧਰਮਾਂ-ਮਜ਼ਹਬਾਂ ਦੇ ਬਖੇੜੇ ਵੀ ਮੁੱਕ ਜਾਂਦੇ ਹਨ। ਇਹੋ ਸਾਡੀ ਅਸਲ ਵਿਰਾਸਤ ਹੈ ਜਿੱਥੇ ਕਿਸੇ ਦੂਸਰੇ ਦੇ ਧਰਮ ਨੂੰ ਬਚਾਉਣ ਖਾਤਿਰ ਸੀਸ ਦਿੱਤਾ ਜਾਂਦਾ ਹੈ, ਸਰਬੰਸ ਵਾਰਿਆ ਜਾਂਦਾ ਹੈ। ਅਜਿਹੇ ਅਕੀਦੇ ਨੂੰ ਮੈਂ ਸਲਾਮ ਕਰਦਾ ਜਿਸ ਦੀ ਸੱਚੀ ਕਦਰ ਇਸ ਕਿਤਾਬ ਦਾ ਲੇਖਕ ਵੀ ਕਰਦਾ ਹੈ। ਧੰਨਵਾਦੀ ਹਾਂ ਯੂਰਪੀ ਪੰਜਾਬੀ ਸੱਥ ਵਾਲਸਲ (ਯੂ.ਕੇ.) ਦੇ ਸੰਚਾਲਕ ਸ. ਮੋਤਾ ਸਿੰਘ ਸਰਾਏ ਤੇ ਪੰਜਾਬੀ ਸੱਥ ਭੰਗਾਲਾ ਮੰਜਕੀ ਦੇ ਸੰਚਾਲਕ ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ ( ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ, ਨਵਾਂ ਸ਼ਹਿਰ ) ਦਾ ਜਿਨ੍ਹਾਂ ਨੇ ਇਹ ਖ਼ੂਬਸੂਰਤ ਕਵਿਤਾਵਾਂ ਪੜ੍ਹਨ ਦਾ ਅਵਸਰ ਪ੍ਰਦਾਨ ਕੀਤਾ। ਸਰਾਏ ਭਰਾਵਾਂ ਦੀ ਇਸ ਜੋੜੀ ਦੀ ਅਕੀਦਤ ਨੂੰ ਵੀ ਮੈਂ ਸਲਾਮ ਕਰਦਾ ਹਾਂ ਜੋ ਪੰਜਾਬੀ ਸਾਹਿਤ ਪ੍ਰਕਾਸ਼ਨ ਦੇ ਖੇਤਰ ਵਿੱਚ ਆਪਣੀ ਵੱਡੀ ਭੂਮਿਕਾ ਨਿਭਾਅ ਰਹੇ ਹਨ। ਇਸ ਪੁਸਤਕ ਦੇ ਪ੍ਰਕਾਸ਼ਨ ਤੇ ਮੇਰੇ ਵਲੋਂ ਬਹੁਤ ਬਹੁਤ ਵਧਾਈ।


-ਡਾ ਰਾਮ ਮੂਰਤੀ




ਕਥਾ
ਇੱਕ ਪਿੰਡ ਦੀ
ਡਾ. ਰਾਮ ਮੂਰਤੀ




ਨਸ਼ਾ, ਨਸ ਤੇ ਜਵਾਨੀ
ਸੰਜੀਵ ਸਿੰਘ ਸੈਣੀ

रचनांजलि
Rachnanjli ਰਚਨਾਂਜਲੀ
वर्ष 1
अंक 1
त्रैमासिक
अक्तूबर, नवंबर, दिसंबर 2025
मूल्य: मानार्थ


ਦੇਸ ਹੋਇਆ ਪ੍ਰਦੇਸ
ਡਾ. ਮੁਹਿੰਦਰ ਸਿੰਘ ਰਾਏ


| Apni Aawaaz | Volume 5 | Issue 2 | February 2026 | RNI : PUNPUN/2022/82997 |
|---|---|---|---|---|










Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 01/02/2026*

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।*
*ਸੰਪਾਦਕ - ਡਾ. ਰਾਮ ਮੂਰਤੀ*
*ਪ੍ਰਕਾਸ਼ਕ ਮਿਤੀ : 01/02/2026*